ੴ ਵਾਹਿਗੁਰੂ ਜੀ ਕੀ ਫ਼ਤਹ॥

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦਾ

ਮਾਸਿਕ ਪੱਤਰ

# ਗੁਰਦੁਆਰਾ ਗਜ਼ਟ

ਵੈਸਾਖ ਨਾਨਕਸ਼ਾਹੀ ਸੰਮਤ ੫੪੯
ਅੰਕ ੪ ਜਿਲਦ ੯੪
ਅਪ੍ਰੈਲ ੨੦੧੭

ਸੰਪਾਦਕ ਦਿਲਜੀਤ ਸਿੰਘ 'ਬੇਦੀ'

ਸਹਾਇਤਾ

| ਦੇਸ਼ | ਵਿਦੇਸ਼ |
|---|---|
| ਸਾਲਾਨਾ ੨੦/- | ਸਾਲਾਨਾ ੫੦੦/- |
| ਲਾਈਫ਼ ੨੦੦/- | (ਹਵਾਈ ਡਾਕ) |

***Website : www.sgpc.net***
***E-mail : gurdwaragazette@gmail.com***
***info@sgpc.net***

***Phone: 0183-255 3956-60, Ext. 254***

## ਜ਼ਰੂਰੀ ਬੇਨਤੀ

ਸੰਗਤਾਂ ਦੀ ਸਹੂਲਤ ਨੂੰ ਮੁੱਖ-ਰਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਬਿਰਧ ਸਰੂਪਾਂ ਦੀ ਸਾਂਭ-ਸੰਭਾਲ 'ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ', ਗੁਰਦੁਆਰਾ ਸ੍ਰੀ ਰਾਮਸਰ ਸਾਹਿਬ (ਨਜ਼ਦੀਕ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ 'ਸ਼ਹੀਦ') ਵਿਖੇ ਕਰਨ ਦਾ ਫ਼ੈਸਲਾ ਕੀਤਾ ਹੈ। ਪਾਵਨ ਬਿਰਧ ਸਰੂਪ ਲੈ ਕੇ ਆਈਆਂ ਸੰਗਤਾਂ ਇਥੋਂ ਹੀ ਪਾਵਨ ਸਰੂਪ ਵੀ ਪ੍ਰਾਪਤ ਕਰ ਸਕਦੀਆਂ ਹਨ। ਸੋ ਸਮੂਹ ਸੰਗਤਾਂ ਦੀ ਸੇਵਾ ਵਿਚ ਬਿਨੈ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਬਿਰਧ ਸਰੂਪ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਲਿਆਉਣ ਦੀ ਕ੍ਰਿਪਾਲਤਾ ਕਰਨ।

ਗੁਰੂ-ਪੰਥ ਦਾ ਦਾਸ,
ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਕੇਂਦਰੀ ਲਾਇਬ੍ਰੇਰੀ ਕਮੇਟੀ ਅਤੇ ਸੰਚਾਲਕ ਲੋਕ ਸੰਪਰਕ ਵਿਭਾਗ ਚੰਡੀਗੜ੍ਹ ਦੀ ਚਿੱਠੀ ਨੰ: ਲ. ਸ. ਵ. (ਲਾਇਬ)-੬੮/੧੦੨੫੯ ਮਿਤੀ ੨੦-੬-੬੭ ਰਾਹੀਂ ਸਰਕਾਰੀ ਲਾਇਬ੍ਰੇਰੀਆਂ ਲਈ ਪ੍ਰਵਾਨ ਹੈ।

ਗੋਲਡਨ ਆਫਸੈੱਟ ਪ੍ਰੈੱਸ, ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ **ਦਿਲਜੀਤ ਸਿੰਘ** ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫ਼ਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਤੋਂ ਜਾਰੀ ਕੀਤਾ।

***ਪ੍ਰਤੀ ਕਾਪੀ 2/-ਰੁਪਏ***

# ਲੇਖ ਸੂਚੀ

| *ਲੇਖ* | *ਪੰਨਾ* |
|---|---|
| ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਪਵਿੱਤਰ ਮਰਯਾਦਾ | ੪ |
| ਇਤਿਹਾਸਕ ਦਿਹਾੜੇ | ੫ |
| ਗੁਰਬਾਣੀ ਵਿਚਾਰ | ੭ |
| ਸੰਪਾਦਕੀ | ੮ |
| ਖ਼ਾਲਸੇ ਦੀ ਮਹਾਨਤਾ *-ਪ੍ਰੋ. ਕਿਰਪਾਲ ਸਿੰਘ ਬਡੂੰਗਰ* | ੧੦ |
| ਪੰਜ ਪਿਆਰਿਆਂ ਦਾ ਅਦੁੱਤੀ ਸੰਕਲਪ *-ਡਾ. ਜਸਪਾਲ ਸਿੰਘ* | ੧੫ |
| ਨਸੀਹਤ *-ਸ. ਇੰਦਰ ਮੋਹਣ ਸਿੰਘ 'ਅਨਜਾਣ'* | ੧੮ |
| ਕਵਿਤਾ | ੩੨ |
| ਖ਼ਬਰਨਾਮਾ | ੩੩ |
| ਸੇਵਾ ਸਰਗਰਮੀਆਂ | ੬੦ |
| ਕਾਰਵਾਈ (ਬਜਟ ਅਜਲਾਸ) | ੬੨ |
| ਹਿਸਾਬ-ਕਿਤਾਬ | ੯੧ |
| ***English Section*** | |
| Historical Events | *99* |
| Sri Guru Gobind singh Ji *- S. Surjit Singh 'Gandhi'* | 101 |

ੴ ਸਤਿਗੁਰ ਪ੍ਰਸਾਦਿ॥

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਪਵਿੱਤਰ ਮਰਯਾਦਾ

## (ਮਹੀਨਾ ਵੈਸਾਖ)

| | |
|---|---|
| * ਕਿਵਾੜ ਖੁੱਲ੍ਹਣ ਦਾ ਸਮਾਂ | ੨-੧੫ ਵਜੇ ਅੰਮ੍ਰਿਤ ਵੇਲੇ |
| * ਕੀਰਤਨ ਆਰੰਭ | ੨-੧੫ ਵਜੇ ਅੰਮ੍ਰਿਤ ਵੇਲੇ |
| * ਆਸਾ ਦੀ ਵਾਰ ਦਾ ਕੀਰਤਨ ਆਰੰਭ | ੩-੧੫ ਵਜੇ ਸਵੇਰੇ |
| * ਪਾਲਕੀ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਚੱਲਣ ਦਾ ਸਮਾਂ | ੪-੧੫ ਵਜੇ ਸਵੇਰੇ |
| * ਪਹਿਲਾ ਹੁਕਮਨਾਮਾ | ੪-੪੫ ਵਜੇ ਸਵੇਰੇ |
| * ਪਹਿਲੀ ਅਰਦਾਸ | ੫-੧੫ ਵਜੇ ਸਵੇਰੇ |
| * ਸ੍ਰੀ ਆਸਾ ਦੀ ਵਾਰ ਦੀ ਸਮਾਪਤੀ | ੬-੧੫ ਵਜੇ ਸਵੇਰੇ |
| * ਦੂਸਰੀ ਅਰਦਾਸ ਤੇ ਹੁਕਮਨਾਮਾ | ੬-੩੦ ਵਜੇ ਸਵੇਰੇ |

* ਸ਼ਾਮ ਨੂੰ ਸੋਦਰੁ, ਰਹਰਾਸਿ ਸਾਹਿਬ ਦਾ ਪਾਠ ਸੂਰਜ ਛਿਪਣ ਉਪਰੰਤ ਸ਼ੁਰੂ ਹੁੰਦਾ ਹੈ।

| | |
|---|---|
| * ਹੁਕਮਨਾਮਾ ਰਾਤ ਨੂੰ ਸਮਾਪਤੀ ਸਮੇਂ | ੧੦-੧੫ ਵਜੇ ਰਾਤ |
| * ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਪਾਲਕੀ ਸਾਹਿਬ ਚੱਲਣ ਦਾ ਸਮਾਂ | ੧੦-੩੦ ਵਜੇ ਰਾਤ |
| * ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚਣ ਦਾ ਸਮਾਂ | ੧੦-੪੫ ਵਜੇ ਰਾਤ |

* ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਕਿਵਾੜ ਖੁੱਲ੍ਹਣ ਤੋਂ ਲੈ ਕੇ ਸਮਾਪਤੀ ਤਕ ਅਖੰਡ ਕੀਰਤਨ ਹੁੰਦਾ ਰਹਿੰਦਾ ਹੈ।
* ਰਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਜਾਣ ਉਪਰੰਤ ਇਕ ਘੰਟਾ ਸੇਵਾ ਤੇ ਸਫਾਈ ਆਦਿ ਉਪਰੰਤ ਇਸ਼ਨਾਨ ਕਰਾਉਣ ਦੀ ਸੇਵਾ ਸ਼ਰਧਾਲੂ, ਸੇਵਾਦਾਰਾਂ ਦੇ ਸਹਿਯੋਗ ਨਾਲ ਕਰਦੇ ਹਨ।
* ਇਸ਼ਨਾਨ ਸਮੇਂ ਮਿਲ ਕੇ ਪ੍ਰੇਮੀ ਇਸ਼ਨਾਨ ਕਰਾਉਂਦੇ ਹਨ ਅਤੇ ਨਾਲ ਬੜੇ ਹੀ ਪ੍ਰੇਮ ਸਹਿਤ ਰਸ-ਭਿੰਨੀ ਸੁਰ ਵਿਚ ਗੁਰਬਾਣੀ ਦੇ ਸ਼ਬਦ ਗਾਇਨ ਕਰਦੇ ਹਨ। ਇਸ਼ਨਾਨ ਆਦਿ ਦੀ ਸੇਵਾ ਕਰਾਉਣ ਉਪਰੰਤ ਵਿਛਾਈਆਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿੰਘਾਸਨ ਸਜਾ ਕੇ ਅਰਦਾਸ ਹੁੰਦੀ ਹੈ ਤੇ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਦੀ ਹੈ।
* ਫਿਰ ਤਿੰਨ-ਪਹਿਰੇ ਦੀ ਚੌਂਕੀ ਦਾ ਕੀਰਤਨ ਆਰੰਭ ਹੁੰਦਾ ਹੈ।
* ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਵਿਚਕਾਰਲੀ ਛੱਤ ਅਤੇ ਗੁੰਬਦ ਵਿਚ ਹਰ ਵਕਤ ਅਖੰਡ ਪਾਠ ਸਾਹਿਬ ਚੱਲਦੇ ਹਨ, ਜਿਨ੍ਹਾਂ ਦਾ ਵਾਰੀ ਨਾਲ ਰੋਜ਼ਾਨਾ ਇਕ ਅਖੰਡ ਪਾਠ ਸਾਹਿਬ ਦਾ ਭੋਗ ਪੈਂਦਾ ਹੈ।

*ਪਾਠਕ/ਲੇਖਕ 'ਗੁਰਦੁਆਰਾ ਗਜ਼ਟ' ਲਈ ਰਚਨਾਵਾਂ, ਸਹਾਇਤਾ ਅਤੇ ਸੁਝਾਅ ਹੇਠ ਲਿਖੇ ਪਤੇ 'ਤੇ ਭੇਜਣ ਦੀ ਕ੍ਰਿਪਾਲਤਾ ਕਰਨ :*

**ਸਕੱਤਰ,**
**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ-੧੪੩੦੦੬**
**ਫੋਨ : ੦੦੯੧-੧੮੩-੨੫੫੩੯੫੭,੫੮,੫੯**

# ੧੬ ਅਪ੍ਰੈਲ ਤੋਂ ੧੫ ਮਈ ਵਿਚਲੇ ਇਤਿਹਾਸਕ ਦਿਹਾੜੇ

| | | |
|---|---|---|
| ੧੭ ਅਪ੍ਰੈਲ | (ੳ) | ਸਿੱਖਾਂ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ ਤੇ ਇਸ ਤਰ੍ਹਾਂ ਪੰਜਾਬ 'ਚੋਂ ਅਫਗਾਨੀ ਹਕੂਮਤ ਦਾ ਖਾਤਮਾ ਹੋ ਗਿਆ। (੧੭-੪-੧੭੬੫) |
| | (ਅ) | ਸ਼ਹੀਦੀ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜੈਤੋ ਲਈ ਰਵਾਨਾ ਹੋਇਆ । (੧੭-੪-੧੯੨੫) |
| ੨੧ ਅਪ੍ਰੈਲ | | ਪ੍ਰਸਿੱਧ ਸਿੱਖ ਵਿਦਵਾਨ ਗਿਆਨੀ ਦਿੱਤ ਸਿੰਘ ਦਾ ਜਨਮ ਹੋਇਆ। (੨੧-੪-੧੮੫੩) |
| ੨੪ ਅਪ੍ਰੈਲ | (ੳ) | ਅਕਾਲੀ ਦਲ ਨੇ ਪੰਜਾਬੀ ਸੂਬੇ ਲਈ ਇਕ ਸ਼ਾਂਤਮਈ ਅੰਦੋਲਨ ਸ਼ੁਰੂ ਕਰਨ ਦਾ ਫੈਸਲਾ ਕੀਤਾ । (੨੪-੪-੧੯੫੫) |
| | (ਅ) | ਅਕਾਲੀ ਦਲ ਨੇ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਬੰਦ ਕਰਨ ਲਈ ਮੋਰਚਾ ਸ਼ੁਰੂ ਕੀਤਾ। (੨੪-੪-੧੯੮੨) |
| ੨੫ ਅਪ੍ਰੈਲ | | ਮਹਾਰਾਜਾ ਰਣਜੀਤ ਸਿੰਘ ਅਤੇ ਈਸਟ ਇੰਡੀਆ ਕੰਪਨੀ (ਅੰਗਰੇਜ਼ਾਂ) ਦਰਮਿਆਨ ਅੰਮ੍ਰਿਤਸਰ ਦੀ ਸੰਧੀ ਹੋਈ। (੨੫-੪-੧੮੦੯) |
| ੨੬ ਅਪ੍ਰੈਲ | | ਕਰਤਾਰਪੁਰ (ਜਲੰਧਰ) ਦੀ ਲੜਾਈ ਜਿਸ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਯੋਧੇ ਭਾਈ ਫੱਤਾ ਜੀ, ਭਾਈ ਅਮੀਆ ਜੀ, ਭਾਈ ਕਿਸ਼ਨਾ ਜੀ, ਭਾਈ ਨੱਥੀਆ ਜੀ, ਭਾਈ ਮਾਧੋ ਜੀ ਆਦਿ ਸ਼ਹੀਦੀ ਪ੍ਰਾਪਤ ਕਰ ਗਏ। (੨੬-੪-੧੬੩੫) |
| ੨੭ ਅਪ੍ਰੈਲ | | ਜੈਤੋ ਦੇ ਮੋਰਚੇ ਲਈ ੧੦੧ ਸਿੱਖਾਂ ਦਾ ਵਿਸ਼ੇਸ਼ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਰਵਾਨਾ ਹੋਇਆ। (੨੭-੪-੧੯੨੫) |
| ੨੯ ਅਪ੍ਰੈਲ | (ੳ) | ਫਗਵਾੜੇ ਵਿਖੇ ਹੋਈ ਲੜਾਈ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਯੋਧੇ ਭਾਈ ਦੇਸਾ ਜੀ, ਭਾਈ ਸੁਹੇਲਾ ਜੀ, ਭਾਈ ਜਗੂ ਜੀ ਆਦਿ ਸ਼ਹੀਦੀਆਂ ਪ੍ਰਾਪਤ ਕਰ ਗਏ। (੨੯-੪-੧੬੩੫) |
| | (ਅ) | ਸ਼੍ਰੋਮਣੀ ਅਕਾਲੀ ਦਲ ਨੇ ਚੰਡੀਗੜ੍ਹ ਪੰਜਾਬ ਨੂੰ ਦੇਣ ਲਈ ਮੋਰਚਾ ਲਾਉਣ ਦਾ ਐਲਾਨ ਕੀਤਾ। (੨੯-੪-੧੯੬੮) |
| ੩੦ ਅਪ੍ਰੈਲ | (ੳ) | ਬੀਬੀ ਭਾਨੀ ਜੀ (ਸਪੁੱਤਰੀ ਸ੍ਰੀ ਗੁਰੂ ਅਮਰਦਾਸ ਜੀ) ਦਾ ਜਨਮ ਹੋਇਆ। (੩੦-੪-੧੫੩੩) |
| | (ਅ) | ਜਰਨੈਲ ਸ. ਹਰੀ ਸਿੰਘ ਨਲੂਆ ਨੇ ਜਮਰੌਦ ਵਿਖੇ ਸ਼ਹੀਦੀ ਪਾਈ। (੩੦-੪-੧੮੩੭) |
| ੩ ਮਈ | | ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ਹੋਇਆ । (੩-੫-੧੭੧੮) |
| ੫ ਮਈ | | ਭਾਰਤ ਸਰਕਾਰ ਨੇ ਪੰਜਾਬ ਦੀਆਂ ਸਿੱਖ ਰਿਆਸਤਾਂ ਤੋੜ ਕੇ 'ਪੈਪਸੂ' ਸੂਬਾ ਕਾਇਮ ਕਰ ਦਿੱਤਾ । (੫-੫-੧੯੪੮) |

| | | |
|---|---|---|
| ੬ ਮਈ | | ਦਿੱਲੀ ਪੁਲੀਸ ਨੇ ਗੁਰਦੁਆਰਾ ਸੀਸ ਗੰਜ 'ਤੇ ਫਾਇਰਿੰਗ ਕੀਤੀ ।(੬-੫-੧੯੩੦) |
| ੯ ਮਈ | | ਸ਼ਹੀਦੀ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜੈਤੋ ਲਈ ਰਵਾਨਾ ਹੋਇਆ। (੯-੫-੧੯੨੪) |
| ੧੦ ਮਈ | (ੳ) | ਪਿਸ਼ਾਵਰ ਵਿਖੇ ਸਿੱਖਾਂ ਤੇ ਪਠਾਣਾਂ ਦੇ ਹੋਏ ਕਤਲਾਂ ਦੇ ਰੋਸ ਵਜੋਂ ਮਾਸਟਰ ਤਾਰਾ ਸਿੰਘ ਉਥੇ ਇਕ ਜਥਾ ਲੈ ਕੇ ਗਏ । (੧੦-੫-੧੯੩੦) |
| | (ਅ) | "ਪੰਜਾਬੀ ਸੂਬਾ ਜ਼ਿੰਦਾਬਾਦ" ਦੇ ਨਾਅਰੇ 'ਤੇ ਲਾਈ ਅਣ-ਐਲਾਨੀ ਪਾਬੰਦੀ ਦੇ ਖਿਲਾਫ਼ ਅਕਾਲੀ ਦਲ ਨੇ ਮੋਰਚਾ ਲਾਇਆ । (੧੦-੫-੧੯੫੫) |
| ੧੧ ਮਈ | (ੳ) | ਰਾਮਰਾਇ ਪਾਉਂਟਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਪੁੱਜਾ ਤੇ ਆਪਣੇ ਕੀਤੇ ਦੀ ਮੁਆਫੀ ਮੰਗੀ । (੧੧-੫-੧੬੮੫) |
| | (ਅ) | ਅਕਾਲੀ ਦਲ ਨੇ 'ਸਿੱਖ ਇਕ ਕੌਮ ਹਨ' ਦਾ ਮਤਾ ਪਾਸ ਕੀਤਾ ।(੧੧-੫-੧੯੮੧) |
| ੧੪ ਮਈ | | ਸਿੱਖਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਸਰਹਿੰਦ ਫਤਹਿ ਕੀਤੀ। (੧੪-੫-੧੭੧੦) |
| ੧੫ ਮਈ | | ਰਾਣੀ ਜਿੰਦ ਕੌਰ (ਰਾਣੀ ਜਿੰਦਾਂ) ਨੂੰ ਬਨਾਰਸ ਵਿਖੇ ਲਿਜਾਇਆ ਗਿਆ ਅਤੇ ਉਸ ਦੀ ਪੈਨਸ਼ਨ ਵੀ ਸਾਲਾਨਾ ੪੮੦੦੦/-ਤੋਂ ਘਟਾ ਕੇ ੧੨੦੦੦/-ਕਰ ਦਿੱਤੀ ਗਈ। (੧੫-੫-੧੮੪੮) |

■

## ਪਾਠਕਾਂ ਦੇ ਧਿਆਨ ਯੋਗ

ਆਪ ਜੀ ਦਾ ਹਰਮਨ ਪਿਆਰਾ ਮਾਸਿਕ ਪਰਚਾ 'ਗੁਰਦੁਆਰਾ ਗਜ਼ਟ' ਨਿਰੰਤਰ ਆਪ ਦੀ ਸੇਵਾ ਵਿਚ ਭੇਜਿਆ ਜਾ ਰਿਹਾ ਹੈ। ਵਧੀਆ ਕਾਗਜ਼ ਤੇ ਰੰਗਦਾਰ ਛਪਾਈ ਕਾਰਨ ਇਸ 'ਤੇ ਕਾਫ਼ੀ ਖਰਚ ਆਉਂਦਾ ਹੈ। ਇਹ ਸਭ ਆਪ ਜੀ ਵੱਲੋਂ ਭੇਜੀ ਜਾਣ ਵਾਲੀ ਯਥਾ-ਸ਼ਕਤਿ ਮਾਇਆ ਨਾਲ ਹੀ ਸੰਭਵ ਹੈ। ਜਿਨ੍ਹਾਂ ਪਾਠਕ ਵੀਰਾਂ ਦੀ ਸਾਲਾਨਾ ਸਹਾਇਤਾ (ਮਾਇਆ) ਸਮਾਪਤ ਹੋ ਚੁੱਕੀ ਹੈ, ਉਨ੍ਹਾਂ ਨੂੰ ਸਨਿਮਰ ਬੇਨਤੀ ਹੈ ਕਿ ਸਹਾਇਤਾ ਭੇਜਣ/ਜਮ੍ਹਾਂ ਕਰਾਉਣ ਦੀ ਖੇਚਲ ਕਰਨ।

*ਸਹਾਇਤਾ ਬੈਂਕ ਡਰਾਫਟ ਜਾਂ ਮਨੀਆਰਡਰ ਰਾਹੀਂ **ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ** ਦੇ ਪਤੇ 'ਪੁਰ ਭੇਜੀ ਜਾ ਸਕਦੀ ਹੈ। ਇਸ ਤੋਂ ਇਲਾਵਾ ਦਫ਼ਤਰ ਵਿਖੇ ਖਜ਼ਾਨਚੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਗੁਰਮਤਿ ਲਿਟਰੇਚਰ ਹਾਊਸ 'ਤੇ ਨਕਦ ਵੀ ਜਮ੍ਹਾਂ ਕਰਵਾਈ ਜਾ ਸਕਦੀ ਹੈ। **-ਸੰਪਾਦਕ**

**ਗੁਰਬਾਣੀ ਵਿਚਾਰ:**

# ਵੈਸਾਖੁ ਸੁਹਾਵਾ ਤਾਂ ਲਗੈ...

**ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥**
**ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥**
**ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥**
**ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥**
**ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥**
**ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ॥**
**ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ॥**
**ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ॥**
**ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ॥**

*(ਪੰਨਾ ੧੩੩)*

(ਵੈਸਾਖੀ ਵਾਲਾ ਦਿਨ ਹਰੇਕ ਇਸਤਰੀ-ਮਰਦ ਵਾਸਤੇ ਰੀਝਾਂ ਵਾਲਾ ਦਿਨ ਹੁੰਦਾ ਹੈ, ਪਰ) ਵੈਸਾਖ ਵਿਚ ਉਨ੍ਹਾਂ ਇਸਤਰੀਆਂ ਦਾ ਦਿਲ ਕਿਵੇਂ ਖਲੋਵੇ ਜੋ ਪਤੀ ਤੋਂ ਵਿਛੁੜੀਆਂ ਪਈਆਂ ਹਨ, ਜਿਨ੍ਹਾਂ ਦੇ ਅੰਦਰ ਪਿਆਰ (ਦੇ ਪ੍ਰਗਟਾਵੇ) ਦੀ ਅਣਹੋਂਦ ਹੈ, (ਇਸ ਤਰ੍ਹਾਂ ਉਸ ਜੀਵ ਨੂੰ ਧੀਰਜ ਕਿਵੇਂ ਆਵੇ ਜਿਸ ਨੂੰ) ਸੱਜਣ-ਪ੍ਰਭੂ ਵਿਸਾਰ ਕੇ ਮਨ-ਮੋਹਣੀ ਮਾਇਆ ਚੰਬੜੀ ਹੋਈ ਹੈ?

ਨਾ ਪੁੱਤਰ, ਨਾ ਇਸਤਰੀ, ਨਾ ਧਨ, ਕੋਈ ਭੀ ਮਨੁੱਖ ਦੇ ਨਾਲ ਨਹੀਂ ਨਿਭਦਾ, ਇਕ ਅਬਿਨਾਸੀ ਪਰਮਾਤਮਾ ਹੀ ਅਸਲ ਸਾਥੀ ਹੈ । ਨਾਸ਼ਵੰਤ ਧੰਦੇ ਦਾ ਮੋਹ (ਸਾਰੀ ਲੋਕਾਈ ਨੂੰ ਹੀ) ਵਿਆਪ ਰਿਹਾ ਹੈ, (ਮਾਇਆ ਦੇ ਮੋਹ ਵਿਚ) ਮੁੜ-ਮੁੜ ਫਸ ਕੇ ਸਾਰੀ ਲੋਕਾਈ ਹੀ (ਆਤਮਿਕ ਮੌਤੇ) ਮਰ ਰਹੀ ਹੈ । ਇਕ ਪਰਮਾਤਮਾ ਦੇ ਨਾਮ ਸਿਮਰਨ ਤੋਂ ਬਿਨਾਂ ਹੋਰ ਜਿਤਨੇ ਭੀ ਕਰਮ ਇਥੇ ਕਰੀਦੇ ਹਨ, ਉਹ ਸਾਰੇ ਮਰਨ ਤੋਂ ਪਹਿਲਾਂ ਹੀ ਖੋਹ ਲਏ ਜਾਂਦੇ ਹਨ (ਭਾਵ, ਉਹ ਉੱਚੇ ਆਤਮਿਕ ਜੀਵਨ ਦਾ ਅੰਗ ਨਹੀਂ ਬਣ ਸਕਦੇ) ।

ਪਿਆਰ-ਸਰੂਪ ਪ੍ਰਭੂ ਨੂੰ ਵਿਸਾਰ ਕੇ ਖ਼ੁਆਰੀ ਹੀ ਹੁੰਦੀ ਹੈ, ਪਰਮਾਤਮਾ ਤੋਂ ਬਿਨਾਂ ਜਿੰਦ ਦਾ ਹੋਰ ਕੋਈ ਸਾਥੀ ਹੀ ਨਹੀਂ ਹੁੰਦਾ । ਪ੍ਰਭੂ-ਪ੍ਰੀਤਮ ਦੀ ਚਰਨੀਂ ਜਿਹੜੇ ਬੰਦੇ ਲੱਗਦੇ ਹਨ, ਉਨ੍ਹਾਂ ਦੀ (ਲੋਕ-ਪਰਲੋਕ ਵਿਚ) ਭਲੀ ਸ਼ੋਭਾ ਹੁੰਦੀ ਹੈ ।

ਹੇ ਪ੍ਰਭੂ ! (ਤੇਰੇ ਦਰ 'ਤੇ) ਮੇਰੀ ਬੇਨਤੀ ਹੈ ਕਿ ਮੈਨੂੰ ਤੇਰਾ ਦਿਲ-ਰੱਜਵਾਂ ਮਿਲਾਪ ਨਸੀਬ ਹੋਵੇ । (ਰੁੱਤ ਫਿਰਨ ਨਾਲ ਚੁਫੇਰੇ ਬਨਸਪਤੀ ਪਈ ਸੁਹਾਵਣੀ ਹੋ ਜਾਏ, ਪਰ) ਜਿੰਦ ਨੂੰ ਵੈਸਾਖ ਦਾ ਮਹੀਨਾ ਤਦੋਂ ਹੀ ਸੋਹਣਾ ਲੱਗ ਸਕਦਾ ਹੈ, ਜੇ ਹਰੀ ਸੰਤ-ਪ੍ਰਭੂ ਮਿਲ ਪਏ ॥੩॥

■

*ਸੰਪਾਦਕੀ...*

# ਕੀਓ ਪ੍ਰਗਟ ਤਬ ਖਾਲਸਾ...

*ਬੇਸ਼ਕ ਵਿਸਾਖੀ ਦਾ ਤਿਉਹਾਰ ਸਦੀਆਂ ਤੋਂ ਮਨਾਇਆ ਜਾਂਦਾ ਸੀ ਪਰ ੧੬੯੯ ਈ: ਦੀ ਵਿਸਾਖੀ ਦੀ ਮਹਾਨਤਾ ਵੱਖਰੀ, ਨਿਆਰੀ ਤੇ ਅਲੌਕਿਕ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦਿਨ ਖਾਲਸੇ ਦੀ ਸਾਜਣਾ ਕੀਤੀ। ਇਸ ਲਈ ਇਹ ਤਿਉਹਾਰ ਖਾਲਸਾ ਸਾਜਣਾ ਦਿਵਸ ਵਜੋਂ ਪ੍ਰਸਿੱਧ ਹੋਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕੀਤੀ ਗਈ ਖਾਲਸੇ ਦੀ ਸਿਰਜਣਾ ਸਬੰਧੀ ਕਵੀ ਸੈਨਾਪਤਿ 'ਸ੍ਰੀ ਗੁਰ ਸੋਭਾ' ਵਿਚ ਲਿਖਦਾ ਹੈ:*

***ਪੁਰ ਆਨੰਦ ਗੋਬਿੰਦ ਸਿੰਘ ਗੁਰ ਅਬਿ ਕਬਿ ਕਰਤ ਬਖਾਨ।***
***ਗਿਰਦ ਪਹਾਰ ਅਪਾਰ ਅਤਿ ਸਤਿਲੁੱਦ੍ਰ ਤਟਿ ਸੁਭ ਥਾਨ।***
***ਚੇਤ ਮਾਸ ਬੀਤਿਉ ਸਕਲ ਮੇਲਾ ਭਯੋ ਅਪਾਰ।***
***ਬੈਸਾਖੀ ਕੇ ਦਰਸ ਪੈ ਸਤਿਗੁਰ ਕੀਯੋ ਬਿਚਾਰ।...***
***ਗੋਬਿੰਦ ਸਿੰਘ ਕਰੀ ਖੁਸ਼ੀ ਸੰਗਤਿ ਕਰੀ ਨਿਹਾਲ।***
***ਕੀਉ ਪ੍ਰਗਟ ਤਬ ਖਾਲਸਾ ਚੁਕਿਓ ਸਕਲ ਜੰਜਾਲ।***

*ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵਿਸ਼ੇਸ ਤੌਰ 'ਤੇ ਬੁਲਾਏ ਗਏ ਇਕੱਠ ਵਿਚੋਂ ਪੰਜ ਵਾਰ ਸੀਸ ਦੀ ਮੰਗ ਕੀਤੀ। ਪੰਜ ਮਰਜੀਵੜਿਆਂ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਅਤੇ ਭਾਈ ਸਾਹਿਬ ਸਿੰਘ ਨੇ ਗੁਰੂ ਜੀ ਅੱਗੇ ਆਪਾ ਭੇਟ ਕੀਤਾ। ਗੁਰੂ ਜੀ ਨੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ। ਪਾਤਸ਼ਾਹ ਜੀ ਨੇ ਆਪ ਪੰਜਾਂ ਨੂੰ ਅੰਮ੍ਰਿਤ ਛਕਾ, ਸਿੰਘ ਉਪਾਧੀ ਬਖਸ਼ਦਿਆਂ ਪੰਜ ਪਿਆਰੇ ਕਹਿ ਕੇ ਨਿਵਾਜਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੱਖ-ਵੱਖ ਥਾਵਾਂ ਤੋਂ ਪੁੱਜੇ ਵੱਖ-ਵੱਖ ਜਾਤਾਂ, ਫਿਰਕਿਆਂ ਤੇ ਕਿੱਤਿਆਂ ਦੇ ਲੋਕਾਂ ਨੂੰ ਇਕ ਹੀ ਬਾਟੇ ਵਿਚ ਅੰਮ੍ਰਿਤ ਛਕਾ ਕੇ ਉਚ-ਨੀਚ, ਜਾਤ-ਪਾਤ ਦੇ ਭੇਦ-ਭਾਵ ਮਿਟਾ ਦਿਤੇ। ਗੁਰੂ ਸਾਹਿਬ ਜੀ ਦਾ ਉਦੇਸ਼ ਸੀ:*

***ਇਨ ਗਰੀਬ ਸਿਖਨ ਕੋ ਦੈ ਪਾਤਸ਼ਾਹੀ।***
***ਯਹ ਯਾਦ ਰਖੈ ਹਮਰੀ ਗੁਰਿਆਈ।*** **(ਪੰਥ ਪ੍ਰਕਾਸ਼)**

*ਗੁਰੂ ਸਾਹਿਬ ਨੇ ਨਵੇਂ ਸਾਜੇ ਖ਼ਾਲਸਾ ਪੰਥ ਨੂੰ ਕੇਸ, ਕਿਰਪਾਨ, ਕੰਘਾ, ਕੜਾ ਅਤੇ ਕਛਹਿਰੇ ਦੀ ਰਹਿਤ ਦ੍ਰਿੜ੍ਹਾਈ। ਆਪ ਨੇ ਫੁਰਮਾਨ ਕੀਤਾ:*

***ਰਹਿਤ ਪਿਆਰੀ ਮੁਝ ਕੋ ਸਿਖ ਪਿਆਰਾ ਨਾਹਿ।***

*ਗੁਰੂ ਜੀ ਵੱਲੋਂ ਬਖਸ਼ੇ ਕਕਾਰਾਂ ਦਾ ਸਿੱਖ ਦੇ ਜੀਵਨ ਵਿਚ ਅਹਿਮ ਸਥਾਨ ਹੈ। ਕੇਸ ਪਰਮਾਤਮਾ ਵੱਲੋਂ ਬਖ਼ਸ਼ੀ ਹੋਈ ਦਾਤ ਹਨ, ਕੇਸਾਂ ਦੀ ਬੇਅਦਬੀ ਕਰਨ ਵਾਲੇ ਨੂੰ ਬੇਈਮਾਨ ਕਿਹਾ ਗਿਆ ਹੈ। ਗੁਰੂ ਸਾਹਿਬ ਨੇ*

*ਕੇਸਾਂ ਦੀ ਸਫਾਈ ਲਈ ਕੰਘਾ ਰੱਖਣ ਦਾ ਹੁਕਮ ਕੀਤਾ ਹੈ। ਸਿੱਖ ਲਈ ਕਛਹਿਰਾ ਸਵੈ-ਸੰਜਮ ਦਾ ਪ੍ਰਤੀਕ ਹੈ। ਗੁਰੂ ਵੱਲੋਂ ਬਖ਼ਸ਼ਿਆ ਹੋਇਆ ਕੜਾ ਮਾੜੇ ਕੰਮ ਕਰਨ ਤੋਂ ਹੱਥ ਨੂੰ ਰੋਕਣ ਦੀ ਯਾਦ ਦੁਆਉਂਦਾ ਹੈ। ਗੁਰੂ ਸਾਹਿਬ ਵੱਲੋਂ ਕ੍ਰਿਪਾਨ ਸਵੈ-ਰੱਖਿਆ, ਧਰਮ ਦੀ ਰਖਵਾਲੀ, ਕਮਜ਼ੋਰਾਂ ਅਤੇ ਮਜ਼ਲੂਮਾਂ ਨੂੰ ਜ਼ਾਲਮ ਹਾਕਮਾਂ ਹੱਥੋਂ ਬਚਾਉਣ ਲਈ ਬਖ਼ਸ਼ੀ ਗਈ ਹੈ।*

*ਇਸੇ ਤਰ੍ਹਾਂ ਗੁਰੂ ਜੀ ਨੇ ਆਪਣੇ ਸਿੱਖ ਨੂੰ ਚਾਰ ਬੱਜਰ ਗਲਤੀਆਂ ਤੋਂ ਵਰਜਿਆ ਜਿਨ੍ਹਾਂ ਵਿਚ ਕੇਸਾਂ ਦੀ ਬੇਅਦਬੀ, ਕੁੱਠਾ ਖਾਣਾ, ਪਰ-ਇਸਤਰੀ ਜਾਂ ਪੁਰਸ਼ ਦਾ ਗਮਨ, ਤੰਬਾਕੂ ਦੀ ਵਰਤੋਂ। ਇਨ੍ਹਾਂ ਵਿਚੋਂ ਕੋਈ ਕੁਰਹਿਤ ਹੋਣ ਤੇ ਮੁੜ ਪੰਜ ਪਿਆਰਿਆਂ ਪਾਸ ਹਾਜ਼ਰ ਹੋ ਕੇ ਤਨਖਾਹ (ਸੇਵਾ) ਲਗਵਾ ਕੇ ਦੁਬਾਰਾ ਅੰਮ੍ਰਿਤ ਛਕਣਾ ਪਵੇਗਾ।*

*ਵਿਸਾਖੀ ਦਾ ਦਿਹਾੜਾ ਸਾਨੂੰ ੧੬੯੯ ਦੇ ਖਾਲਸਾ ਸਾਜਣਾ ਦਿਵਸ ਦੀ ਯਾਦ ਦੁਆ ਅੰਮ੍ਰਿਤ ਛਕਣ, ਸਿੰਘ ਸਜਣ ਅਤੇ ਗੁਰੂ ਵਾਲੇ ਬਣਨ ਦੀ ਪ੍ਰੇਰਨਾ ਦਿੰਦਾ ਹੈ। ਇਸ ਲਈ ਸਾਨੂੰ ਇਸ ਦਿਹਾੜੇ 'ਤੇ ਸਵੈ-ਪੜਚੋਲ ਕਰਨੀ ਚਾਹੀਦੀ ਹੈ ਕਿ ਕੀ ਅਸੀਂ ਗੁਰੂ ਸਾਹਿਬਾਨ ਵੱਲੋਂ ਬਖ਼ਸ਼ੇ ਮਾਰਗ ਦੇ ਪਾਂਧੀ ਹਾਂ ਜਾਂ ਕੁਰਾਹੇ ਪੈ ਚੁੱਕੇ ਹਾਂ। ਕੀ ਅਸੀਂ ਅੱਜ ਗੁਰੂ ਵੱਲੋਂ ਬਖ਼ਸ਼ੀ ਪੰਜ ਕਕਾਰੀ ਰਹਿਤ ਅਤੇ ਅੰਮ੍ਰਿਤ ਨੂੰ ਤਿਆਗ ਕੇ ਗੁਰੂ ਹੁਕਮਾਂ ਦੀ ਅਵੱਗਿਆ ਕਰਦਿਆਂ ਕੁਰਹਿਤਾਂ ਤਾਂ ਨਹੀਂ ਕਰ ਰਹੇ। ਅੱਜ ਲੋੜ ਹੈ ਸਾਨੂੰ ਇਹ ਯਾਦ ਕਰਨ ਦੀ ਕਿ ਦਸਮੇਸ਼ ਪਿਤਾ ਜੀ ਨੇ ਆਪਣੇ ਚਾਰੇ ਸਪੁੱਤਰ ਵਾਰ ਕੇ ਇਹ ਐਲਾਨ ਕੀਤਾ ਸੀ:*

***ਇਨ ਪੁਤਰਨ ਕੇ ਸੀਸ ਪੈ ਵਾਰ ਦੀਏ ਸੁਤ ਚਾਰ॥***
***ਚਾਰ ਮੂਏ ਤੋ ਕਿਆ ਭਯਾ ਜੀਵਤ ਕਈ ਹਜ਼ਾਰ॥***

*ਗੁਰੂ ਸਾਹਿਬ ਵੱਲੋਂ ਬਖ਼ਸ਼ੇ ਹੋਏ ਸਿਧਾਂਤਾਂ ਅਨੁਸਾਰ ਹਰ ਇਕ ਗੁਰਸਿੱਖ ਲਈ ਬਾਣੀ ਅਤੇ ਬਾਣੇ ਦਾ ਧਾਰਨੀ ਹੋਣਾ ਰਹਿਤ ਦੀ ਪਰਪਕਤਾ ਅਤੇ ਗੁਰਮਤਿ ਸਿਧਾਂਤਾਂ ਦੀ ਜਾਣਕਾਰੀ ਅਤੀ ਜ਼ਰੂਰੀ ਹੈ। ਪਰ ਅੱਜ ਦਾ ਨੌਜਵਾਨ ਆਪਣੇ ਗੌਰਵਮਈ ਵਿਰਸੇ ਅਤੇ ਇਤਿਹਾਸ ਨੂੰ ਭੁੱਲ ਕੇ ਪਤਿਤ ਹੋ ਨਸ਼ਿਆਂ ਦਾ ਗੁਲਾਮ ਹੋਇਆ ਪਿਆ ਹੈ। ਅੱਜ ਲੋੜ ਇਸ ਗੱਲ ਦੀ ਹੈ ਕਿ ਸਮਾਜ ਦਾ ਹਰ ਅੰਗ ਜਿਵੇਂ ਮਾਪੇ, ਅਧਿਆਪਕ, ਧਾਰਮਿਕ ਆਗੂ ਅਤੇ ਸੰਸਥਾਵਾਂ ਇਕੱਠੇ ਹੋ ਕੇ ਅਜਿਹੇ ਬੱਚਿਆਂ ਨੂੰ ਧਰਮ ਨਾਲ ਜੋੜਨ ਦਾ ਉਪਰਾਲਾ ਕਰਨ।*

*ਸੋ ਅੱਜ ਲੋੜ ਹੈ ਕਿ ਅਸੀਂ ਜਾਤ-ਪਾਤ, ਊਚ-ਨੀਚ ਅਤੇ ਕਰਮ-ਕਾਂਡਾਂ ਚੋਂ ਨਿਕਲ ਕੇ ਵੱਖ-ਵੱਖ ਧੜੇਬੰਦੀਆਂ ਨੂੰ ਤਿਆਗਦੇ ਹੋਏ ਕੌਮ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਲਈ ਕਾਰਜਸ਼ੀਲ ਹੋਈਏ।*

**-ਦਿਲਜੀਤ ਸਿੰਘ 'ਬੇਦੀ'**

**ਅੰਮ੍ਰਿਤ ਛਕੋ, ਸਿੰਘ ਸਜੋ**

# ਖ਼ਾਲਸੇ ਦੀ ਮਹਾਨਤਾ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਖ਼ਾਲਸਾ ਪੰਥ ਦੀ ਸਾਜਣਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ ੧੭੫੬ ਬਿਕ੍ਰਮੀ (੧੬੯੯ ਈ.) ਵਿਚ ਵੈਸਾਖੀ ਵਾਲੇ ਦਿਨ ਕੀਤੀ। ਵੈਸਾਖੀ ਦਾ ਤਿਉਹਾਰ ਭਾਰਤ ਦਾ ਇਕ ਸਮਾਜਿਕ ਤਿਉਹਾਰ ਹੈ, ਜੋ ਪੁਰਾਤਨ ਸਮੇਂ ਤੋਂ ਸਾਰੇ ਭਾਰਤ ਵਿਚ ਮਨਾਇਆ ਜਾਂਦਾ ਹੈ। ਇਸ ਵੇਲੇ ਤਕ ਹਾੜੀ ਦੀ ਫਸਲ ਪੱਕ ਕੇ ਤਿਆਰ ਹੋ ਗਈ ਹੁੰਦੀ ਹੈ। ਇਸ ਦਿਨ ਸਾਰੇ ਲੋਕ ਬਿਨਾਂ ਕਿਸੇ ਭੇਦ-ਭਾਵ ਦੇ ਨਵੀਆਂ ਆਸਾਂ ਤੇ ਉਮੀਦਾਂ ਲੈ ਕੇ ਮੇਲਿਆਂ ਵਿਚ ਖੁਸ਼ੀ ਨਾਲ ਸ਼ਰੀਕ ਹੁੰਦੇ ਹਨ। ਮਨੁੱਖਤਾ ਨੂੰ ਖਾਲਸੇ ਦੀ ਵਡਮੁੱਲੀ ਦਾਤ ਦੇਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦਿਨ ਨੂੰ ਚੁਣਿਆ, ਕਿਉਂਕਿ ਖਾਲਸੇ ਦਾ ਸੰਕਲਪ ਮਨੁੱਖਤਾ ਨੂੰ ਦੁੱਖਾਂ ਤੋਂ ਨਿਜਾਤ ਦਿਵਾਉਣ ਲਈ ਅਤੇ ਉਸ ਦੇ ਸਰਬਪੱਖੀ ਵਿਕਾਸ ਲਈ ਇਕ ਅਗੰਮੀ ਵਰਦਾਨ ਸੀ ਅਤੇ ਇਕ ਨਵੇਂ ਸੱਜਰੇ ਜੀਵਨ ਦੀ ਸ਼ੁਰੂਆਤ ਸੀ। ਵੈਸਾਖ ਮਹੀਨੇ ਨੂੰ ਗੁਰਬਾਣੀ ਵਿਚ ਭਲਾ ਕਿਹਾ ਗਿਆ ਹੈ:

**ਵੈਸਾਖੁ ਭਲਾ ਸਾਖਾ ਵੇਸ ਕਰੇ॥** *(ਪੰਨਾ ੧੧੦੮)*

ਖ਼ਾਲਸੇ ਦੀ ਸਾਜਣਾ ਦੀ ਪ੍ਰਕਿਰਿਆ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਹੀ ਅਰੰਭ ਹੋ ਗਈ ਸੀ। ੨੩੦ ਸਾਲ ਦਸ ਗੁਰੂ ਸਾਹਿਬਾਨ ਦੀ ਸਰਪ੍ਰਸਤੀ ਵਿਚ ਇਸ ਦਾ ਵਿਕਾਸ ਹੁੰਦਾ ਰਿਹਾ ਹੈ। ਦਸ ਗੁਰੂ ਸਾਹਿਬਾਨ ਵਿਚ ਇੱਕੋ ਹੀ ਗੁਰੂ-ਜੋਤਿ ਵਰਤਦੀ ਸੀ। ਉਨ੍ਹਾਂ ਦੀ ਬਾਣੀ ਦਾ ਭਾਵ, ਉਦੇਸ਼ ਤੇ ਵਿਚਾਰਧਾਰਾ ਇਕ ਹੀ ਸੀ:

**-ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥**
**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥**

*(ਪੰਨਾ ੯੬੬)*

**-ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥**
**ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ॥**

*(ਪੰਨਾ ੬੪੬)*

ਇਸ ਅਨਮੋਲ ਗੁਰਮਤਿ ਵਿਚਾਰਧਾਰਾ ਦੀ ਸਿਖ਼ਰ ਸੀ, ਖਾਲਸੇ ਦੀ ਸਾਜਣਾ। ਖਾਲਸਾ ਇਕ ਆਦਰਸ਼ ਪੁਰਖ ਸੀ, ਜਿਸ ਨੂੰ ਗੁਰਬਾਣੀ ਵਿਚ ਸਚਿਆਰ, ਗੁਰਮੁਖ, ਬ੍ਰਹਮ ਗਿਆਨੀ ਕਿਹਾ ਗਿਆ ਹੈ। ਖਾਲਸਾ ਇਕ ਸਰਬਪੱਖੀ, ਸਰਬ ਪ੍ਰਕਾਰ ਦੇ ਸਦਗੁਣਾਂ ਨਾਲ ਭਰਪੂਰ, ਆਤਮ-ਵਿਸ਼ਵਾਸ, ਸਵੈ-ਨਿਰਭਰ ਤੇ ਸੰਪੂਰਨ ਮਨੁੱਖ ਹੈ। ਖ਼ਾਲਸਾ ਸੰਤ ਵੀ ਹੈ ਤੇ ਸਿਪਾਹੀ ਵੀ। ਖਾਲਸਾ ਗ੍ਰਿਹਸਤੀ ਵੀ ਹੈ ਤੇ ਯੋਗੀ ਵੀ। ਖਾਲਸਾ ਭਗਤ ਵੀ ਹੈ, ਸੂਰਬੀਰ ਵੀ ਹੈ ਤੇ ਦਾਤਾਰ ਵੀ ਹੈ। ਖਾਲਸਾ ਦ੍ਰਿੜ੍ਹ ਵੀ ਹੈ ਤੇ ਨਿਮਰ ਵੀ ਹੈ। ਖਾਲਸਾ ਨਿਰਭੈ ਵੀ ਹੈ ਤੇ ਨਿਰਵੈਰ ਵੀ ਹੈ। ਖਾਲਸਾ ਹਰ ਪ੍ਰਕਾਰ ਦੇ ਗਿਆਨ ਦਾ, ਸ਼ਕਤੀਆਂ ਦਾ ਭੰਡਾਰ ਹੈ, ਇਸ ਲਈ ਨਿਰੰਜਨ ਰੂਪ ਹੈ। ਇਹ ਇਕ ਅਜਿਹੀ ਸ਼ਖ਼ਸੀਅਤ ਹੈ, ਜਿਸ ਬਾਰੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਫੁਰਮਾਇਆ ਹੈ:

**ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ॥**
**ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ॥**

*(ਪੰਨਾ ੪੬੯)*

---

*ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਖਾਲਸਾ ਸਿੱਧਾ ਪਰਮਾਤਮਾ ਨਾਲ ਸੰਬੰਧਿਤ ਹੈ। ਹਰਿ ਤੋਂ ਬਿਨਾਂ ਉਹ ਕਿਸੇ ਦੇ ਅਧੀਨ ਨਹੀਂ, ਕਿਸੇ ਦਾ ਮੁਹਤਾਜ ਨਹੀਂ। ਉਹ ਸ਼ਬਦ ਦੀ ਨਿਰੰਜਨੀ ਜੋਤਿ ਦਾ ਪੁਜਾਰੀ ਹੈ। ਖਾਲਸਾ ਅਕਾਲ ਪੁਰਖ ਦੇ ਹੁਕਮ ਵਿਚ ਹੈ, ਇਸ ਲਈ ਇਸ ਨੂੰ ਧੁਰੋਂ ਸਰਦਾਰੀ ਪ੍ਰਾਪਤ ਹੈ। ਇਸ ਬਾਰੇ ਗੁਰਬਾਣੀ ਵਿਚ ਫੁਰਮਾਇਆ ਹੈ:

**ਸਚੇ ਕੀ ਸਿਰਕਾਰ ਜੁਗੁ ਜੁਗੁ ਜਾਣੀਐ॥**
**ਹੁਕਮੁ ਮੰਨੇ ਸਿਰਦਾਰੁ ਦਰਿ ਦੀਬਾਣੀਐ॥**

*(ਪੰਨਾ ੧੪੨)*

ਖਾਲਸਾ ਕਿਸੇ ਪ੍ਰਕਾਰ ਦੇ ਕਰਮ-ਕਾਂਡ, ਵਹਿਮ-ਭਰਮ ਨੂੰ ਨਹੀਂ ਮੰਨਦਾ। ਜਿਸ ਦੇ ਹਿਰਦੇ ਅੰਦਰ ਪਰਮਾਤਮਾ ਦਾ ਪ੍ਰਤੱਖ ਗਿਆਨ ਜਗਮਗਾਉਂਦਾ ਹੈ ਅਤੇ ਜਿਸ ਦੇ ਮਨ ਵਿੱਚੋਂ ਅਗਿਆਨਤਾ ਦਾ ਭਰਮ ਮਿੱਟ ਜਾਂਦਾ ਹੈ, ਉਹ ਹੀ ਅਸਲ ਵਿਚ ਖਾਲਸਾ ਹੈ। ਗੁਰੂ ਜੀ ਨੇ ਖਾਲਸੇ ਦਾ ਸਿਰਫ ਆਦਰਸ਼ ਹੀ ਨਹੀਂ ਪੇਸ਼ ਕੀਤਾ, ਸਗੋਂ ਅਮਲੀ ਰੂਪ ਵਿਚ ਖਾਲਸਾ ਬਣ ਕੇ ਮਿਸਾਲ ਪੇਸ਼ ਕੀਤੀ ਹੈ:

**ਜਾਗਤਿ ਜੋਤ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ॥**
**ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥**
**ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹ ਏਕ ਪਛਾਨੈ॥**
**ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ॥** *(ਤੇਤੀ ਸਵੱਯੇ)*
**-ਖਾਲਸਾ ਖਾਸ ਕਹਾਵੈ ਸੋਈ, ਜਾਕੇ ਹਿਰਦੈ ਭਰਮ ਨਾ ਹੋਈ।**
**ਭਰਮ ਭੇਖ ਤੇ ਰਹੈ ਨਿਆਰਾ, ਸੋ ਖਾਲਸ ਸਤਿਗੁਰੂ ਹਮਾਰਾ।** *(ਸ੍ਰੀ ਗੁਰ ਸੋਭਾ)*

੩੦ ਮਾਰਚ, ੧੬੯੯, ਸੰਮਤ ੧੭੫੬ ਦੀ ਵੈਸਾਖੀ ਦੇ ਦਿਹਾੜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸੇ ਦੀ ਸਾਜਣਾ ਕੀਤੀ। ਇਸੇ ਪਵਿੱਤਰ ਸਥਾਨ 'ਤੇ ਅੱਜ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸੁਸ਼ੋਭਿਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਤਰ੍ਹਾਂ ਸਿੱਖੀ ਧਾਰਨ ਲਈ ਸਿਰ ਦੇਣ ਦੀ ਸ਼ਰਤ ਰੱਖੀ ਸੀ, ਉਸੇ 'ਸਿਰੁ ਧਰਿ ਤਲੀ ਗਲੀ ਮੇਰੀ ਆਉ' ਦੇ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਗੁਰੂ ਜੀ ਨੇ ਭਰੇ ਦੀਵਾਨ ਵਿਚ ਸਿੱਖਾਂ ਨੂੰ ਸੀਸ ਭੇਟ ਕਰਨ ਦੀ ਮੰਗ ਕੀਤੀ। ਗੁਰੂ ਜੀ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਦੀਵਾਨ ਵਿੱਚੋਂ ਪੰਜ ਸਿੰਘ ਆਪਣਾ ਸੀਸ ਗੁਰੂ ਚਰਨਾਂ ਵਿਚ ਭੇਟ ਕਰਨ ਲਈ ਉੱਠੇ। ਇਹ ਸਿੱਖ ਸਨ- ਭਾਈ ਦਇਆ ਰਾਮ, ਭਾਈ ਧਰਮ ਦਾਸ, ਭਾਈ ਹਿੰਮਤ ਚੰਦ, ਭਾਈ ਸਾਹਿਬ ਚੰਦ ਤੇ ਭਾਈ ਮੁਹਕਮ ਚੰਦ। ਗੁਰੂ ਜੀ ਨੇ ਇਨ੍ਹਾਂ ਪੰਜਾਂ ਨੂੰ ਨਵੇਂ ਬਸਤਰ ਤੇ ਸ਼ਸਤਰ ਪਹਿਨਾਏ। ਖੰਡੇ-ਬਾਟੇ ਦਾ ਅੰਮ੍ਰਿਤ ਹੱਥੀਂ ਤਿਆਰ ਕਰ ਕੇ ਉਨ੍ਹਾਂ ਨੂੰ ਛਕਾਇਆ ਅਤੇ ਆਪਣੇ ਪਿਆਰਿਆਂ ਦੀ ਪਦਵੀ ਦਿੱਤੀ। ਇਨ੍ਹਾਂ ਸਭਨਾਂ ਦੇ ਨਾਵਾਂ ਨਾਲ 'ਸਿੰਘ' ਪਦ ਲਾਇਆ ਗਿਆ। ਇਨ੍ਹਾਂ ਦੇ ਨਵੇਂ ਨਾਂ ਰੱਖੇ ਗਏ, ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ ਤੇ ਭਾਈ ਮੁਹਕਮ ਸਿੰਘ। ਇਨ੍ਹਾਂ ਦਾ ਪੁਰਾਣਾ ਕੁਲ ਨਾਸ ਤੇ ਵਰਨ ਨਾਸ ਕਰ ਕੇ ਖਾਲਸੇ ਦਾ ਰੂਪ ਬਖਸ਼ਿਆ। ਫਿਰ ਇਨ੍ਹਾਂ ਤੋਂ ਆਪ ਅੰਮ੍ਰਿਤ ਛਕ ਕੇ ਗੁਰੂ ਚੇਲੇ ਦਾ ਫਰਕ ਮਿਟਾ ਦਿੱਤਾ। ਭਾਈ ਗੁਰਦਾਸ ਜੀ (ਦੂਜਾ) ਨੇ ਲਿਖਿਆ:

**ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।**
**ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਦੀਆਂ ਤੋਂ ਚੱਲੀ ਆ ਰਹੀ ਗੁਰੂ ਚੇਲੇ ਦੀ ਪ੍ਰਥਾ ਦਾ ਅੰਤ ਕਰ ਦਿੱਤਾ। ਉਨ੍ਹਾਂ ਨੇ ਆਪਣੇ ਹੱਥੀਂ ਖਾਲਸਾ ਸਜਾਏ ਪੰਜਾਂ ਸਿੰਘਾਂ ਦੇ ਹੱਥੋਂ ਆਪ ਅੰਮ੍ਰਿਤ-ਪਾਨ ਕੀਤਾ।

ਇਸ ਤਰ੍ਹਾਂ ਗੁਰੂ ਜੀ ਨੇ ਆਪਣੇ ਪੰਜ ਰਹਿਤਵਾਨ ਸਿੰਘਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਰਹਿ ਕੇ ਅੰਮ੍ਰਿਤ-ਸੰਚਾਰ ਕਰਨ ਦਾ ਅਧਿਕਾਰ ਦੇ ਦਿੱਤਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਜਪੁ ਜੀ ਸਾਹਿਬ ਵਿਚ

ਪੰਚਾਂ ਭਾਵ ਗੁਰਮੁਖਾਂ ਨੂੰ ਸ੍ਰੇਸ਼ਟ ਤੇ ਆਦਰਯੋਗ ਆਖਿਆ ਗਿਆ ਹੈ। ਗੁਰਬਾਣੀ ਵਿਚ ਸਿੱਖ ਤੇ ਗੁਰੂ ਨੂੰ ਇੱਕ ਹੀ ਸਮਝਿਆ ਗਿਆ ਹੈ, ਕਿਉਂਕਿ ਦੋਵਾਂ ਦਾ ਆਧਾਰ ਇੱਕੋ ਗੁਰਮਤਿ ਸਿਧਾਂਤ ਹੁੰਦਾ ਹੈ:

**-ਪੰਚ ਪਰਵਾਣ ਪੰਚ ਪਰਧਾਨੁ॥ ਪੰਚੇ ਪਾਵਹਿ ਦਰਗਹਿ ਮਾਨੁ॥**
**ਪੰਚੇ ਸੋਹਹਿ ਦਰਿ ਰਾਜਾਨੁ॥ ਪੰਚਾ ਕਾ ਗੁਰੁ ਏਕੁ ਧਿਆਨੁ॥** *(ਪੰਨਾ ੩)*
**-ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥** *(ਪੰਨਾ ੪੪੪)*

ਇਹ ਪੰਚ ਜਾਂ ਬ੍ਰਹਮਗਿਆਨੀ ਸਿੱਖ ਖਾਲਸੇ ਦੀ ਰਹਿਣੀ-ਬਹਿਣੀ ਵਿਚ ਪੂਰਨ ਹੋਣੇ ਚਾਹੀਦੇ ਹਨ। ਇਨ੍ਹਾਂ ਦੀ ਰਹਿਤ ਮਰਯਾਦਾ ਨਿਸ਼ਚਿਤ ਹੈ, ਜੋ ਕਿਸੇ ਵੀ ਸੂਰਤ ਵਿਚ ਭੰਗ ਨਹੀਂ ਹੋਣੀ ਚਾਹੀਦੀ। ਖਾਲਸਾ ਸਾਬਤ ਸੂਰਤਿ ਦਸਤਾਰ ਸਿਰਾ ਦੇ ਆਦਰਸ਼ ਅਨੁਸਾਰ ਹੋਣਾ ਚਾਹੀਦਾ ਹੈ। ਇਸ ਲਈ ਪੰਜ ਕਕਾਰ- ਕੇਸ, ਕਿਰਪਾਨ, ਕੰਘਾ, ਕਛਿਹਰਾ ਤੇ ਕੜਾ ਦਾ ਧਾਰਨ ਕਰਨਾ ਜ਼ਰੂਰੀ ਹੈ ਅਤੇ ਚਾਰ ਕੁਰਹਿਤਾਂ ਇਸ ਲਈ ਮਨ੍ਹਾਂ ਹਨ- ਤਮਾਕੂ, ਕੁੱਠਾ, ਪਰ-ਇਸਤਰੀ ਗਮਨ ਤੇ ਰੋਮਾਂ ਦੀ ਬੇਅਦਬੀ। ਇਸ ਤੋਂ ਇਲਾਵਾ ਖਾਲਸੇ ਲਈ ਬਾਣੀ ਤੇ ਬਾਣਾ ਦੋਵੇਂ ਇੱਕੋ ਜਿਹੇ ਜ਼ਰੂਰੀ ਹਨ। ਇਸ ਨੇ ਗੁਰਬਾਣੀ ਨੂੰ ਗੁਰੂ ਮੰਨਣਾ ਹੈ ਤੇ ਗੁਰੂ ਦੇ ਸ਼ਬਦ ਨੂੰ ਹਿਰਦੇ ਵਿਚ ਵਸਾ ਕੇ ਨਾਮ ਦੇ ਅੰਮ੍ਰਿਤ ਵਿਚ ਆਪਣੇ ਮਨ ਨੂੰ ਰੰਗਣਾ ਹੈ। ਖਾਲਸੇ ਨੂੰ ਸ਼ਸਤਰ ਬਸਤਰ ਸਜਾ ਕੇ ਰੱਖਣੇ ਚਾਹੀਦੇ ਹਨ। ਖਾਲਸੇ ਦਾ ਉਦੇਸ਼ ਸਿਰਫ ਆਪਣੇ ਲਈ ਜੀਣਾ ਨਹੀਂ, ਇਹ ਇਕ ਮਹਾਨ ਪਰਉਪਕਾਰੀ ਯੋਧਾ ਵੀ ਹੈ, ਇਸ ਨੇ ਧਰਤੀ 'ਤੇ ਮਜ਼ਲੂਮਾਂ ਦੀ ਸਹਾਇਤਾ ਕਰਨੀ ਹੈ ਤੇ ਜ਼ਾਲਮਾਂ ਦਾ ਵਿਰੋਧ ਕਰਨਾ ਹੈ। ਇਸ ਨੂੰ ਆਪਣਾ ਤਨ-ਮਨ-ਧਨ ਗੁਰੂ ਨੂੰ ਸੌਂਪ ਦੇਣਾ ਚਾਹੀਦਾ ਹੈ। ਖਾਲਸੇ ਲਈ ਇਹ ਸ਼ਰਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਖ ਦਿੱਤੀ ਸੀ:

**-ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥**
**ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥** *(ਪੰਨਾ ੧੪੧੨)*
**-ਧੰਨਿ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ॥**
**ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜ੍ਹੈ ਭਵ ਸਾਗਰ ਤਾਰੈ॥**
**ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉ ਉਜੀਆਰੈ॥**
**ਗਯਾਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥**

***(ਪਾਤਸ਼ਾਹੀ ੧੦)***

ਇਹ ਹੈ ਖਾਲਸੇ ਦਾ ਅੰਦਰਲਾ ਰੂਪ ਕਿ ਗਿਆਨ ਦਾ ਝਾੜੂ ਲੈ ਕੇ ਮਨ ਦੀ ਕਾਇਰਤਾ ਨੂੰ ਹੂੰਝ ਕੇ ਬਾਹਰ ਕੱਢ ਦੇਵੇ। ਖਾਲਸੇ ਨੇ ਅਜਿਹਾ ਹੀ ਕੀਤਾ। ਚੱਪੜਚਿੜੀ ਦੇ ਮੈਦਾਨ ਵਿਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਸਾਥੀ ਸਿੱਖ ਯੋਧਿਆਂ ਨੇ ਹਾਥੀ ਘੋੜਿਆਂ ਦੀ ਸੈਨਾ ਨੂੰ ਮਿੱਟੀ ਵਿਚ ਰੋਲ ਦਿੱਤਾ ਅਤੇ ੧੨ ਮਈ, ੧੭੧੦ ਈ. ਨੂੰ ਸਰਹੰਦ ਦੀ ਧਰਤੀ 'ਤੇ ਸਿੱਖ ਰਾਜ ਦਾ ਕੇਸਰੀ ਪਰਚਮ ਲਹਿਰਾ ਦਿੱਤਾ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਮਹਾਰਾਜਾ ਰਣਜੀਤ ਸਿੰਘ ਅਤੇ ਅਕਾਲੀ ਫੂਲਾ ਸਿੰਘ ਵਰਗੇ ਯੋਧੇ ਖਾਲਸਾ ਪੰਥ ਵਿਚ ਪੈਦਾ ਹੋਏ, ਜਿਨ੍ਹਾਂ ਨੇ ਬਦੇਸ਼ੀ ਜਰਵਾਣਿਆਂ ਨੂੰ ਬਾਹਰ ਧਕੇਲ ਦਿੱਤਾ। ਸਰਦਾਰ ਹਰੀ ਸਿੰਘ ਨਲਵਾ ਵਰਗੇ ਜਰਨੈਲ ਹੋਏ, ਜਿਨ੍ਹਾਂ ਤੋਂ ਖੂੰਖਾਰ ਪਠਾਣ ਵੀ ਭੈ ਖਾਂਦੇ ਸਨ। ਉਸ ਇਲਾਕੇ ਦੀਆਂ ਇਸਤਰੀਆਂ ਅਜੇ ਵੀ ਆਪਣੇ ਬੱਚਿਆਂ ਨੂੰ ਰੋਣ ਤੋਂ ਚੁੱਪ ਕਰਾਉਣ ਲਈ 'ਹਰੀਆ ਰਾਗਲੇ' ਕਹਿ ਕੇ ਡਰਾਉਂਦੀਆਂ ਹਨ। ਉਨ੍ਹਾਂ ਅੰਦਰ ਇਹ ਗੁਰਮਤਿ ਦੀ ਹੀ ਤਾਕਤ ਸੀ। ਖਾਲਸੇ ਨੇ ਅਨੇਕਾਂ ਬੇਮਿਸਾਲ ਜੰਗਾਂ ਲੜੀਆਂ, ਪਰ ਉਨ੍ਹਾਂ ਨੂੰ ਸਿੱਖ ਇਤਿਹਾਸ ਦਾ ਅੰਗ ਹੋਣ ਕਰਕੇ ਦੂਜੀਆਂ ਕੌਮਾਂ ਨੇ ਪੂਰੀ ਤਰ੍ਹਾਂ ਨਹੀਂ ਜਾਣਿਆ। ਇਸ ਦੇ ਮੁਕਾਬਲੇ 'ਤੇ ਅੰਗਰੇਜ਼ ਰਾਜ ਸਮੇਂ ਸਾਰਾਗੜ੍ਹੀ ਦੇ ਸਾਕੇ ਨੂੰ ਅੰਗਰੇਜ਼ ਅਫ਼ਸਰਾਂ ਨੇ ਅੱਖੀਂ ਵੇਖਿਆ ਅਤੇ ਵਾਇਰਲੈੱਸ 'ਤੇ ਕੰਨੀਂ ਸੁਣਿਆ ਸੀ। ਬਰਤਾਨੀਆਂ ਦੀ ਸਰਕਾਰ ਨੇ ਖਾਲਸੇ ਦੀ ਇਸ ਬੀਰਤਾ, ਕੁਰਬਾਨੀ ਤੇ ਨਿਰਭੈਤਾ ਦੀ ਆਪਣੀ ਪਾਰਲੀਮੈਂਟ ਵਿਚ ਸ਼ਲਾਘਾ ਕੀਤੀ।

ਖਾਲਸੇ ਦੀ ਉਪਮਾ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਬਹੁਤ ਕੁਝ ਕਿਹਾ ਹੈ। ਖਾਲਸੇ ਨੂੰ ਆਪਣਾ ਰੂਪ, ਆਪਣਾ ਇਸ਼ਟ, ਆਪਣਾ ਪਿੰਡ-ਪਰਾਨ ਤੇ ਸਤਿਗੁਰੂ ਪੂਰਾ ਆਖ ਕੇ ਖਾਲਸੇ ਦੀ ਉਪਮਾ ਵਰਣਨ ਤੋਂ ਬਾਹਰ ਦੱਸੀ ਹੈ ਤੇ ਅਖੀਰ ਵਿਚ ਇਹ ਵੀ ਕਿਹਾ ਹੈ ਕਿ ਇਹਦੇ ਵਿਚ ਕੋਈ ਅਤਿਕਥਨੀ ਨਹੀਂ ਹੈ। ਇਹ ਮੈਂ ਪਾਰਬ੍ਰਹਮ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਾਖੀ ਰੱਖ ਕੇ ਕਹਿ ਰਹਿ ਹਾਂ:

**ਖਾਲਸਾ ਮੇਰੋ ਰੂਪ ਹੈ ਖਾਸ। ਖ਼ਾਲਸੇ ਮਹਿ ਹਉਂ ਕਰਉ ਨਿਵਾਸ।**
**ਖ਼ਾਲਸਾ ਮੇਰੋ ਇਸ਼ਟ ਸੁਹਿਰਦ। ਖ਼ਾਲਸਾ ਮੇਰੋ ਕਹੀਅਤਿ ਬਿਰਦ।**
**ਖ਼ਾਲਸਾ ਮੇਰੋ ਪਿੰਡ ਪ੍ਰਾਨ। ਖ਼ਾਲਸਾ ਮੇਰੀ ਜਾਨ ਕੀ ਜਾਨ।**
**ਖ਼ਾਲਸਾ ਮੇਰੋ ਸਤਿਗੁਰ ਪੂਰਾ। ਖ਼ਾਲਸਾ ਮੇਰੋ ਸ੍ਵਜਨ ਸੂਰਾ।**
**ਸੇਸ ਰਸਨ ਸਾਰਦ ਸੀ ਬੁਧਿ। ਤਦਪਿ ਨ ਉਪਮਾ ਬਰਨਤ ਸ਼ੁਧ।**
**ਯਾ ਮਹਿ ਰੰਚ ਨ ਮਿਥਿਆ ਭਾਖੀ। ਪਾਰਬ੍ਰਹਮ ਗੁਰ ਨਾਨਕ ਸਾਖੀ॥**

*(ਸਰਬਲੋਹ ਗ੍ਰੰਥ)*

ਖਾਲਸਾ ਗੁਰੂ ਦਾ ਪੈਰੋਕਾਰ ਹੀ ਨਹੀਂ, ਸਗੋਂ ਗੁਰੂ-ਘਰ ਦਾ ਅਸਲੀ ਵਾਰਿਸ ਵੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਸੇ ਨਾਲ ਜੰਗ-ਯੁੱਧ ਕਰਨ ਲਈ ਜਾਂ ਕਿਸੇ ਵਿਸ਼ੇਸ਼ ਧਰਮ ਦੀ ਰਾਖੀ ਲਈ ਖਾਲਸਾ ਫੌਜ ਤਿਆਰ ਨਹੀਂ ਸੀ ਕੀਤੀ। ਇਹ ਮਨੁੱਖੀ ਵਿਕਾਸ ਦਾ ਸਿਖ਼ਰ ਸੀ। ਗੁਰੂ ਸਾਹਿਬ ਦੇ ਮਨ ਵਿਚ ਖਾਲਸਾ ਦਾ ਦਰਜਾ ਬਹੁਤ ਉੱਚਾ ਸੀ। ਇਸ ਦੇ ਉਦੇਸ਼ ਬਾਰੇ ਗੁਰੂ ਸਾਹਿਬ ਨੇ ਫੁਰਮਾਇਆ ਹੈ:

**ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨ ਮੰ॥**
**ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਨ॥**

*(ਬਚਿਤ੍ਰ ਨਾਟਕ)*

ਆਮ ਤੌਰ 'ਤੇ ਸਿੱਖ ਗੁਰੂ ਦੀ ਕਿਰਪਾ ਦਾ ਪਾਤਰ ਹੁੰਦਾ ਹੈ ਪਰ ਗੁਰੂ ਸਾਹਿਬ ਨੇ ਆਪਣੇ ਆਪ ਉੱਤੇ ਖਾਲਸੇ ਦੀ ਕਿਰਪਾ ਦਾ ਸ਼ੁਕਰਾਨਾ ਕੀਤਾ ਹੈ। ਜਿਵੇਂ ਸਿੱਖ ਗੁਰੂ ਨੂੰ ਆਪਣਾ ਤਨ-ਮਨ-ਧਨ ਸੌਂਪ ਦਿੰਦਾ ਹੈ, ਇਸ ਤਰ੍ਹਾਂ ਗੁਰੂ ਜੀ ਨੇ ਆਪਣਾ ਸਭ ਕੁਝ ਖਾਲਸੇ ਨੂੰ ਅਰਪਨ ਕੀਤਾ ਹੈ। ਇਸ ਤੋਂ ਵੱਧ ਖਾਲਸੇ ਦੀ ਹੋਰ ਕੀ ਵਡਿਆਈ ਹੋ ਸਕਦੀ ਹੈ:

**-ਜੁੱਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ॥**
**ਅਘ ਅਉਘ ਟਰੇ ਇਨਹੀ ਕੇ ਪ੍ਰਸਾਦਿ ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ॥**
**ਇਨਹੀ ਕੇ ਪ੍ਰਸਾਦਿ ਸੁਬਿਦਿਆ ਲਈ ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ॥**
**ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀ ਮੋ ਸੇ ਗਰੀਬ ਕਰੋਰ ਪਰੇ॥** *(ਦਸਮ ਗ੍ਰੰਥ)*
**-ਸੇਵ ਕਰੀ ਇਨਹੀ ਕੀ ਭਾਵਤ ਅਉਰ ਕੀ ਸੇਵ ਸੁਹਾਤ ਨ ਜੀ ਕੋ॥**
**ਦਾਨ ਦਯੋ ਇਨਹੀ ਕੋ ਭਲੋ ਅਰੁ ਆਨ ਕੋ ਦਾਨ ਨ ਲਾਗਤ ਨੀਕੋ॥**
**ਆਗੈ ਫਲੈ ਇਨਹੀ ਕੋ ਦਯੋ ਜਗ ਮੈ ਜਸੁ ਅਉਰ ਦਯੋ ਸਭ ਫੀਕੋ॥**
**ਮੋ ਗ੍ਰਹ ਮੈ ਤਨ ਤੇ ਮਨ ਤੇ ਸਿਰ ਲਉ ਧਨ ਹੈ ਸਭ ਹੀ ਇਨਹੀ ਕੋ॥**

*(ਗਿਆਨ ਪ੍ਰਬੋਧ)*

ਵੱਖਰੀ ਪਛਾਣ ਕਿਸੇ ਵੀ ਧਰਮ ਦੀ ਹੋਂਦ ਲਈ ਬਹੁਤ ਜ਼ਰੂਰੀ ਪੱਖ ਹੁੰਦਾ ਹੈ। ਖਾਲਸੇ ਦੇ ਮਹਾਨ ਉਦੇਸ਼ ਨੂੰ ਮੁੱਖ ਰੱਖ ਕੇ ਇਸ ਨੂੰ ਸਾਰੇ ਜਗਤ ਤੋਂ ਨਿਰਾਲਾ ਰੂਪ ਦਿੱਤਾ ਗਿਆ ਹੈ। ਖਾਲਸੇ ਦਾ ਸਰੂਪ, ਸਿਧਾਂਤ, ਕਾਰਜ, ਨਿਸ਼ਾਨਾ ਵਿਲੱਖਣ, ਵਿਸ਼ੇਸ਼ ਅਤੇ ਨਿਆਰਾ ਹੈ। ਇਸ ਦੇ ਨਿਆਰੇ ਰਹਿਣ ਵਿਚ ਹੀ ਪਰਮਾਤਮਾ ਦੀਆਂ ਸਭ ਬਰਕਤਾਂ

ਤੇ ਸ਼ਕਤੀਆਂ ਹਨ। ਨਿਰਾਲੇ ਰੂਪ ਕਾਰਨ ਖਾਲਸੇ ਨੂੰ ਕੁਝ ਮੁਸ਼ਕਿਲਾਂ ਤੇ ਚੁਣੌਤੀਆਂ ਵੀ ਪੇਸ਼ ਆ ਰਹੀਆਂ ਹਨ। ਇਨ੍ਹਾਂ ਦਾ ਟਾਕਰਾ ਦ੍ਰਿੜ੍ਹਤਾ ਨਾਲ ਕਰਨ ਦੀ ਲੋੜ ਹੈ, ਤਾਂ ਜੋ ਖਾਲਸੇ ਦੇ ਨਿਰਾਲੇ ਰੂਪ ਨੂੰ ਕਾਇਮ ਰੱਖਿਆ ਜਾ ਸਕੇ:

**ਖਾਲਸਾ ਅਕਾਲ ਪੁਰਖ ਕੀ ਫੌਜ। ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ।**
**ਜਬ ਲਗ ਖਾਲਸਾ ਰਹੇ ਨਿਆਰਾ। ਤਬ ਲਗ ਤੇਜ ਦੀਉ ਮੈਂ ਸਾਰਾ।**

*(ਸਰਬਲੋਹ ਗ੍ਰੰਥ)*

**ਪਾਂਚ ਕੀ ਕੁਸੰਗਤ ਤਜਿ ਸੰਗਤਿ ਸੋ ਪ੍ਰੀਤਿ ਕਰੇ।**
**ਦਯਾ ਔ ਧਰਮ ਧਾਰਿ ਤਿਆਗੇ ਸਭ ਲਾਲਸਾ।**
**ਹੁਕਾ ਨਾ ਪੀਵੈ ਸੀਸ ਦਾੜੀ ਨਾ ਮੁਡਾਵੈ।**
**ਸੋ ਤੋ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜੀ ਕਾ ਖਾਲਸਾ।** *(ਸ੍ਰੀ ਗੁਰ ਸੋਭਾ)*

ਚੜ੍ਹਦੀ ਕਲਾ ਦਾ ਗੁਣ ਖਾਲਸੇ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ। ਇਤਿਹਾਸ ਗਵਾਹ ਹੈ ਕਿ ਬਹੁਤ ਸੰਕਟ ਦੇ ਸਮੇਂ ਵੀ ਸਿੱਖਾਂ ਨੇ ਕਦੀ ਹੌਸਲਾ ਨਹੀਂ ਛੱਡਿਆ। ਚਮਕੌਰ ਦੀ ਗੜ੍ਹੀ, ਖਿਦਰਾਣੇ ਦੀ ਢਾਬ ਤੇ ਬਹੁਤ ਅਸਾਵੀਂਆਂ ਲੜਾਈਆਂ ਵਿਚ ਘੱਟ-ਗਿਣਤੀ ਵਿਚ ਹੁੰਦਿਆਂ ਵੀ ਬੀਰਤਾ ਨਾਲ ਕਈ ਗੁਣਾਂ ਵੱਧ ਦੁਸ਼ਮਣ ਦਾ ਮੁਕਾਬਲਾ ਕੀਤਾ। ਛੋਟੇ ਘੱਲੂਘਾਰੇ ਅਤੇ ਵੱਡੇ ਘੱਲੂਘਾਰੇ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ। ਇਸ ਦੇ ਬਾਵਜੂਦ ਉਨ੍ਹਾਂ ਦੇ ਸੰਘਰਸ਼ ਵਿਚ ਕੋਈ ਢਿੱਲ ਨਹੀਂ ਆਈ। ਉਨ੍ਹਾਂ ਨੇ ਅੱਗੇ ਤੋਂ ਵੀ ਵੱਧ ਸ਼ਕਤੀ ਨਾਲ ਦੁਸ਼ਮਣ ਦਾ ਮੁਕਾਬਲਾ ਕੀਤਾ ਤੇ ਫ਼ਤਿਹ ਪ੍ਰਾਪਤ ਕੀਤੀ। ਇਸ ਤਰ੍ਹਾਂ ਉਲਟ ਹਾਲਤ ਵਿਚ ਵੀ ਚੜ੍ਹਦੀ ਕਲਾ ਵਿਚ ਰਹਿੰਦਿਆਂ ਸਾਹਮਣਾ ਕਰਨ ਦੀ ਦਾਤ ਸਿਰਫ ਤੇ ਸਿਰਫ ਖਾਲਸੇ ਨੂੰ ਹੀ ਪ੍ਰਾਪਤ ਹੈ।

ਖਾਲਸਾ ਆਚਾਰ, ਵਿਹਾਰ, ਸਦਾਚਾਰ, ਸੀਲ-ਸੰਜਮ, ਤਿਆਗ, ਕੁਰਬਾਨੀ, ਭਗਤੀ, ਸ਼ਕਤੀ, ਚੜ੍ਹਦੀ ਕਲਾ ਦੇ ਸਦਗੁਣਾਂ ਨਾਲ ਭਰਪੂਰ ਹੈ। ਖਾਲਸੇ ਦੀ ਉਤਪਤੀ ਅਕਾਲ ਪੁਰਖ ਦੇ ਹੁਕਮ ਅਨੁਸਾਰ ਗੁਰੂ ਸਾਹਿਬਾਨ ਤੇ ਹੋਰ ਭਗਤ ਸਾਹਿਬਾਨ ਦੀ ਬਾਣੀ, ਗੁਰੂ ਸਾਹਿਬਾਨ ਦੇ ਉੱਚੇ-ਸੁੱਚੇ ਕਰਨੀ ਵਾਲੇ ਜੀਵਨ, ਉਨ੍ਹਾਂ ਦੀ ਲੰਮੀ ਘਾਲਣਾ, ਅਗੰਮੀ ਸੋਚ, ਕ੍ਰਾਂਤੀਕਾਰੀ ਦਾਰਸ਼ਨਿਕ ਸਿਧਾਂਤ, ਤ੍ਰੈ-ਕਾਲ ਦ੍ਰਿਸ਼ਟੀ ਅਤੇ ਬੇ-ਮਿਸਾਲ ਕੁਰਬਾਨੀਆਂ ਵਿੱਚੋਂ ਹੋਈ ਹੈ। ਇਸ ਤਰ੍ਹਾਂ ਖਾਲਸੇ ਦੀ ਉਤਪਤੀ ਵਿਚ ਬਹੁਤ ਵਿਸ਼ਾਲ ਪੱਧਰ 'ਤੇ ਸੰਸਾਰਿਕ ਅਤੇ ਆਤਮਿਕ ਯਤਨ ਲੱਗੇ ਹੋਏ ਹਨ। ਕਿਸੇ ਵੀ ਵਕਤੀ ਜਥੇਬੰਦੀ ਨੂੰ ਕਾਇਮ ਕਰਨ ਲਈ ਏਡਾ ਲੰਮਾ ਚੌੜਾ ਪਿਛੋਕੜ, ਇਤਿਹਾਸ ਅਤੇ ਪਰੰਪਰਾਵਾਂ ਕਾਇਮ ਕਰਨ ਦੀ ਲੋੜ ਨਹੀਂ ਹੁੰਦੀ। ਖਾਲਸਾ ਮਨੁੱਖਤਾ ਦੀ ਸਰਬ ਸਮੇਂ ਲਈ ਅਤੇ ਸਰਬ ਸਥਾਨ ਲਈ ਕੀਮਤੀ ਵਿਰਾਸਤ ਹੈ। ਮਨੁੱਖ ਦੀਆਂ ਬਣਾਈਆਂ ਜਥੇਬੰਦੀਆਂ ਅਤੇ ਸਭਾ-ਸੁਸਾਇਟੀਆਂ ਵਕਤੀ ਹੋ ਸਕਦੀਆਂ ਹਨ, ਪਰ ਖਾਲਸਾ ਅਕਾਲ ਪੁਰਖ ਦੀ ਸਾਜਣਾ ਹੈ, ਇਹ ਵਕਤੀ ਨਹੀਂ ਹੋ ਸਕਦਾ; ਕਿਉਂਕਿ ਅਕਾਲ ਪੁਰਖ ਆਪ ਕਾਲ ਤੋਂ ਰਹਿਤ ਹੈ ਤੇ ਉਸ ਦੀ ਰਚਨਾ ਵੀ ਸਦੀਵ-ਕਾਲ ਲਈ ਹੁੰਦੀ ਹੈ। ਜੋ ਲੋਕ ਇਸ ਨੂੰ ਵਕਤੀ ਜ਼ਰੂਰਤ ਦੀ ਚੀਜ਼ ਦੱਸ ਕੇ ਇਸ ਦੀ ਵੱਖਰੀ ਪਛਾਣ ਨੂੰ ਬੇਲੋੜੀ ਆਖ ਰਹੇ ਹਨ, ਉਨ੍ਹਾਂ ਦੀ ਇਹ ਬਹੁਤ ਵੱਡੀ ਭੁੱਲ ਹੈ। ਉਨ੍ਹਾਂ ਦੀ ਇਹ ਸੋਚ ਅਗਿਆਨਤਾ ਜਾਂ ਈਰਖਾ ਦੀ ਉਪਜ ਹੈ।

ਅੱਜ ਅਸੀਂ ਖਾਲਸਈ ਸੱਭਿਆਚਾਰ ਤਿਆਗ ਕੇ ਪਦਾਰਥਵਾਦ ਅਤੇ ਪੱਛਮੀ ਸੱਭਿਆਚਾਰ ਦੀ ਚਕਾਚੌਂਧ ਵਿਚ ਉਲਝ ਕੇ ਰਹਿ ਗਏ ਹਾਂ। ਅੱਜ ਲੋੜ ਹੈ ਪੰਥ ਸੰਸਥਾਵਾਂ, ਸਿੱਖ ਸੰਪਰਦਾਵਾਂ, ਸਭਾ-ਸੁਸਾਇਟੀਆਂ, ਸਿਆਸੀ ਅਤੇ ਧਾਰਮਿਕ ਆਗੂਆਂ ਨੂੰ ਇਕ-ਜੁੱਟ ਹੋ ਕੇ ਹੰਭਲਾ ਮਾਰਨ ਦੀ ਤਾਂ ਜੋ ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਸੰਭਾਲ ਸਕੀਏ ਅਤੇ ਸਿੱਖੀ ਸਰੂਪ ਅਤੇ ਕਿਰਦਾਰ ਵਾਲਾ ਬਣਾ ਸਕੀਏ।

■

# ਪੰਜ ਪਿਆਰਿਆਂ ਦਾ ਅਦੁੱਤੀ ਸੰਕਲਪ

*-ਡਾ. ਜਸਪਾਲ ਸਿੰਘ**

੧੬੯੯ ਈ: ਦੀ ਵੈਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਇਕ ਅਜਿਹੀ ਘਟਨਾ ਵਾਪਰੀ, ਜਿਸ ਨੇ ਸਦੀਆਂ ਤੋਂ ਵਹਿਣ ਵਿਚ ਵਹਿ ਰਹੇ ਭਾਰਤੀ ਇਤਿਹਾਸ ਦਾ ਰੁਖ ਮੋੜ ਦਿੱਤਾ। ਇਤਿਹਾਸ ਦੇ ਪੰਨਿਆਂ ਵਿਚ ਇਸ ਦਿਨ ਤੋਂ ਪਹਿਲਾਂ ਅਤੇ ਬਾਅਦ ਦੇ ਭਾਰਤ ਵਿਚ ਜ਼ਮੀਨ-ਅਸਮਾਨ ਦਾ ਅੰਤਰ ਸਪਸ਼ਟ ਨਜ਼ਰ ਆਉਂਦਾ ਹੈ। ਘਟਨਾਕ੍ਰਮ ਦੀ ਤਫਸੀਲ ਦੁਹਰਾਉਣ ਦੀ ਲੋੜ ਨਹੀਂ। ਸਾਰਾ ਵਿਸ਼ਵ ਜਾਣਦਾ ਹੈ ਇਸ ਇਤਿਹਾਸਿਕ ਵੈਸਾਖੀ ਵਾਲੇ ਦਿਨ ਹਜ਼ਾਰਾਂ ਸੰਗਤਾਂ ਦੇ ਇਕੱਠ ਸਾਹਮਣੇ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਏ ਤਾਂ ਉਨ੍ਹਾਂ ਦੇ ਚਿਹਰੇ 'ਤੇ ਅਦੁੱਤੀ ਜਲਾਲ ਸੀ ਅਤੇ ਹੱਥ ਵਿਚ ਨੰਗੀ ਤੇਗ। ਆਪਣੇ ਮਨ-ਮੰਦਰ ਵਿਚ ਪਹਿਲਾਂ ਤੋਂ ਉਲੀਕੇ ਪ੍ਰੋਗਰਾਮ ਅਨੁਸਾਰ ਉਨ੍ਹਾਂ ਨੇ ਆਪਣੇ ਪੈਰੋਕਾਰਾਂ ਪਾਸੋਂ ਇਕ ਸਿਰ ਦੀ ਮੰਗ ਕੀਤੀ। ਸਾਰਾ ਇਕੱਠ ਇਸ ਵਚਿੱਤਰ ਮੰਗ ਨੂੰ ਸੁਣ ਕੇ ਇਕ ਵਾਰ ਤ੍ਰਭਕ ਗਿਆ, ਸਨਸਨੀ ਛਾ ਗਈ ਪਰ ਇਕ ਸਿੱਖ ਉੱਠਿਆ ਤੇ ਉਸ ਨੇ ਆਪਣਾ-ਆਪ ਗੁਰੂ ਜੀ ਦੀ ਭੇਟ ਕਰ ਦਿੱਤਾ। ਗੁਰੂ ਸਾਹਿਬ ਉਸ ਨੂੰ ਨਾਲ ਲੱਗੇ ਤੰਬੂ ਵਿਚ ਲੈ ਗਏ। ਥੋੜ੍ਹੀ ਦੇਰ ਬਾਅਦ ਨੰਗੀ ਕ੍ਰਿਪਾਨ ਲੈ ਕੇ ਤੰਬੂ ਤੋਂ ਬਾਹਰ ਆਏ ਅਤੇ ਇਕ ਹੋਰ ਸਿਰ ਦੀ ਮੰਗ ਕੀਤੀ। ਦੂਜੀ ਵਾਰ ਫਿਰ ਸੰਗਤ ਵਿਚ ਸਨਸਨੀ ਛਾ ਗਈ ਪਰ ਇਸ ਵਾਰ ਵੀ ਇਕ ਗੁਰੂ ਦਾ ਸਿੱਖ ਤੁਰ ਪਿਆ ਆਪਣਾ ਸੀਸ ਭੇਟ ਕਰਨ ਲਈ। ਇਸ ਤਰ੍ਹਾਂ ਪੰਜ ਵਾਰ ਗੁਰੂ ਸਾਹਿਬ ਨੇ ਸੰਗਤਾਂ ਦੇ ਇਕੱਠ ਵਿਚ ਸੀਸ ਦੀ ਮੰਗ ਕੀਤੀ ਅਤੇ ਪੰਜੇ ਵਾਰ ਗੁਰੂ ਦੀ ਸੰਗਤ ਪ੍ਰੀਖਿਆ 'ਚੋਂ ਪਾਸ ਹੋਈ। ਆਖਰ ਗੁਰੂ ਜੀ ਆਪਣੇ ਪੰਜਾਂ ਸਿੱਖਾਂ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਅਤੇ ਭਾਈ ਸਾਹਿਬ ਸਿੰਘ ਨਾਲ ਤੰਬੂ ਵਿੱਚੋਂ ਬਾਹਰ ਨਿਕਲੇ। ਖੰਡੇ-ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਅਤੇ ਇਨ੍ਹਾਂ ਪੰਜ ਮਰਜੀਵੜਿਆਂ ਨੂੰ ਅੰਮ੍ਰਿਤ ਪਾਨ ਕਰਾ ਕੇ 'ਪੰਜਾਂ ਪਿਆਰਿਆਂ' ਦਾ ਖ਼ਿਤਾਬ ਦਿੱਤਾ। ਜਦੋਂ ਪੰਜਾਂ ਪਿਆਰਿਆਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲਈ ਤਾਂ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਇਕ ਹੋਰ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਲਈ ਕਿਹਾ। ਅੰਮ੍ਰਿਤ ਤਿਆਰ ਹੋ ਜਾਣ 'ਤੇ ਗੁਰੂ ਸਾਹਿਬ ਆਪਣੇ ਹੀ ਸਿੱਖਾਂ ਅੱਗੇ ਹੱਥ ਬੰਨ੍ਹ ਕੇ ਖੜ੍ਹੇ ਹੋ ਗਏ ਅਤੇ ਬੇਨਤੀ ਕੀਤੀ ਕਿ ਅੰਮ੍ਰਿਤ ਦੀ ਦਾਤ ਮੈਨੂੰ ਵੀ ਬਖ਼ਸ਼ੋ। ਬੜੀ ਹੈਰਾਨੀ ਨਾਲ ਪੰਜਾਂ ਪਿਆਰਿਆਂ ਨੇ ਅੰਮ੍ਰਿਤ-ਦਾਤੇ ਗੁਰੂ ਵੱਲ ਸੁਆਲੀਆ ਨਿਗਾਹਾਂ ਨਾਲ ਤੱਕਿਆ। ਗੁਰੂ ਸਾਹਿਬ ਨੇ ਉਨ੍ਹਾਂ ਦੀਆਂ ਸ਼ੰਕਾਵਾਂ ਨਿਵਿਰਤ ਕਰਦਿਆਂ ਫੁਰਮਾਇਆ ਕਿ ਖਾਲਸਾ ਅਕਾਲ ਪੁਰਖ ਦੇ ਹੁਕਮ ਅਨੁਸਾਰ ਪ੍ਰਗਟ ਹੋਇਆ ਹੈ ਅਤੇ ਉਨ੍ਹਾਂ ਦਾ ਵੀ ਇਸ ਵਿਚ ਸ਼ਾਮਲ ਹੋਣਾ ਲਾਜ਼ਮੀ ਹੈ। ਖਾਲਸਾ ਉਨ੍ਹਾਂ ਦੀ ਜ਼ਾਤੀ ਜਮਾਤ ਨਹੀਂ, ਸਗੋਂ ਅਕਾਲ ਪੁਰਖ ਦੀ ਫੌਜ ਹੈ ਅਤੇ ਉਹ ਆਪ ਇਸ ਫੌਜ ਦਾ ਹਿੱਸਾ ਬਣਨਾ ਚਾਹੁੰਦੇ ਹਨ। ਇਸ ਤਰ੍ਹਾਂ 'ਆਪੇ ਗੁਰ ਚੇਲਾ' ਕਹਾਉਣ ਵਾਲੇ ਗੁਰੂ ਨੇ 'ਪੰਜਾਂ ਪਿਆਰਿਆਂ' ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਆਪਣੇ-ਆਪ ਨੂੰ ਖਾਲਸੇ ਵਿਚ ਅਭੇਦ ਕਰ ਲਿਆ। ਇਸ ਤੋਂ ਬਾਅਦ ਪੰਜ ਹੋਰ ਮਰਜੀਵੜਿਆਂ ਨੇ ਜਾਤ-ਪਾਤ ਦੇ ਬੰਧਨਾਂ ਤੋਂ ਮੁਕਤ ਹੋ ਕੇ ਅੰਮ੍ਰਿਤ ਹਾਸਲ ਕਰਨ ਲਈ ਆਪਣੇ-ਆਪ ਨੂੰ ਪੇਸ਼ ਕੀਤਾ। ਇਨ੍ਹਾਂ ਪੰਜਾਂ ਸਿੱਖਾਂ ਦੇ ਨਾਂ ਕੁਝ ਇਤਿਹਾਸਕਾਰਾਂ ਨੇ ਇਸ ਤਰ੍ਹਾਂ ਦਰਜ ਕੀਤੇ ਹਨ, ਭਾਈ ਰਾਮ ਸਿੰਘ, ਭਾਈ ਦੇਸਾ ਸਿੰਘ, ਭਾਈ ਟਹਿਲ ਸਿੰਘ, ਭਾਈ ਈਸ਼ਰ ਸਿੰਘ ਤੇ ਭਾਈ ਫਤਹਿ ਸਿੰਘ। ਇਹ ਵੀ ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਇਨ੍ਹਾਂ ਪੰਜਾਂ ਨੂੰ 'ਪੰਜ ਮੁਕਤੇ' ਦਾ ਖ਼ਿਤਾਬ ਦਿੱਤਾ ਸੀ। ਇਤਿਹਾਸ ਸਾਖੀ ਹੈ ਕਿ ਇਸ ਸਾਰੇ ਵਰਤਾਰੇ ਤੋਂ ਬਾਅਦ ਹਜ਼ਾਰਾਂ ਸਿੱਖ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਖਾਲਸਾ ਜਥੇਬੰਦੀ ਵਿਚ ਸ਼ਾਮਲ ਹੋ

**ਸਾਬਕਾ ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ।*

ਗਏ। ਸਰ ਮੁਹੰਮਦ ਲਤੀਫ਼ ਦੀ 'ਹਿਸਟਰੀ ਆਫ਼ ਪੰਜਾਬ' ਅਨੁਸਾਰ ਪਹਿਲੇ ਪੰਦਰਾਂ ਦਿਨਾਂ ਵਿਚ ਹੀ ੮੦ ਹਜ਼ਾਰ ਤੋਂ ਵੱਧ ਲੋਕੀਂ ਸ੍ਰੀ ਅਨੰਦਪੁਰ ਸਾਹਿਬ ਪੁੱਜ ਚੁੱਕੇ ਸਨ ਅਤੇ ਗੁਰੂ ਸਾਹਿਬ ਦਾ ਮਾਰਗ ਅਪਣਾਉਣ ਲਈ ਤਤਪਰਤਾ ਨਾਲ ਆਪਣਾ-ਆਪ ਪੇਸ਼ ਕਰ ਰਹੇ ਸਨ। ਇਤਿਹਾਸ ਦੀ ਜੇ ਬਰੀਕੀ ਨਾਲ ਘੋਖ ਕਰੀਏ ਤਾਂ ਇਹ ਤੱਥ ਉਭਰ ਕੇ ਸਾਹਮਣੇ ਆਉਂਦਾ ਹੈ ਕਿ 'ਪੰਜਾਂ ਪਿਆਰਿਆਂ' ਦਾ ਸੰਕਲਪ ਸਿੱਖ ਪਰੰਪਰਾ ਦਾ ਇਕ ਅਦੁੱਤੀ ਕਿਸਮ ਦਾ ਸੰਕਲਪ ਹੈ ਅਤੇ ਕੋਈ ਅਤਿਕਥਨੀ ਨਹੀਂ ਕਿ ਇਹੋ ਜਿਹੇ ਇਨਕਲਾਬੀ ਸੰਕਲਪ ਦੀ ਹੋਰ ਮਿਸਾਲ ਸਾਨੂੰ ਦੁਨੀਆਂ ਦੇ ਇਤਿਹਾਸ 'ਚੋਂ ਨਹੀਂ ਮਿਲਦੀ। ਕੁਝ ਐਸੇ ਸਿਧਾਂਤਕ ਨੁਕਤੇ ਹਨ, ਜਿਨ੍ਹਾਂ ਦਾ ਤਫਸੀਲ ਨਾਲ ਮੈਂ ਇੱਥੇ ਜ਼ਿਕਰ ਕਰ ਰਿਹਾ ਹਾਂ। ਇਸ ਮਹਾਨ ਕ੍ਰਿਸ਼ਮੇ ਬਾਰੇ ਜਿਹੜੀ ਸਭ ਤੋਂ ਪਹਿਲੀ ਗੱਲ ਮੇਰੇ ਜ਼ਿਹਨ ਵਿਚ ਆਉਂਦੀ ਹੈ, ਉਹ ਇਹ ਹੈ ਕਿ ਜੋ ਇਤਿਹਾਸਿਕ ਚਮਤਕਾਰ ੧੬੯੯ ਈ: ਦੀ ਵੈਸਾਖੀ ਨੂੰ ਵਾਪਰਿਆ, ਉਸ ਦੇ ਪਿਛੋਕੜ ਵਿਚ ਸਮੁੱਚੀ ਗੁਰੂ ਪਰੰਪਰਾ ਖੜ੍ਹੀ ਹੈ। ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਨਿਰੰਤਰਤਾ ਨਾਲ ਖਾਲਸਾ ਪੰਥ ਦੀ ਸਿਰਜਣਾ ਦਾ ਕਾਰਜ ਚੱਲ ਰਿਹਾ ਸੀ, ਜਿਸ ਨੂੰ ਅੰਤਿਮ ਛੋਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤੀ। ਅਮਲੀ ਰੂਪ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਾਰਗ ਨੂੰ ਹੀ 'ਪੰਜ ਪਿਆਰੇ' ਸਿਰਜ ਕੇ ਪ੍ਰਤੱਖ ਰੂਪ ਵਿਚ ਪ੍ਰਗਟ ਕੀਤਾ ਗਿਆ ਸੀ।ਦੋ ਗਵਾਹੀਆਂ ਕਾਫ਼ੀ ਹਨ ਇਸ ਤੱਥ ਦੀ ਪ੍ਰੋੜ੍ਹਤਾ ਕਰਨ ਲਈ। ਪਹਿਲੀ ਗੱਲ ਕਿ ਹਿੰਦੁਸਤਾਨ ਦੇ ਕੋਨੇ-ਕੋਨੇ ਤੋਂ ਚੱਲ ਕੇ ਤਕਰੀਬਨ ੮੦ ਹਜ਼ਾਰ ਦੀ ਗਿਣਤੀ ਵਿਚ ਲੋਕਾਂ ਦਾ ਇਸ ਮੌਕੇ 'ਤੇ ਸ੍ਰੀ ਅਨੰਦਪੁਰ ਸਾਹਿਬ ਪਹੁੰਚਣਾ ਇਸ ਗੱਲ ਦਾ ਸਪਸ਼ਟ ਪ੍ਰਮਾਣ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਤੋਂ ਬਾਅਦ ਸਮੁੱਚੀ ਗੁਰੂ ਪਰੰਪਰਾ ਦੇ ਯਤਨਾਂ ਦੁਆਰਾ ਸਿੱਖੀ ਦਾ ਪ੍ਰਸਾਰ ਪੂਰੇ ਹਿੰਦੁਸਤਾਨ ਵਿਚ ਹੋ ਚੁੱਕਾ ਸੀ। ਕੋਈ ਸ਼ੱਕ ਨਹੀਂ ਕਿ ਇਹ ਇਕੱਠ ਉਸੇ ਸਿੱਖੀ ਦਾ ਸੀ, ਜਿਹੜੀ ਸਿੱਖੀ ਗੁਰੂ ਪਰੰਪਰਾ ਦੇ ਨਿਰੰਤਰ ਦੋ ਸਦੀਆਂ ਦੇ ਪ੍ਰਚਾਰ ਨਾਲ ਫੈਲੀ ਸੀ। ਫਿਰ ਜਿਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਿਰਾਂ ਦੀ ਮੰਗ ਸੰਗਤਾਂ ਦੇ ਇਕੱਠ ਵਿੱਚੋਂ ਪੂਰੀ ਹੋਈ, ਇਸ ਤੱਥ ਦੀ ਪ੍ਰੋੜ੍ਹਤਾ ਹੁੰਦੀ ਹੈ ਕਿ ਉਦੋਂ ਤਕ ਸਿੱਖ ਸਮਾਜ ਕੁਰਬਾਨੀ ਦਾ ਪਾਠ ਪੜ੍ਹ ਚੁੱਕਾ ਸੀ। ਸਪਸ਼ਟ ਹੈ ਕਿ ਜੋ ਕੁਝ ਵਚਿੱਤਰ ਵਿਹਾਰਕ ਰੂਪ ਵਿਚ ੧੬੯੯ ਈ: ਦੀ ਵੈਸਾਖੀ ਨੂੰ ਵਾਪਰਿਆ, ਉਹ ਬੀਜ ਰੂਪ ਵਿਚ, ਇਕ ਸਿਧਾਂਤ ਦੀ ਤਰ੍ਹਾਂ ਪਹਿਲਾਂ ਤੋਂ ਮੌਜੂਦ ਸੀ। ਮੇਰੀ ਤਾਂ ਮਾਨਤਾ ਹੈ ਕਿ ਜਿਹੜੀ ਪੰਜਾਂ ਪਿਆਰਿਆਂ ਦੀ ਸੰਸਥਾ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਦੁੱਤੀ ਵਿਧੀ ਰਾਹੀਂ ਲੋਕਾਂ ਦੇ ਸਨਮੁਖ ਪ੍ਰਗਟ ਕੀਤਾ ਸੀ, ਦਾ ਵਿਚਾਰਧਾਰਕ ਮੁੱਢ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਬੰਨ੍ਹਿਆ ਗਿਆ ਸੀ। ਦੂਜੀ ਗੱਲ ਮੈਂ ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੀ ਉਸ ਵਿਚਾਰਧਾਰਾ ਅਤੇ ਦ੍ਰਿੜ੍ਹ ਇਰਾਦੇ ਦੇ ਪ੍ਰਤੀਬੱਧਤਾ ਦੀ ਕਰ ਰਿਹਾ ਹਾਂ, ਜਿਹੜੀ ਪੰਜ ਪਿਆਰਿਆਂ ਦੀ ਸਿਰਜਣਾ ਪਿੱਛੇ ਕਾਰਜਸ਼ੀਲ ਸੀ। ਇਤਿਹਾਸਿਕ ਪ੍ਰਵਾਹ ਸਾਨੂੰ ਦੱਸਦਾ ਹੈ ਕਿ ਇਸ ਵਿਚਾਰਧਾਰਾ ਦਾ ਕੇਂਦਰੀ ਧੁਰਾ ਸੀ, ਸਦੀਆਂ ਤੋਂ ਸ਼ੋਸ਼ਣ ਤੇ ਵਿਤਕਰਿਆਂ ਦੀ ਸ਼ਿਕਾਰ ਆਮ ਜਨਤਾ, ਜਿਸ ਨੂੰ ਭਾਰਤੀ ਸਮਾਜੀ ਵਿਵਸਥਾ ਨੇ ਪੈਰਾਂ ਥੱਲੇ ਰੋਂਦਿਆ ਸੀ, ਨੂੰ ਸੱਤਾ ਦੇ ਸਿੰਘਾਸਨ 'ਤੇ ਪਹੁੰਚਾਉਣਾ। ਉਨ੍ਹਾਂ ਦੀ ਪਾਤਸ਼ਾਹੀ ਸਥਾਪਤੀ ਕਰਨੀ, ਜਿਨ੍ਹਾਂ ਨੇ ਰਾਜਨੀਤਿਕ ਸੱਤਾ ਵਿਚ ਭਾਗੀਦਾਰੀ ਦਾ ਸੁਖ ਤਾਂ ਕੀ ਭੋਗਣਾ ਸੀ, ਕਦੇ ਸਮਾਜ ਵਿਚ ਸਮਾਨਤਾ ਦੇ ਅਹਿਸਾਸ ਦਾ ਸੁਖ ਵੀ ਨਹੀਂ ਸੀ ਭੋਗਿਆ। ਤ੍ਰਿਸਕਾਰ ਤੇ ਬੇਪਤੀ ਜਿਨ੍ਹਾਂ ਦੇ ਜੀਵਨ ਦੀ ਜ਼ਰੂਰੀ ਸ਼ਰਤ ਬਣ ਚੁੱਕੀ ਸੀ। ਆਪਣੇ ਨਾਲ ਹੋ ਰਹੇ ਅਨਿਆਂ ਨੂੰ ਜਿਨ੍ਹਾਂ ਅਪਣੀ ਕਿਸਮਤ ਤੇ ਰੱਬੀ ਇੱਛਾ ਮੰਨ ਲਿਆ ਸੀ। ਭਾਈ ਕੁਇਰ ਸਿੰਘ ਦੇ 'ਗੁਰ ਬਿਲਾਸ' ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਦ੍ਰਿੜ੍ਹ ਇਰਾਦੇ ਦਾ ਜ਼ਿਕਰ ਮਿਲਦਾ ਹੈ। ਜੇ ਬਾਜ ਚਿੜੀ ਨੂੰ ਮਾਰੇ ਤਾਂ ਇਹ ਕੋਈ ਪ੍ਰਭੁਤਾ ਵਾਲੀ ਗੱਲ ਨਹੀਂ, ਮੇਰਾ ਇਰਾਦਾ ਤਾਂ ਚਿੜੀਆਂ ਪਾਸੋਂ ਬਾਜ ਤੁੜਾਉਣ ਦਾ ਹੈ:

**ਮੈ ਅਸਿਪਾਨਿਜ ਤਬ ਲਖੌਂ ਕਰੌਂ ਐਸ ਯੋ ਕਾਮ।**
**ਚਿੜੀਅਨ ਬਾਜ ਤੁਰਾਯ ਹੋ ਸਸੇ ਕਰੋਂ ਸਿੰਘ ਸਾਮ॥**
**ਬਾਜ ਚਿੜੀ ਕਹੁ ਮਾਰ ਹੈ ਏ ਪ੍ਰਭੁਤਾ ਕਛੁ ਨਾਹ।**
**ਤਾਤੈ ਕਾਲ ਕੀਓ ਇਹੈ ਬਾਜ ਹਨੈ ਚਿੜੀਆਹ॥੩੯॥**

ਪਰ ਭਾਰਤੀ ਸਮਾਜ ਦੀ ਬਦਕਿਸਮਤੀ ਇਹ ਸੀ ਕਿ ਉਹ ਸਦੀਆਂ ਤੋਂ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਿਆ ਹੋਇਆ ਸੀ ਅਤੇ ਉਸ ਨੂੰ ਇਹ ਗ਼ੁਲਾਮੀ ਓਪਰੀ ਨਹੀਂ ਸੀ ਜਾਪਦੀ। ਸ਼ਾਇਦ ਇਸ ਲਈ ਕਿ ਸਰੀਰ ਦੇ ਮੋਹ ਤੇ ਪਦਾਰਥਕ ਸੁਖਾਂ ਦੀ ਤ੍ਰਿਸ਼ਨਾ ਕਾਰਨ ਉਸ ਦੀ ਆਤਮਾ ਮਰ ਚੁੱਕੀ ਸੀ। ਅਸਲ ਵਿਚ ਸਰੀਰ ਦੇ ਮੋਹ ਕਾਰਨ ਮਨੁੱਖ ਗ਼ੁਲਾਮੀ ਸਹਿੰਦਾ ਹੈ, ਮਜ਼ਲੂਮ ਬਣ ਕੇ ਤਰਸਯੋਗ ਹਾਲਤ ਵਿਚ ਜਿਊਂਦਾ ਹੈ, ਸ਼ੋਸ਼ਣ ਦਾ ਕਸ਼ਟ ਭੋਗਦਾ ਹੈ। ਧਰਮ, ਭਾਸ਼ਾ ਤੇ ਸਭਿਆਚਾਰ ਦੀ ਬਲੀ ਦੇ ਕੇ ਆਪਣੇ ਸਰੀਰ ਦੇ ਸੁੱਖ ਦੇ ਸਾਧਨ ਜੁਟਾਉਂਦਾ ਹੈ। ਪਹਿਲੀ ਵਾਰ ਇਹੋ ਜਿਹੇ ਗ਼ੁਲਾਮ ਸਮਾਜ ਨੂੰ ਗੁਰੂ ਨਾਨਕ ਪਾਤਸ਼ਾਹ ਨੇ ਹਲੂਣਿਆ ਸੀ ਤੇ 'ਸਿਰੁ ਧਰਿ ਤਲੀ ਗਲੀ ਮੇਰੀ ਆਉ' ਦਾ ਸੱਦਾ ਦਿੱਤਾ ਸੀ। ਗੁਰੂ ਪਰੰਪਰਾ ਨੇ ਸੇਧ ਦਿੱਤੀ ਕਿ ਜੇ ਆਪਾ ਵਾਰਨ ਦੀ ਜਾਚ ਤੇ ਸਮਰੱਥਾ ਆ ਜਾਵੇ ਤਾਂ ਅਣਖ ਨਾਲ ਜਿਊਣਾ ਵੀ ਆ ਜਾਂਦਾ ਹੈ। ਰੋਜ਼ ਮਰਨ ਨਾਲੋਂ ਇਕ ਵਾਰ ਮਰਨਾ ਕਿਤੇ ਚੰਗਾ ਹੈ। ਇਸ ਤਰ੍ਹਾਂ ਦਾ ਇਕ ਵਾਰ ਮਰਨਾ ਸਦੀਵੀ ਜੀਵਨ ਬਣ ਜਾਂਦਾ ਹੈ ਅਤੇ ਹਜ਼ਾਰਾਂ-ਲੱਖਾਂ ਹੋਰਨਾਂ ਨੂੰ ਸੁਤੰਤਰ ਜ਼ਿੰਦਗੀ ਦੇ ਜਾਂਦਾ ਹੈ। ਇਹੋ ਸਾਰ-ਤੱਤ ਸੀ ਵੈਸਾਖੀ ਵਾਲੇ ਦਿਨ ਪੰਜ ਸਿਰਾਂ ਦੀ ਮੰਗ ਕਰ ਕੇ 'ਪੰਜ ਪਿਆਰੇ' ਸਿਰਜਣ ਦੀ ਘਟਨਾ ਦਾ। ਇਸ ਕ੍ਰਿਸ਼ਮਈ ਘਟਨਾ ਰਾਹੀਂ 'ਸਿਰੁ ਧਰਿ ਤਲੀ ਗਲੀ ਮੇਰੀ ਆਉ' ਦਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿਧਾਂਤ, ਵਿਹਾਰਕ ਰੂਪ ਵਿਚ ਖਾਲਸਾ ਪੰਥ ਦੀ ਜ਼ਿੰਦਗੀ ਦਾ ਹਿੱਸਾ ਬਣ ਗਿਆ ਸੀ। ਫਿਰ ਕੀ ਸੀ 'ਮਰਣੁ ਕਬੂਲਿ' ਕਰਕੇ ਪ੍ਰਾਪਤ ਹੋਈ ਜ਼ਿੰਦਗੀ ਹੀ ਖਾਲਸਾ ਪੰਥ ਦੀ ਜੀਵਨ-ਜਾਚ ਬਣ ਗਈ ਅਤੇ ਇਹੋ ਖਾਲਸਾਈ ਜੀਵਨ-ਜਾਚ ਇਕ ਵੱਡੇ ਇਨਕਲਾਬ ਦਾ ਸਬੱਬ ਹੋ ਨਿਬੜੀ। ■

# ਗੁਰਦੁਆਰਾ ਪ੍ਰਬੰਧਕਾਂ ਦੇ ਧਿਆਨ ਹਿਤ

## ਗੁਰੂ-ਘਰਾਂ ਵਿਚ ਅੱਗ ਬੁਝਾਊ ਜੰਤਰ ਤੇ ਸੀ.ਸੀ.ਟੀ.ਵੀ. ਕੈਮਰੇ ਲਗਾਏ ਜਾਣ ਅਤੇ ਪਹਿਰੇਦਾਰੀ ਲਾਜ਼ਮੀ ਕੀਤੀ ਜਾਵੇ

ਬਿਜਲੀ ਦੇ ਸਰਕਟ ਸ਼ਾਰਟ ਹੋਣ ਕਾਰਨ ਅੱਗ ਲੱਗਣ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਅਗਨ-ਭੇਟ ਹੋ ਜਾਣ ਦੀਆਂ ਖ਼ਬਰਾਂ ਬਹੁਤ ਹੀ ਦੁਖਦਾਈ, ਚਿੰਤਾਜਨਕ ਤੇ ਹਿਰਦੇਵੇਧਕ ਹਨ। ਮਰਯਾਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ-ਸੰਭਾਲ ਤੇ ਅਦਬ-ਸਤਿਕਾਰ ਬਹਾਲ ਰੱਖਣ ਲਈ ਸਮੁੱਚੇ ਸਿੱਖ ਭਾਈਚਾਰੇ ਨੂੰ ਸੁਚੇਤ ਰਹਿਣਾ ਚਾਹੀਦਾ ਹੈ। ਅਜਿਹੀ ਕੋਈ ਮੰਦਭਾਗੀ ਘਟਨਾ ਨਾ ਵਾਪਰੇ, ਇਸ ਲਈ ਗੁਰਦੁਆਰਾ ਸਾਹਿਬ ਦੇ ਅੰਦਰ ਅਤੇ ਸੁਖ-ਆਸਨ ਅਸਥਾਨ ਵਿਚ ਧੂਫ਼, ਲਾਈਟਾਂ, ਪੱਖੇ ਅਤੇ ਬਿਜਲੀ ਦੀਆਂ ਸਜਾਵਟੀ ਲੜੀਆਂ ਉਦੋਂ ਤਕ ਹੀ ਜਗਾਈਆਂ ਜਾਣ, ਜਦ ਤਕ ਕੋਈ ਨਿਗਰਾਨ ਹਾਜ਼ਰ ਹੋਵੇ। ਗੁਰਦੁਆਰਾ ਸਾਹਿਬ ਦੇ ਕਿਵਾੜ ਬੰਦ ਕਰਨ ਸਮੇਂ ਧੂਫ਼/ਅਗਰਬੱਤੀ ਅਤੇ ਬਿਜਲੀ ਦਾ ਮੇਨ-ਸਵਿੱਚ ਆਦਿ ਬੰਦ ਕਰ ਦੇਣੇ ਚਾਹੀਦੇ ਹਨ। ਗੁਰਦੁਆਰਾ ਸਾਹਿਬ ਦੇ ਅੰਦਰ ਅਤੇ ਸੁਖ-ਆਸਨ ਅਸਥਾਨ ਦੀ ਬਿਜਲੀ ਦੀ ਸਮੁੱਚੀ ਫਿਟਿੰਗ ਤਸੱਲੀਬਖਸ਼ ਕੀਤੀ ਜਾਵੇ। ਜ਼ਿਆਦਾ ਗਰਮੀ ਅਤੇ ਤੇਜ਼ ਹਵਾਵਾਂ ਆਦਿ ਚੱਲਣ ਸਮੇਂ ਅਕਸਰ ਹੀ ਤਾਰਾਂ ਸ਼ਾਰਟ ਹੋ ਜਾਂਦੀਆਂ ਹਨ, ਇਸ ਲਈ ਗੁਰੂ-ਘਰਾਂ ਦੇ ਪ੍ਰਬੰਧਕ, ਗ੍ਰੰਥੀ ਸਿੰਘ ਅਤੇ ਸੇਵਾਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ-ਸਤਿਕਾਰ ਨੂੰ ਯਕੀਨੀ ਬਣਾਉਣ ਲਈ ਹਮੇਸ਼ਾਂ ਸੁਚੇਤ ਹੋ ਕੇ ਪਹਿਰੇਦਾਰੀ ਲਾਜ਼ਮੀ ਬਣਾਉਣ। ਹਰ ਗੁਰੂ-ਘਰ ਵਿਚ ਅੱਗ ਬੁਝਾਊ ਜੰਤਰ ਲਗਾਉਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇ। ਨਿਗਰਾਨੀ ਲਈ ਗੁਰੂ-ਘਰਾਂ ਵਿਚ ਸੀ.ਸੀ.ਟੀ.ਵੀ. ਕੈਮਰੇ ਵੀ ਲਗਾਏ ਜਾਣ।

***ਸਕੱਤਰ,***
***ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।***

# ਨਸੀਹਤ

*-ਸ. ਇੰਦਰ ਮੋਹਣ ਸਿੰਘ 'ਅਨਜਾਣ'*

'ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ॥'

(ਪਿੱਠ ਭੂਮੀ ਤੋਂ ਗੁਰਬਾਣੀ ਦੀਆਂ ਪਾਵਨ ਤੁਕਾਂ ਦਾ ਉਚਾਰਣ ਹੁੰਦਾ ਹੈ)

**ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ॥**
**ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥**
**ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥**
**ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥**
**ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥**
**ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ॥** *(ਪੰਨਾ ੫੫੪)*

(ਦੁਪਹਿਰ ਦਾ ਸਮਾਂ) ਬਸੰਤ ਬਹਾਰ ਦਾ ਮੌਸਮ, ਪੰਛੀਆਂ ਦੇ ਚਹਿ- ਚਹਾਉਣ ਦੀ ਆਵਾਜ਼ ਆ ਰਹੀ ਹੈ। ਪਿੰਡ ਦਾ ਇਕ ਰਿਟਾਇਰ ਮਾਸਟਰ ਗੁਰਸਾਗਰ ਸਿੰਘ, ਉਮਰ ਲਗਭਗ ੭੦ ਦੇ ਕਰੀਬ ਆਪਣੇ ਪੋਤੇ ਗੁਰਮੁਖ ਸਿੰਘ, ਉਮਰ ੭ ਸਾਲ ਨਾਲ ਪਿੰਡ ਦੇ ਖੂਹ ਲਾਗੇ ਪੰਚਾਇਤ ਭਵਨ ਦੇ ਬਾਹਰ ਬਣੀ ਥੜ੍ਹੀ ਵੱਲ ਨੂੰ ਤੁਰਿਆ ਜਾਂਦਾ ਹੈ। ਅੱਗੇ-ਅੱਗੇ ਮਾਸਟਰ ਗੁਰਸਾਗਰ ਸਿੰਘ ਦੀ ਡੰਗੋਰੀ ਫੜ੍ਹੀ ਉਸਦਾ ਪੋਤਾ ਤੁਰਿਆ ਜਾਂਦਾ ਹੈ ਤੇ ਪਿੱਛੇ-ਪਿੱਛੇ ਮਾਸਟਰ ਸਾਹੋ ਸਾਹੀ ਹੋਇਆ ਗੁਰਮੁਖ ਸਿੰਘ ਨੂੰ ਕਹਿੰਦਾ ਹੈ:

**ਗੁਰਸਾਗਰ ਸਿੰਘ:** ਓਏ ਗੁਰਮੁਖਾ! ਪੁੱਤ ਹੌਲੀ ਚੱਲ। ਮੈਥੋਂ ਹੁਣ ਐਨਾ ਭੱਜਿਆ ਨਹੀਂ ਜਾਂਦਾ!

**ਗੁਰਮੁਖ ਸਿੰਘ:** ਪਰ ਦਾਦਾ ਜੀ ਮੈਂ ਬਰਫ਼ ਵਾਲਾ ਗੋਲਾ ਖਾਣਾ ਏਂ । ਜੇ ਜਲਦੀ ਨਾ ਗਏ ਤਾਂ ਭਾਈ ਚਲਿਆ ਜਾਵੇਗਾ ਤੇ ਫੇਰ ਮੈਂ ਗੋਲਾ ਕਿੱਥੋਂ ਖਾਵਾਂਗਾ।

**ਗੁਰਸਾਗਰ ਸਿੰਘ:** ਕੋਈ ਗੱਲ ਨਈਂ ਹੋਰ ਭਾਈ ਆ ਜਾਊ ਅਜੇ ਸਾਰੀ ਦਿਹਾੜੀ ਪਈ ਆ।

**ਗੁਰਮੁਖ ਸਿੰਘ:** ਪਰ ਦਾਦਾ ਜੀ ਮੈਂ ਘਰੇ ਜਾ ਕੇ ਸਕੂਲ ਦਾ ਕੰਮ ਵੀ ਤਾਂ ਕਰਨਾ ਏਂ। ਨਾਲੇ ਇੱਕ ਗੱਲ ਦੱਸਾਂ!

**ਗੁਰਸਾਗਰ ਸਿੰਘ:** ਹਾਂ ਦੱਸ ਪੁੱਤਰਾ।

**ਗੁਰਮੁਖ ਸਿੰਘ:** ਦਾਦਾ ਜੀ! ਜਿਹੜੀ ਉਸ ਦਿਨ ਤੁਸਾਂ ਮੈਨੂੰ ਸਾਖੀ ਸੁਣਾਈ ਸੀ ਨਾ, ਉਹ ਮੈਂ ਆਪਣੀ ਜਮਾਤ ਵਿੱਚ ਮੈਡਮ ਜੀ ਤੇ ਬੱਚਿਆਂ ਨੂੰ ਸੁਣਾਈ ਸੀ!

**ਗੁਰਸਾਗਰ ਸਿੰਘ:** ਫੇਰ!

**ਗੁਰਮੁਖ ਸਿੰਘ:** ਦਾਦਾ ਜੀ! ਦਾਦਾ ਜੀ ਮੇਰੀ ਮੈਡਮ ਜੀ ਨੇ ਮੈਨੂੰ ਖੁਸ਼ ਹੋ ਕੇ ਚਾਕਲੇਟ ਦਿੱਤੀ ਤੇ ਨਾਲੇ ਮੇਰੀ ਨੋਟ ਬੁੱਕ ਤੇ ਫਾਈਵ ਸਟਾਰ ਵੀ ਦਿੱਤੇ ਤੇ ਕਿਹਾ ਕਿ ਤੂੰ ਹਰ ਰੋਜ਼ ਫਰੀ ਪੀਰੀਅਡ ਸਮੇਂ ਇਸ ਤਰ੍ਹਾਂ ਦੀਆਂ ਚੰਗੀਆਂ ਗੱਲਾਂ ਬੱਚਿਆਂ ਨੂੰ ਸੁਣਾਇਆ ਕਰ।

**ਗੁਰਸਾਗਰ ਸਿੰਘ:** ਬਈ ਸ਼ਾਬਾਸ਼ੇ ਪੁੱਤਰਾ ਤੇ ਫੇਰ ਮੈਂ ਅੱਜ ਤੈਨੂੰ ਅਮਲੀਆਂ ਦੇ ਖੂਹ ਲਾਗੇ ਬੈਠ ਕੇ ਅਵਗੁਣਾਂ ਨੂੰ ਤਿਆਗ ਸਦਗੁਣਾਂ ਨੂੰ ਧਾਰਨ ਕਰਨ ਬਾਰੇ ਦੱਸਦਾ ਹਾਂ।

**ਗੁਰਮੁਖ ਸਿੰਘ:** ਦਾਦਾ ਜੀ! ਓਹ ਤਾਂ ਠੀਕ ਹੈ ਪਰ ਮੈਨੂੰ ਪਹਿਲਾਂ ਬਰਫ਼ ਵਾਲਾ ਗੋਲਾ ਲੈ ਕੇ ਦਿਓ !

**ਗੁਰਸਾਗਰ ਸਿੰਘ:** ਅੱਛਾ ਲੈ ਲਵੀਂ ਗੋਲਾ, ਪਰ ਹੁਣ ਪਹਿਲਾਂ ਬੈਠ ਕੇ ਮੇਰੀ ਗੱਲ ਸੁਣ! ( ਦਾਦੇ ਪੋਤੇ ਦੇ ਗੱਲਾਂ ਕਰਦਿਆਂ-ਕਰਦਿਆਂ ਪਿੰਡ ਦੇ ਖੂਹ ਦੇ ਲਾਗੇ ਪੰਚਾਇਤ ਭਵਨ ਦੇ ਬਾਹਰ ਬਣਿਆਂ ਥੜ੍ਹਾ ਆ ਜਾਂਦਾ ਏ ਤੇ ਦੋਵੇਂ ਦਾਦਾ-ਪੋਤਾ ਥੜ੍ਹੇ ਤੇ ਲੱਗੇ ਪਿੱਪਲ ਦੇ ਦਰਖੱਤ ਦੀ ਸੰਘਣੀ ਛਾਂ ਹੇਠਾਂ ਬੈਠ ਜਾਂਦੇ ਨੇ!

*(ਬਾਕੀ ਪੰਨਾ ੨੨ 'ਤੇ)*



ਬਜਟ ਇਜਲਾਸ ਦੌਰਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ. ਅਮਰਜੀਤ ਸਿੰਘ ਚਾਵਲਾ ਜਨਰਲ ਸਕੱਤਰ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਆਪਣੇ ਵਿਚਾਰਾਂ ਦੀ ਸਾਂਝ ਮੈਂਬਰ ਸਾਹਿਬਾਨ ਨਾਲ ਕਰਦੇ ਹੋਏ।

(29 ਮਾਰਚ 2017)



ਪ੍ਰੋ. ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ।

(29 ਮਾਰਚ 2017)



ਨੌਂ ਲੱਖਾ ਬਾਗ ਸ੍ਰੀ ਕੀਰਤਪੁਰ ਸਾਹਿਬ ਵਿਖੇ ਵਾਤਾਵਰਨ ਦੀ ਸ਼ੁੱਧੀ ਲਈ ਔਸ਼ਧੀ ਪੌਦੇ ਲਾਉਣ ਦੀ ਸੇਵਾ ਦਾ ਆਰੰਭ ਕਰਦੇ ਹੋਏ ਪ੍ਰੋ. ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

(26 ਮਾਰਚ 2017)



ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਦੀ ਪ੍ਰਧਾਨਗੀ ਕਰਦੇ ਹੋਏ ਪ੍ਰੋ. ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਕਮੇਟੀ। ਇਕੱਤਰਤਾ 'ਚ ਹਾਜ਼ਰ ਸ਼੍ਰੋਮਣੀ ਕਮੇਟੀ ਅਹੁਦੇਦਾਰ, ਮੈਂਬਰ ਸਾਹਿਬਾਨ ਤੇ ਅਧਿਕਾਰੀ।

(27 ਮਾਰਚ 2017)




ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰੂ ਨਾਨਕ ਕਾਲਜ ਬੁੱਢਲਾਡਾ ਵਿਖੇ ਕਰਵਾਏ ਗਏ ਸੈਮੀਨਾਰ ਦੀ ਆਰੰਭਤਾ ਸਮੇਂ ਪ੍ਰੋ. ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਕਮੇਟੀ, ਬਾਬਾ ਬੂਟਾ ਸਿੰਘ ਜੂਨੀਅਰ ਮੀਤ ਪ੍ਰਧਾਨ ਅਤੇ ਹਾਜ਼ਰ ਸੰਗਤਾਂ।
ਹੇਠਾਂ: ਬੱਚੀਆਂ ਨੂੰ ਸਨਮਾਨਤ ਕਰਦੇ ਹੋਏ ਪ੍ਰੋ. ਕਿਰਪਾਲ ਸਿੰਘ ਬਡੂੰਗਰ ਅਤੇ ਹੋਰ। (3 ਮਾਰਚ 2017)



ਗੁਰੂ ਨਾਨਕ ਖਾਲਸਾ ਕਾਲਜ ਡਰੋਲੀ ਕਲਾਂ (ਜਲੰਧਰ) ਵਿਖੇ ਨਵੇਂ ਬਣੇ ਮਾਤਾ ਸਾਹਿਬ ਕੌਰ ਵੂਮੈਨ ਹੋਸਟਲ ਦਾ ਉਦਘਾਟਨ ਕਰਦੇ ਹੋਏ ਪ੍ਰੋ: ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

(20 ਮਾਰਚ 2017)



ਗੁਰੂ ਨਾਨਕ ਖਾਲਸਾ ਕਾਲਜ ਡਰੋਲੀ ਕਲਾਂ (ਜਲੰਧਰ) ਵਿਖੇ ਨਵੇਂ ਬਣੇ ਦਸਮੇਸ਼ ਹਾਲ ਦਾ ਉਦਘਾਟਨ ਕਰਦੇ ਹੋਏ ਪ੍ਰੋ: ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

(20 ਮਾਰਚ 2017)




ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਨਵੇਂ ਸਾਲ ਦੀ ਆਮਦ ਅਤੇ ਖ਼ਾਲਸਾ ਪੰਥ ਦੇ ਕੌਮੀ ਤਿਉਹਾਰ ਹੋਲਾ ਮਹੱਲਾ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਸਮੇਂ ਸੰਗਤਾਂ ਨੂੰ ਇਲਾਹੀ ਬਾਣੀ ਦੇ ਕੀਰਤਨ ਦੁਆਰਾ ਨਿਹਾਲ ਕਰਦਾ ਹੋਇਆ ਭਾਈ ਸਤਨਾਮ ਸਿੰਘ ਕੁਹਾੜਕਾ ਹਜ਼ੂਰੀ ਰਾਗੀ ਜਥਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ।
ਹੇਠਾਂ: ਗੁਰਬਾਣੀ ਕੀਰਤਨ ਸਰਵਣ ਕਰਦੀਆਂ ਹੋਈਆਂ ਸੰਗਤਾਂ। (14 ਮਾਰਚ 2017)



ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ ਕਰਨ ਆਉਣ ਵਾਲੀਆਂ ਸੰਗਤਾਂ ਦੀ ਸਹੂਲਤ ਲਈ ਸ੍ਰੀ ਦਰਬਾਰ ਸਾਹਿਬ ਦੇ ਮਾਤਾ ਗੰਗਾ ਜੀ ਨਿਵਾਸ ਦੀ ਆਨਲਾਈਨ ਬੁਕਿੰਗ ਦਾ ਉਦਘਾਟਨ ਕਰਦੇ ਹੋਏ ਪ੍ਰੋ: ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਕਮੇਟੀ। ਉਨ੍ਹਾਂ ਨਾਲ ਅੰਤ੍ਰਿੰਗ ਕਮੇਟੀ ਮੈਂਬਰ ਸ. ਰਾਮ ਸਿੰਘ ਤੇ ਸ. ਸੁਰਜੀਤ ਸਿੰਘ ਭਿੱਟੇਵੱਢ ਅਤੇ ਸ. ਹਰਚਰਨ ਸਿੰਘ ਮੁੱਖ ਸਕੱਤਰ, ਡਾ. ਰੂਪ ਸਿੰਘ ਸਕੱਤਰ ਤੇ ਹੋਰ ਅਧਿਕਾਰੀ। (5 ਮਾਰਚ 2017)




ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਮਾਤਾ ਸਾਹਿਬ ਕੌਰ ਯਾਤਰੀ ਨਿਵਾਸ ਦਾ ਨੀਂਹ ਪੱਥਰ ਰੱਖਦੇ ਹੋਏ ਪ੍ਰੋ. ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਕਮੇਟੀ। ਉਨ੍ਹਾਂ ਨਾਲ ਬਾਬਾ ਬਚਨ ਸਿੰਘ ਦਿੱਲੀ ਵਾਲੇ, ਬਾਬਾ ਗੁਲਜਾਰ ਸਿੰਘ, ਗਿਆਨੀ ਹਰਪਾਲ ਸਿੰਘ, ਸ. ਰਣਜੀਤ ਸਿੰਘ ਲਿਬੜਾ, ਸ. ਬਲਜੀਤ ਸਿੰਘ ਭੁੱਟਾ, ਸ. ਅਵਤਾਰ ਸਿੰਘ ਰਿਆ, ਮੈਨੇਜਰ ਨੱਥਾ ਸਿੰਘ ਅਤੇ ਹੋਰ। (7 ਮਾਰਚ 2017)



ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਸਮੇਂ ਅਰਦਾਸ ਕਰਦੇ ਹੋਏ ਭਾਈ ਪ੍ਰਗਟ ਸਿੰਘ ਤੇ ਅਰਦਾਸ ਵਿੱਚ ਸ਼ਾਮਲ ਸ਼੍ਰੋਮਣੀ ਕਮੇਟੀ ਅਧਿਕਾਰੀ, ਕਰਮਚਾਰੀ ਤੇ ਸੰਗਤਾਂ।

(26 ਮਾਰਚ 2017)



ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਮੌਕੇ ਵਾਤਾਵਰਨ ਦੀ ਸ਼ੁੱਧਤਾ ਲਈ ਬੂਟੇ ਲਗਾਉਣ ਸਮੇਂ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਗ੍ਰੰਥੀ, ਸ. ਸੁਖਦੇਵ ਸਿੰਘ ਭੂਰਾਕੋਹਨਾ ਨਿੱਜੀ ਸਕੱਤਰ, ਸ. ਮਹਿੰਦਰ ਸਿੰਘ ਆਹਲੀ ਵਧੀਕ ਸਕੱਤਰ ਅਤੇ ਸ. ਸੁਲੱਖਣ ਸਿੰਘ ਮੈਨੇਜਰ।

(26 ਮਾਰਚ 2017)



ਧਾਰਮਿਕ ਪ੍ਰੀਖਿਆ ਵਿੱਚ ਚੰਗੀਆਂ ਪੁਜੀਸ਼ਨਾਂ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਦੇ ਹੋਏ ਪ੍ਰੋ: ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਕਮੇਟੀ, ਸ. ਸੁਰਜੀਤ ਸਿੰਘ ਭਿੱਟੇਵਡ ਅੰਤ੍ਰਿੰਗ ਕਮੇਟੀ ਮੈਂਬਰ, ਬੀਬੀ ਕਿਰਨਜੋਤ ਕੌਰ ਤੇ ਸ. ਜਰਨੈਲ ਸਿੰਘ ਡੋਗਰਾਂਵਾਲਾ ਮੈਂਬਰ, ਡਾ. ਰੂਪ ਸਿੰਘ ਸਕੱਤਰ ਤੇ ਸ. ਹਰਭਜਨ ਸਿੰਘ ਮਨਾਵਾਂ ਵਧੀਕ ਸਕੱਤਰ। (23 ਮਾਰਚ 2017)



ਡਾ. ਰੂਪ ਸਿੰਘ ਸਕੱਤਰ ਨਨਕਾਣਾ ਸਾਹਿਬ ਐਜੂਕੇਸ਼ਨ ਟਰੱਸਟ (ਲੁਧਿਆਣਾ) ਦੇ ਸਕੱਤਰ ਵਜੋਂ ਅਹੁਦਾ ਸੰਭਾਲਣ ਸਮੇਂ। ਨਾਲ ਦਿਖਾਈ ਦੇ ਰਹੇ ਹਨ ਭਾਈ ਗੁਰਚਰਨ ਸਿੰਘ ਗਰੇਵਾਲ ਅੰਤ੍ਰਿੰਗ ਮੈਂਬਰ ਸ਼੍ਰੋਮਣੀ ਕਮੇਟੀ ਤੇ ਹੋਰ।

(8 ਮਾਰਚ 2017)

*(ਪੰਨਾ ੧੮ ਦਾ ਬਾਕੀ)*

ਉਜਾਗਰ ਅਮਲੀ ਪੰਚਾਇਤ ਭਵਨ ਦੇ ਬਾਹਰ ਥੜ੍ਹੇ ਦੇ ਸਾਹਮਣੇ ਬਣੇ ਖੂਹ 'ਤੇ ਬੈਠਾ ਨਸ਼ੇ ਦੇ ਲੋਰ 'ਚ ਗਾ ਰਿਹਾ ਹੈ:

**ਉਜਾਗਰ ਅਮਲੀ:** ਐ ਦੇਸ਼ ਦੇ ਨੌਜਵਾਨਾ ਅਮਲ ਕਰੇਂਦਾ ਜਾਹ
ਅਫੀਮ, ਭੰਗ ਤੇ ਭੁੱਕੀ ਜਾਗਰਾ ਛਕੇਂਦਾ ਜਾਹ
ਗਾਂਜਾ, ਚਰਸ ਤੇ ਜਰਦਾ, ਪਾਨ ਮਸਾਲਾ ਜੀ
ਦੇਂਦਾ ਬੜੇ ਨਜ਼ਾਰੇ ਨਾ ਲਗਦਾ ਪਾਲਾ ਜੀ
ਤੰਬਾਕੂ ਤੇ ਸਮੈਕ ਵੀ ਝੂਟੇ ਦੇਂਦੇ ਨੇ
ਜਿਉਂ-ਜਿਉਂ ਅਮਲੀਆ ਸੂਟੇ ਸੰਘ ਵਿੱਚ ਲਹਿੰਦੇ ਨੇ
(ਅਚਾਨਕ ਗੁਰਸਾਗਰ ਸਿੰਘ ਵੱਲ ਤੱਕ ਕੇ)

**ਉਜਾਗਰ ਅਮਲੀ:** ਓ ਆ ਬਈ ਮਾਟਰਾ (ਮਾਸਟਰਾ) ਤੂੰ ਕਿੱਧਰ ਨੂੰ ਕੰਨੀ ਕੀਤੀ ਮੂੰਹ ਚੱਕੀ ਫਿਰਦੈਂ! ਅਖੇ ਨਾ ਸੱਦੀ ਨਾ ਬੁਲਾਈ ਤੇ ਮੈਂ ਲਾੜ੍ਹੇ ਦੀ ਤਾਈ ! ਓਏ ਕਦੇ ਚੈਨ ਨਾਲ ਘਰ ਵੀ ਬਹਿ ਜਾਇਆ ਕਰ। ਏਥੇ ਆ ਕੇ ਸਾਨੂੰ ਨਸੀਹਤਾਂ ਦੇਣ ਦੇ ਬਜਾਏ ਕਦੇ ਕੁਝ ਹੋਰ ਵੀ ਕੀਤਾ ਈ! ਏਹੋ ਵੇਲਾ ਸਾਡੇ ਨਸ਼ੇ ਪੱਤੇ ਦਾ ਹੁੰਦਾ ਏ ਤੇ ਏਹੋ ਵੇਲਾ ਤੇਰੇ ਸਿਰ ਖਾਣ ਦਾ। ਤੈਨੂੰ ਦੇਖ ਕੇ ਹੋਰ ਕੋਈ ਨਸ਼ੇੜੀ ਡਰਦਾ ਏਥੇ ਨਹੀਂ ਬਹਿੰਦਾ। ਆ ਜਾਹ ਤੈਨੂੰ ਵੀ ਸੂਟਾ ਲਵਾਈਏ ਤੇ ਸਵਰਗਾਂ ਦੇ ਨਜ਼ਾਰੇ ਦਿਖਾਈਏ ।

**ਗੁਰਸਾਗਰ ਸਿੰਘ:** (ਹੱਸਦੇ ਹੋਏ) ਬਈ ਭਲੇ ਪੁਰਸ਼ਾ! ਮੈਂ ਤਾਂ ਸੂਟਾ ਲਗਾਉਂਦਾ ਨਈਂ ਤੇ ਤੈਨੂੰ ਵੀ ਰੱਬ ਏਨ੍ਹਾਂ ਸੂਟਿਆਂ ਤੋਂ ਬਚਾਏ। ਆ ਜਾਹ ਮੇਰੇ ਕੋਲ ਬੈਠ ਜਾਹ ਮੈਂ ਤੈਨੂੰ ਕੁਝ ਗੁਰਮਤਿ ਗੂੜ੍ਹ ਗਿਆਨ ਦੀਆਂ ਗੱਲਾਂ ਦੱਸਾਂ।

**ਉਜਾਗਰ ਅਮਲੀ:** (ਕੋਲ ਜਾ ਕੇ ਬੈਠਦਾ ਹੋਇਆ) ਚੱਲ ਦੱਸ ਮਾਟਰਾ ਕੀ ਦੱਸਣਾਂ ਈ । ਉਂਜ ਤੇਰੀਆਂ ਟੇਡੀਆਂ ਮੇਢੀਆਂ ਗੱਲਾਂ ਬਾਤਾਂ ਮੇਰੇ ਪਿੜ੍ਹ ਪੱਲੇ ਤਾਂ ਨਹੀਂ ਪੈਂਦੀਆਂ, ਪਰ ਖੋਰਿਆ ਕੁਝ ਏਸ ਖਤੇ ਵਰਗੇ ਡਮਾਗ 'ਚ ਪੈ ਜਾਣ ਤੇ ਮੇਰੀ ਵੀ ਜੂਨ ਸੁਧਰ ਜਾਏ।

**ਗੁਰਸਾਗਰ ਸਿੰਘ:** (ਗੁਰਮੁਖ ਤੇ ਉਜਾਗਰ ਦੋਵਾਂ ਨੂੰ) ਕਾਕਾ ਗੁਰਮੁਖ ਸਿੰਘ ਜੀ ਤੇ ਮੇਰੇ ਵੀਰ ਉਜਾਗਰ ਸਿੰਘ ਜੀ! ਸੁਣੋ ਫੇਰ। ਸਿਆਣਿਆਂ ਦਾ ਕਥਨ ਹੈ ਕਿ ਕੋਈ ਮੁਲਕ ਭਾਵੇਂ ਕਿੰਨਾ ਹੀ ਖੁਸ਼ਹਾਲ ਕਿਉਂ ਨਾਲ ਹੋਵੇ, ਜੇਕਰ ਉਥੋਂ ਦੇ ਬਾਸ਼ਿੰਦੇ ਨਸ਼ਿਆਂ ਵਿਚ ਖਚਿਤ ਹੋ ਜਾਣ ਤਾਂ ਉਸ ਨੂੰ ਗਰਕ ਹੋਣ ਤੋਂ ਕੋਈ ਨਹੀਂ ਬਚਾ ਸਕਦਾ।

**ਉਜਾਗਰ ਸਿੰਘ ਅਮਲੀ:** ਹੱਲਾ! ਤੇ ਆਹ ਤੂੰ ਮੈਨੂੰ ਟਿੱਚਰ ਕੀਤੀ ਆ।

**ਗੁਰਸਾਗਰ ਸਿੰਘ:** (ਗੱਲ ਨੂੰ ਅੱਗੇ ਤੋਰਦਾ ਹੋਇਆ) ਨਹੀਂ ਭਾਈ ਉਜਾਗਰਾ! ਇਹ ਤਾਂ ਮੇਰੇ ਸੋਹਣੇ ਹੱਸਦੇ ਵੱਸਦੇ ਪੰਜਾਬ ਦੇ ਹਰ ਘਰ ਦੀ ਕਹਾਣੀ ਐ। ਜਿਸ ਦੀ ਨੌਜਵਾਨੀ ਨੂੰ ਅੱਜ ਨਸ਼ਿਆਂ ਰੂਪੀ ਡਾਇਣ ਨਿਗਲ ਗਈ ਹੈ। ਇਹ ਮੇਰਾ ਸੋਹਣਾ ਤੇ ਸਾਰੇ ਜੱਗ ਤੋਂ ਨਿਆਰਾ ਪੰਜਾਬ ਜੋ ਕਦੇ ਪੰਜ-ਆਬ ਕਹਾਉਂਦਾ ਸੀ। ਜੋ ਕਦੇ ਪੰਜਾਂ ਦਰਿਆਵਾਂ ਦਾ ਅਥਾਹ ਖਜ਼ਾਨਾ ਸੀ। ਜਿਸ ਵਿੱਚ ਕਦੇ ਸਤਿਗੁਰਾਂ ਦੀ ਅੰਮ੍ਰਿਤ ਮਈ ਬਾਣੀ ਦੇ ਮਿੱਠੇ ਬੋਲ ਸਰਵਣ ਕਰਨ ਨੂੰ ਮਿਲਦੇ ਸਨ ਅੱਜ ਹਰ ਘਰ ਵਿੱਚ ਵੈਣ ਪਾਉਣ ਦੀ ਆਵਾਜ਼ ਆਉਂਦੀ ਏ। ਜੋ ਮੈਥੋਂ ਬਰਦਾਸ਼ਤ ਨਹੀਂ ਹੁੰਦੀ। ਪਤਾ ਨਹੀਂ ਕਿਸ ਚੰਦਰੇ ਦੀ ਨਜ਼ਰ ਲੱਗ ਗਈ ਏ ਗੁਰਾਂ ਦੀ ਏਸ ਧਰਤੀ ਨੂੰ!

**ਗੁਰਮੁਖ ਸਿੰਘ:** ਦਾਦਾ ਜੀ! ਤੁਹਾਡੀਆਂ ਅੱਖਾਂ ਵਿੱਚ ਤਾਂ ਅੱਥਰੂ ਆ ਗਏ ਨੇ! ਚਲੋ ਅੱਗੋਂ ਦੱਸੋ।

**ਗੁਰਸਾਗਰ ਸਿੰਘ:** (ਰੁਮਾਲ ਨਾਲ ਪੂੰਝਦਾ ਹੋਇਆ) ਹਾਂ ਤੇ ਮੈਂ ਕਹਿ ਰਿਹਾ ਸੀ ਕਿ ਇਸ ਵੇਲੇ ਪੰਜਾਬ ਦਾ ਵੱਡਾ ਵਰਗ ਨਸ਼ਿਆਂ ਦੇ ਦਰਿਆ ਦੀਆਂ ਲਹਿਰਾਂ ਦੀ ਲਪੇਟ ਵਿੱਚ ਆ ਕੇ ਮੌਤ ਨੂੰ ਸੱਦਾ ਦੇਈ ਬੈਠਾ ਹੈ। ਅੱਜ ਉਹ ਮਾਂ ਜੋ ਕਦੇ ਦੁੱਧਾਂ ਤੇ ਮੱਖਣਾਂ ਨਾਲ ਆਪਣੇ ਲਾਲ ਨੂੰ ਪਾਲਦੀ ਪੋਸਦੀ ਸੀ ਤੇ ਉਸ ਦੀ ਜਵਾਨੀ 'ਤੇ ਮਾਣ ਮਹਿਸੂਸ ਕਰਦੀ ਸੀ, ਆਪਣੀ ਅੱਖੀਂ ਜਦ ਔਲਾਦ ਨੂੰ ਨਸ਼ਿਆਂ ਵਿੱਚ ਗਲਤਾਨ ਹੋਈ ਦੇਖਦੀ ਹੈ ਤਾਂ ਝੂਰਦੀ ਹੈ। ਦੁੱਧਾਂ ਤੇ ਮੱਖਣ ਮਲਾਈਆਂ ਨਾਲ ਪਾਲਿਆ ਉਸ ਦਾ ਬੱਚਾ ਜਦ ਮਾੜੀ ਸੰਗਤ ਵਿੱਚ ਪੈ ਕੇ ਸ਼ਰਾਬ, ਤਮਾਕੂ,, ਪੋਸਤ, ਅਫੀਮ ਭੰਗ,

ਭੁੱਕੀ, ਪੋਸਤ, ਗਾਂਜਾ, ਚਰਸ, ਜਰਦਾ, ਪਾਨ ਮਸਾਲਾ, ਸਮੈਕ, ਕੋਕੀਨ, ਹੈਰੋਇਨ, ਨਸ਼ੇ ਦੀਆਂ ਗੋਲੀਆਂ ਤੇ ਕੈਪਸੂਲ ਖਾਂਦਾ ਦੇਖਦੀ ਹੈ ਤਾਂ ਆਪਣੇ ਮਾਂ ਹੋਣ ਤੇ ਮਾਣ ਮਹਿਸੂਸ ਕਰਨ ਦੀ ਬਜਾਏ ਸ਼ਰਮਿੰਦਗੀ ਨਾਲ ਨੀਵੀਂ ਪਾ ਲੈਂਦੀ ਹੈ। ਕੁਦਰਤ ਨੇ ਮਨੁੱਖ ਲਈ ਛੱਤੀ ਪ੍ਰਕਾਰ ਦੇ ਪਦਾਰਥ ਬਣਾਏ ਹਨ, ਜੋ ਉਸ ਨੂੰ ਸੁੰਦਰ, ਸਵੱਛ ਤੇ ਸ਼ਕਤੀਸ਼ਾਲੀ ਬਣਾਉਂਦੇ ਹਨ, ਪਰ ਇਹ ਭੁੱਲਿਆ ਭਟਕਿਆ ਮਨੁੱਖ ਨਸ਼ਿਆਂ ਦਾ ਸ਼ਿਕਾਰ ਹੋ ਆਪਣੀ ਕੀਮਤੀ ਜਾਨ ਨੂੰ ਆਵਾਗਵਣ ਗਵਾਈ ਜਾ ਰਿਹਾ ਹੈ।

**ਗੁਰਮੁਖ ਸਿੰਘ:** ਦਾਦਾ ਜੀ! ਇਹ ਤਾਂ ਬਹੁਤ ਹੀ ਦੁੱਖ ਦੀ ਗੱਲ ਹੋਈ ਨਾ।

**ਗੁਰਸਾਗਰ ਸਿੰਘ:** ਹਾਂ ਪੁੱਤਰਾ! ਜਿਹੜਾ ਵਿਅਕਤੀ ਆਪਣੇ ਸਰੀਰ ਬਾਰੇ ਹੀ ਚੰਗਾ ਨਹੀਂ ਸੋਚ ਸਕਦਾ, ਉਸ ਨੂੰ ਪ੍ਰਭੂ ਪਿਤਾ ਪ੍ਰਮੇਸ਼ਵਰ ਵੱਲੋਂ ਇਹ ਸਰੀਰ ਰੂਪੀ ਜੋ ਵਡਮੁੱਲਾ ਗਿਫ਼ਟ ਦਿੱਤਾ ਹੈ, ਉਸ ਦੀ ਕਦਰ ਨਹੀਂ ਕਰਦਾ, ਉਸ ਕੋਲੋਂ ਚੰਗੇ ਤੇ ਨਰੋਏ ਸਮਾਜ, ਸੰਸਾਰ, ਧਰਮ ਰਾਜਨੀਤੀ ਜਾਂ ਚੰਗੇ ਪਰਿਵਾਰ ਦੀ ਕੀ ਆਸ ਹੋ ਸਕਦੀ ਹੈ। ਨਾ ਤਾਂ ਉਹ ਚੰਗਾ ਪੁੱਤਰ, ਨਾ ਚੰਗਾ ਪਿਤਾ, ਨਾ ਚੰਗਾ ਪਤੀ, ਨਾ ਚੰਗੀ ਪੱਤ ਵਾਲਾ ਤੇ ਨਾ ਹੀ ਚੰਗੇ ਪਰਿਵਾਰ ਦਾ ਸਿਰਜਕ ਬਣ ਸਕਦਾ ਹੈ। ਸਤਿਗੁਰੂ ਪਾਤਸ਼ਾਹ ਜੀ ਫੁਰਮਾਉਂਦੇ ਹਨ :

**ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ** *(ਸੋਰਠਿ ਮ:੧, ਪੰਨਾ ੫੯੫)*

**ਗੁਰਮੁਖ ਸਿੰਘ:** ਪਰ ਦਾਦਾ ਜੀ! ਸਾਨੂੰ ਇਸ ਸਮੇਂ ਸਮਾਜ ਨੂੰ ਨਸ਼ੇ ਕਰਨ ਤੋਂ ਰੋਕਣ ਲਈ ਕੀ ਕਰਨਾ ਚਾਹੀਦਾ ਹੈ?

**ਗੁਰਸਾਗਰ ਸਿੰਘ:** ਬਈ ਪੁੱਤਰਾ! ਇਸ ਕਠਿਨ ਸਮੇਂ ਗੁਰੂ ਨਾਨਕ ਪਾਤਸ਼ਾਹ ਜੀ ਦਾ ਉਪਦੇਸ਼ ਵਿਸ਼ਵ ਲਈ ਸਭ ਤੋਂ ਵੱਡੀ ਪ੍ਰੇਰਕ ਸ਼ਕਤੀ ਹੈ। (ਗੱਲ ਨੂੰ ਅੱਗੇ ਤੋਰਦਾ ਹੋਇਆ) ਜਦੋਂ ਸਿੱਧਾਂ-ਜੋਗੀਆਂ ਨੇ ਸਤਿਗੁਰਾਂ ਨੂੰ ਸ਼ਰਾਬ ਦਾ ਪਿਆਲਾ ਭੇਟ ਕੀਤਾ ਤਾਂ ਉਨ੍ਹਾਂ ਕਿਹਾ, ਇਹ ਨਸ਼ਾ ਤਾਂ ਜਲਦੀ ਉਤਰ ਜਾਵੇਗਾ, ਮੈਂ ਤੁਹਾਨੂੰ ਅਸਲੀ ਨਸ਼ਾ ਤਿਆਰ ਕਰਨ ਦੀ ਜਾਚ ਦੱਸਦਾ ਹਾਂ। ਗੁਰੂ ਸਾਹਿਬ ਜੀ ਫੁਰਮਾਉਂਦੇ ਹਨ:

**ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ॥**
**ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ॥** *(ਪੰਨਾ ੩੬੦)*

**ਗੁਰਮੁਖ ਸਿੰਘ:** ਦਾਦਾ ਜੀ ਇਸਦਾ ਅਰਥ ਕੀ ਹੋਇਆ।

**ਗੁਰਸਾਗਰ ਸਿੰਘ:** ਪੁੱਤਰ ਜੀ ਇਸ ਦਾ ਅਰਥ ਹੈ ਹੇ ਜੋਗੀ! ਸ਼ਰਾਬ ਤਿਆਰ ਕਰਨ ਲਈ ਗੁੜ ਨਹੀਂ, ਸਗੋਂ ਗਿਆਨ ਰੂਪੀ ਗੁੜ ਪਾਓ ਤੇ ਇਸ ਵਿੱਚ ਧਿਆਨ ਰੂਪੀ ਮਹੂਏ ਦੇ ਫੁੱਲ (ਧਾਵੈ) ਪਾਉ। ਫਿਰ ਹੱਥਾਂ ਦੀ ਕਰਣੀ ਰੂਪੀ ਕਿੱਕਰ ਦਾ ਸੱਕ (ਕਸੁ) ਪਾਉਣਾ ਕਰੋ। (ਜੋਗੀ ਲੋਕ ਕਿਰਤ ਤੇ ਟੁੱਟੇ ਹੋਏ ਸਨ ਤੇ ਮੰਗ ਕੇ ਖਾਂਦੇ ਸਨ, ਉਹ ਸਰੀਰ ਤਾਂ ਤਪਾਉਂਦੇ ਸਨ ਪਰ ਸਮਾਜ ਨੂੰ ਕੋਈ ਲਾਭ ਨਹੀਂ ਸੀ) ਸਤਿਗੁਰੂ ਨੇ ਅੱਗੇ ਕਿਹਾ ਕਿ ਸ਼ਰਾਬ ਤਿਆਰ ਕਰਨ ਲਈ ਬਾਹਰੀ ਭੱਠੀ ਲਾਉਣ ਨਾਲੋਂ ਸਰੀਰ (ਭਵਨ) ਰੂਪੀ ਭੱਠੀ ਤਪਾਓ ਤੇ ਇਹਦੇ ਵਿੱਚ ਪ੍ਰੇਮ ਰੂਪੀ ਪੋਚਾ ਜੋ ਅਰਕ ਵਾਲੀ ਨਾਲੀ ਉੱਤੇ ਫੇਰਨਾ ਹੈ ਤੇ ਉਹ ਭਾਫ ਨਾਲੀ ਵਿਚੋਂ ਠੰਢੀ ਹੋ ਅਰਕ ਬਣਦੀ ਜਾਏ। ਜਦ ਇਹ ਅੰਮ੍ਰਿਤ ਰਸ ਝਰੇਗਾ ਤਾਂ ਇਸ ਪਿਆਲੇ ਦੀ ਮਸਤੀ ਸਦਾ ਟਿਕੀ ਰਹੇਗੀ।

**ਉਜਾਗਰ ਸਿੰਘ ਅਮਲੀ:** ਬਈ ਮਾਟਰਾ! ਗੱਲਾਂ ਤਾਂ ਤੂੰ ਗੂੜ੍ਹ ਗਿਆਨ ਦੀਆਂ ਕਰਦਾਂ ਏਂ ਪਰ ਮੇਰੇ ਖੋਤੇ ਡਮਾਗ ਦੇ ਪੱਲੇ ਕੁਝ ਘੱਟ ਈ ਪੈਂਦਾ ਜਾਪਦਾ ਏ। ਜ਼ਰਾ ਸਿੱਧੇ ਤਰੀਕੇ ਨਾਲ ਸਮਝਾ।

**ਗੁਰਸਾਗਰ ਸਿੰਘ:** ਭਾਈ ਇਹ ਪਾਵਨ ਪਵਿੱਤਰ ਪੰਕਤੀਆਂ ਗੁਰੂ ਨਾਨਕ ਸਾਹਿਬ ਜੀ ਦੀਆਂ ਉਚਾਰਨ ਕੀਤੀਆਂ ਨੇ। ਇਨ੍ਹਾਂ ਪੰਕਤੀਆਂ ਵਿਚ ਗਿਆਨ, ਧਿਆਨ, ਹੱਥੀਂ ਕਿਰਤ ਕਰਨ, ਸਰੀਰ ਨੂੰ ਸੰਵਾਰਨ ਤੇ ਪ੍ਰੇਮ ਮਈ ਬੋਲੀ ਬੋਲਣ ਦੀ ਪ੍ਰੇਰਕ-ਸ਼ਕਤੀ ਹੈ। ਜਦ ਮਨੁੱਖ ਪਾਸ ਗਿਆਨ ਹੋਵੇਗਾ ਤਾਂ ਅਗਿਆਨਤਾ ਦੂਰ ਹੋਵੇਗੀ, ਧਿਆਨ ਚੰਗੇ ਪਾਸੇ ਹੋਵੇਗਾ ਤਾਂ ਚਿੰਤਨ ਡੂੰਘਾ ਹੋਵੇਗਾ, ਹੱਥੀਂ ਕਿਰਤ ਕਰਨ ਵਾਲਾ ਸਮਾਜ ਵਿਚ ਸਤਿਕਾਰ ਪਾਵੇਗਾ। ਸਰੀਰ ਨੂੰ ਸੰਵਾਰਨ ਵਾਲਾ ਭੈੜੀ ਵਸਤੂ ਨਹੀਂ ਖਾਵੇਗਾ ਤੇ ਪ੍ਰੇਮ-ਮਈ ਬੋਲਾਂ ਵਾਲੇ ਚੰਗੇ ਸਮਾਜ ਦੇ ਸਿਰਜਕ ਹੁੰਦੇ ਹਨ। ਅੱਜ ਇਹਨਾਂ ਵਿਚਾਰਾਂ ਨੂੰ ਅਮਲੀ ਰੂਪ ਵਿੱਚ ਲਾਗੂ ਕਰਨ ਦੀ ਲੋੜ ਹੈ। ਹਾਂ ਅਸੀਂ ਇਸ ਗੱਲ ਨਾਲ ਸਹਿਮਤ ਹਾਂ ਕਿ ਹਰੇਕ

ਇਨਸਾਨ ਨੂੰ ਆਪਣੇ ਜੀਵਨ ਵਿੱਚ ਕਿਸੇ ਨਾ ਕਿਸੇ ਨਸ਼ੇ ਦੀ ਲੋੜ ਹੁੰਦੀ ਹੈ ......

**ਉਜਾਗਰ ਸਿੰਘ ਅਮਲੀ:** (ਬਾਗੋ ਬਾਗ ਹੁੰਦਾ ਹੋਇਆ ਤਾੜੀ ਮਾਰਦਾ ਕਹਿੰਦਾ ਏ) ਆਹ ਕੀਤੀ ਊ ਨਾ ਕਮਾਲ ਮਾਟਰਾ! ਹੁਣ ਆਈ ਊ ਖੋਤੀ ਬੋਹੜ ਥੱਲੇ ! ਨਈਂ ਰੀਸਾਂ ਓਏ ਤੇਰੀਆਂ ਮਾਟਰਾ! ਓਏ ਦਿਲ ਕਰਦੈ ਤੇਰਾ ਮੂੰਹ ਚੁੰਮ ਲਵਾਂ ! (ਹੱਥ ਨਾਲ ਚੁੰਮਣ ਲੈਣ ਦਾ ਇਸ਼ਾਰਾ ਕਰਦਾ ਹੋਇਆ) ਆਖਰਕਾਰ ਇਹ ਤਾਂ ਮੰਨਿਆਂ ਏਂ ਨਾ ਕਿ ਹਰੇਕ ਇਨਸਾਨ ਨੂੰ ਆਪਣੇ ਜੀਵਨ ਵਿੱਚ ਕਿਸੇ ਨਾ ਕਿਸੇ ਨਸ਼ੇ ਦੀ ਲੋੜ ਹੁੰਦੀ ਏ ! ਫੇਰ ਪਿੰਡ ਦੇ ਜੁਆਕਾਂ ਨੂੰ ਕਿਉਂ ਟੋਕਦਾ ਏਂ ਨਸ਼ੇ ਪੱਤੇ ਕਰਨ ਤੋਂ!

**ਗੁਰਸਾਗਰ ਸਿੰਘ:** ਦੇਖ-ਦੇਖ ਕਿਵੇਂ ਦਲਗਜੇ ਮਾਰਦਾ ਫਿਰਦਾ ਏ! ਪਰ ਇਹ ਤਾਂ ਸੱਚਮੁੱਚ ਈ ਕਮਲਾ ਏ। ਇਹ ਬੱਸ ਨਸ਼ੇ ਦਾ ਨਾਂ ਸੁਣ ਕੇ ਹੀ ਗਦ ਗਦ ਹੋਈ ਫਿਰਦਾ ਏ। ਪਰ ਇਹਨੂੰ ਭਲੇ ਪੁਰਸ਼ ਨੂੰ ਇਹ ਨਹੀਂ ਪਤਾ ਕਿ ਮੈਂ ਕਿਸ ਨਸ਼ੇ ਦੀ ਗੱਲ ਕਰ ਰਿਹਾਂ!

**ਗੁਰਮੁਖ ਸਿੰਘ:** ਦਾਦਾ ਜੀ! ਤੁਸੀਂ ਕਿਸ ਨਸ਼ੇ ਦੀ ਗੱਲ ਕਰ ਰਹੇ ਹੋ ਤੇ ਸਾਨੂੰ ਕਿਸ ਤਰ੍ਹਾਂ ਦਾ ਨਸ਼ਾ ਕਰਨਾ ਚਾਹੀਦਾ ਹੈ?

**ਗੁਰਸਾਗਰ ਸਿੰਘ:** ਓਏ ਪੁੱਤਰਾ ਸੁਣ! ਤੂੰ ਵੀ ਸੁਣ ਓਏ ਕਮਲਿਆ! (ਉਜਾਗਰ ਸਿੰਘ ਅਮਲੀ ਵੱਲ ਇਸ਼ਾਰਾ ਕਰਦਾ ਹੋਇਆ) ਸੁਣੋ ਮੈਂ ਕਿਸ ਨਸ਼ੇ ਦੀ ਗੱਲ ਕਰ ਰਿਹਾ ਹਾਂ! ਨਸ਼ਾ ਜ਼ਰੂਰ ਕਰੋ, ਪਰ ਨਸ਼ਾ ਕਰੋ ਉੱਚੇ ਸੁੱਚੇ ਖਿਆਲਾਂ ਦਾ, ਆਪਣੀ ਸਿਹਤ ਸੰਭਾਲਾਂ ਦਾ, ਉੱਚ ਵਿਦਿਆ ਪੜ੍ਹਨ ਦਾ, ਬੁਰਾਈਆਂ ਨਾਲ ਲੜਨ ਦਾ, ਧਰਮ ਤੇ ਇਤਿਹਾਸ ਦਾ, ਸ਼ਰਧਾ ਤੇ ਵਿਸ਼ਵਾਸ ਦਾ, ਸਮਾਜ ਸੁਧਾਰਨ ਦਾ, ਚੰਗਿਆਈਆਂ ਪ੍ਰਚਾਰਨ ਦਾ, ਨਸ਼ਾ ਕਰੋ ਕੁਦਰਤ ਤੇ ਕਾਦਰ ਦਾ, ਇੱਜ਼ਤ ਤੇ ਆਦਰ ਦਾ, ਹਰ ਪਾਸੇ ਹਰਿਆਲੀ ਦਾ, ਤਨ ਮਨ ਦੀ ਖੁਸ਼ਹਾਲੀ ਦਾ, ਕਿਰਤ ਤੇ ਕਮਾਈ ਦਾ, ਸਰਬੱਤ ਦੀ ਭਲਾਈ ਦਾ, ਮਾਪਿਆਂ ਦੀ ਸੇਵਾ ਦਾ, ਗੁਰ ਸੇਵਾ 'ਚ ਮੇਵਾ ਦਾ, ਨਸ਼ਾ ਕਰੋ ਚੰਗੀ ਸੰਗਤ 'ਚ ਬਹਿਣ ਦਾ, ਸਦਾ ਚੜ੍ਹਦੀ ਕਲਾ 'ਚ ਰਹਿਣ ਦਾ, ਗੁਰਮੁਖ ਰਹਿਣੀ ਤੇ ਫੱਬਣ ਦਾ, ਗੁਰ ਚਰਨੀਂ ਲੱਗਣ ਦਾ, ਆਲਸ ਤਿਆਗਣ ਦਾ, ਅੰਮ੍ਰਿਤ ਵੇਲੇ ਜਾਗਣ ਦਾ, ਨਸ਼ਾ ਕਰੋ ਅੰਮ੍ਰਿਤ ਦੀ ਦਾਤ ਦਾ, ਗੁਰ ਬਖਸ਼ੀ ਸੌਗਾਤ ਦਾ, ਨਸ਼ਾ ਕਰੋ ਕੇਵਲ ਪ੍ਰਸ਼ਾਦੇ ਦਾ, ਪ੍ਰਪੱਕ ਇਰਾਦੇ ਦਾ, ਆਪਣੇ ਪਰਿਵਾਰਾਂ ਨੂੰ ਪਾਲਣ ਦਾ, ਦੁੱਖ ਮੁਸਕਰਾ ਕੇ ਟਾਲਣ ਦਾ, ਸ਼ੁੱਧ ਹਵਾ ਤੇ ਪਾਣੀ ਦਾ, ਬਾਣੇ ਤੇ ਬਾਣੀ ਦਾ! ਫੇਰ ਦੇਖੋ ਉਸ ਕਾਦਰ ਦੀ ਕੁਦਰਤ ਦੇ ਨਜ਼ਾਰੇ! ਫੇਰ ਦੇਖੋ ਰੰਗ ਕਰਤਾਰ ਦੇ!

ਉਜਾਗਰ ਸਿੰਘ ਅਮਲੀ: ਹੱਲਾ, ਤੇ ਆਹ ਗੱਲ ਐ! (ਹੈਰਾਨ ਹੋ ਕੇ)

**ਗੁਰਸਾਗਰ ਸਿੰਘ:** (ਅਮਲੀ ਨੂੰ) ਭੋਲਿਆ ਪੁਰਸ਼ਾ! ਸੰਸਾਰ ਵਿੱਚ ਓਨਾ ਨੁਕਸਾਨ ਜੰਗਾਂ-ਜੁੱਧਾਂ ਨਾਲ ਨਹੀਂ ਹੁੰਦਾ ਜਿੰਨਾ ਨੁਕਸਾਨ ਮਨੁੱਖ ਦੇ ਨਿੱਜੀ ਐਬ ਜਾਂ ਔਗੁਣ ਕਰਦੇ ਨੇ। ਧਰਤੀ ਦਾ ਸੱਚ ਹੈ ਕਿ ਨਸ਼ੇ ਕਰਕੇ ਕਦੇ ਕੋਈ ਪਹਿਲਵਾਨ ਤਾਂ ਬਣਿਆ ਨਹੀਂ ਸਗੋਂ ਬਹੁਤ ਜਲਦੀ ਅਰਥੀ ਦਾ ਭਾਰ ਹੀ ਬਣਦਾ ਹੈ। ਅੱਜ ਨਸ਼ਿਆਂ ਦਾ ਪ੍ਰਤੀਕਰਮ ਸਭ ਦੇ ਸਾਹਮਣੇ ਹੈ ਕਿ ਬੇਸ਼ੁਮਾਰ ਐਕਸੀਡੈਂਟ, ਲੁੱਟਾਂ ਖੋਹਾਂ, ਝਗੜੇ, ਕਤਲੋਗਾਰਤ, ਕੁੱਟਮਾਰ, ਪਰਿਵਾਰਕ ਕਲੇਸ਼, ਤਲਾਕ, ਇਸਤਰੀਆਂ ਦੀ ਦੁਰਦਸ਼ਾ, ਬੱਚਿਆਂ ਉੱਪਰ ਦੁਰ ਪ੍ਰਭਾਵ, ਦੁਰਘਟਨਾਵਾਂ, ਅਵਾਰਾਗਰਦੀ, ਅਪਾਹਜ ਬੱਚਿਆਂ ਦੀ ਪੈਦਾਇਸ਼, ਨਿਪੁੰਸੁਕਤਾ, ਆਰਥਿਕ ਬੋਝ, ਕਰਜ਼ੇ, ਮਾਨਸਿਕ ਪ੍ਰੇਸ਼ਾਨੀਆਂ, ਆਤਮ ਹੱਤਿਆਵਾਂ, ਨਸ਼ੇ ਦੀ ਪੂਰਤੀ ਲਈ ਹੇਰਾ-ਫੇਰੀ ਆਦਿ ਸਭਨਾਂ ਦੀ ਤਾਰ ਕਿਧਰੇ ਨਾ ਕਿਧਰੇ ਨਸ਼ਿਆਂ ਨਾਲ ਜਾ ਮਿਲਦੀ ਹੈ।

**ਉਜਾਗਰ ਸਿੰਘ ਅਮਲੀ:** ਮਾਟਰਾ ਗੱਲਾਂ ਤੇ ਬੜੀਆਂ ਚੰਗੀਆਂ ਕੀਤੀਆਂ ਈ ! ਪਰ ਮੈਨੂੰ ਇੰਝ ਜਾਪਦੈ ਜਿਵੇਂ ਤੂੰ ਇਹ ਲਪੇੜੇ ਮੈਨੂੰ ਈ ਮਾਰੇ ਹੋਣ। ਮਾਰੇ ਵੀ ਬੜੇ ਭਿਊਂ ਕੇ ਨੇ। ਪਰ ਇਹ ਗੱਲਾਂ ਕਿਤਾਬਾਂ ਵਿੱਚ ਈ ਚੰਗੀਆਂ ਲਗਦੀਆਂ ਨੇ! ਏਨ੍ਹਾਂ ਨੂੰ ਤੂੰ ਆਪਣੇ ਕੋਲ ਈ ਰੱਖ ! ਮੈਂ ਚੱਲਿਆਂ ਭੰਗੜਾਂ ਦੀ ਖੂਹੀ ਤੇ ਸਵਰਗਾਂ ਦੇ ਨਜ਼ਾਰੇ ਲੈਣ। ਸਹੁਰੀ ਦੇ ਨੇ ਸਾਰਾ ਨਸ਼ਾ ਪੱਤਾ ਈ ਲਾਹ ਦਿੱਤਾ ਏ। (ਜਾਣ ਲਗਦਾ ਏ)

**ਗੁਰਸਾਗਰ ਸਿੰਘ:** ਜਿੱਥੇ ਮਰਜ਼ੀ ਜਾਹ ਅਮਲੀਆ ਤੇ ਜਿੰਨਾ ਮਰਜ਼ੀ ਨਸ਼ਾ ਕਰ ਲੈ ਇਹ ਨਸ਼ਾ ਤਾਂ ਲਹਿ ਈ ਜਾਣਾ ਏ! ਬੱਸ! ਇਕੋ ਨਸ਼ਾ ਨਹੀਂ ਲਹਿਣਾ 'ਓਹਦੇ ਨਾਮ ਦੀ ਖੁਮਾਰੀ ਦਾ', ਉਹਦੇ ਨਾਮ ਦੀ ਰੰਗਤ ਵਿੱਚ ਰੰਗ ਜਾਹ ਫੇਰ ਦੇਖੀਂ ਨਸ਼ੇ ਦਾ ਸਰੂਰ ਐਸਾ ਚੜੂ ਕਿ ਕਦੇ ਲੱਥਣ ਦਾ ਨਾਮ ਹੀ ਨਾ ਲਊ, ਫੇਰ ਤਾਂ ਆਨੰਦ ਹੀ ਆਨੰਦ ! ਗੁਰਮੁਖਾਂ

ਦੀ ਸੰਗਤ ਕਰ, ਮਨਮੁੱਖਾਂ ਦੀ ਸੰਗਤ ਛੱਡ ਦੇਹ। ਇਹੋ ਮੇਰੀ ਨਸੀਹਤ ਹੈ ਸਭ ਨੂੰ!

**ਉਜਾਗਰ ਸਿੰਘ ਅਮਲੀ:** ਨਾ ਅਸੀਂ ਨਈਂ ਕਰਦੇ ਗੁਰਮੁਖਾਂ ਦੀ ਸੰਗਤ ਇਹਦੇ ਨਾਲੋਂ ਤਾਂ ਅਸੀਂ ਮਨਮੁੱਖ ਹੀ ਚੰਗੇ। ਗੁਰਮੁਖਾਂ ਦੀ ਸੰਗਤ ਕਰਕੇ ਅਸਾਂ ਭੁੱਖੇ ਮਰਨੈ! ਗੁਣਗੁਨਾਉਂਦਾ ਹੋਇਆ ਜਾਂਦਾ ਹੈ:

ਐ ਦੇਸ਼ ਦੇ ਨੌਜਵਾਨਾ ਅਮਲ ਕਰੇਂਦਾ ਜਾਹ
ਅਫੀਮ, ਭੰਗ ਤੇ ਭੁੱਕੀ ਜਾਗਰਾ ਛਕੇਂਦਾ ਜਾਹ... (ਜਾਂਦਾ ਹੈ)

**ਗੁਰਮੁਖ ਸਿੰਘ:** ਦਾਦਾ ਜੀ! ਤੁਸੀਂ ਫਿਕਰ ਨਾ ਕਰੋ, ਮੈਂ ਤੁਹਾਡੇ ਬਚਨਾਂ 'ਤੇ ਖਰਾ ਉਤਰਾਂਗਾ ਤੇ ਆਪਣੇ ਸਾਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਾਂਗਾ। ਪਰ ਤੁਸੀਂ ਏਸ ਅਮਲੀ ਦੀ ਗੱਲ ਛੱਡੋ, ਇਹ ਤੁਹਾਡੀਆਂ ਨਸੀਹਤਾਂ ਦੀ ਕੋਈ ਪ੍ਰਵਾਹ ਨਹੀਂ ਕਰਦਾ, ਲਗਦੈ ਇਸ ਨੇ ਨਹੀਂ ਸੁਧਰਨਾ।

**ਗੁਰਸਾਗਰ ਸਿੰਘ:** ਪੁੱਤਰ ਜੀ! ਹੌਂਸਲਾ ਨਹੀਂ ਛੱਡੀਦਾ। ਇਸ ਅਮਲੀ ਦਾ ਪਿਤਾ ਅਜੀਤ ਸਿੰਘ ਅੰਮ੍ਰਿਤਧਾਰੀ ਗੁਰਸਿੱਖ ਸੀ, ਰੋਜ਼ ਦਾ ਨਿਤਨੇਮੀ ਤੇ ਪਰਉਪਕਾਰੀ ਸੀ। ਇਹ ਵੀ ਜਦ ਤੇਰੇ ਜਿੱਡਾ ਸੀ ਤਾਂ ਸਿਰ 'ਤੇ ਜੂੜਾ ਕਰਕੇ ਸੋਹਣੀ ਦਸਤਾਰ ਸਜਾਉਂਦਾ ਸੀ। ਇਸ ਦਾ ਪਿਤਾ ੧੦੦ ਕਿੱਲਿਆਂ ਦਾ ਮਾਲਕ ਸੀ। ਜਦ ਉਹ ਅਕਾਲ ਚਲਾਣਾ ਕਰ ਗਿਆ ਤਾਂ ਸ਼ਰੀਕਾਂ ਨੇ ਇਸ ਨੂੰ ਨਸ਼ੇ ਦੀ ਭੈੜੀ ਲੱਤ ਲਾ ਦਿੱਤੀ ਤੇ ਇਸ ਦੀ ਸਾਰੀ ਜ਼ਮੀਨ ਹੜੱਪ ਲਈ। ਅਗਰ ਇਸ ਨੂੰ ਏਸ ਦਲਦਲ 'ਚੋਂ ਨਾ ਕੱਢਿਆ ਗਿਆ ਤਾਂ ਇਹ ਆਪਣੇ ਨਾਲ ਬਹਿਣ ਖਲੋਣ ਵਾਲੇ ਕਈ ਹੋਰਾਂ ਨੂੰ ਬਰਬਾਦ ਕਰੇਗਾ ਤੇ ਉਨ੍ਹਾਂ ਨੂੰ ਨਸ਼ਿਆਂ ਦੀ ਲੱਤ ਲਗਾ ਦੇਵੇਗਾ।

**ਗੁਰਮੁਖ ਸਿੰਘ:** ਪਰ ਦਾਦਾ ਜੀ ਇਹ ਮਨੁੱਖ ਨਸ਼ਾ ਕਿਉਂ ਕਰਦੇ ਹਨ?

**ਗੁਰਸਾਗਰ ਸਿੰਘ:** ਓਏ ਪੁੱਤਰਾ ਕੀ ਦੱਸਾਂ! (ਹੌਕਾ ਭਰਦੇ ਹੋਏ) ਜਦੋਂ ਮਨੁੱਖ ਕਿਸੇ ਮੁਸੀਬਤ ਵਿੱਚ ਹੁੰਦਾ ਹੈ ਜਾਂ ਉਸ ਦਾ ਕੋਈ ਵੱਡਾ ਨੁਕਸਾਨ ਹੋ ਜਾਂਦਾ ਹੈ ਜਾਂ ਉਹ ਕਿਸੇ ਗੱਲ ਤੋਂ ਬਹੁਤ ਦੁਖੀ ਹੁੰਦਾ ਹੈ ਤਾਂ ਉਹ ਅਗਿਆਨਤਾ ਵਸ ਸੋਚਦਾ ਹੈ ਕਿ ਸ਼ਾਇਦ ਨਸ਼ਾ ਕਰਕੇ ਉਸ ਨੂੰ ਆਪਣੇ ਸਾਰੇ ਦੁੱਖ ਗਮ ਭੁੱਲ ਜਾਣਗੇ, ਪਰ ਇਹ ਸਿਰਫ਼ ਥੋੜ੍ਹੇ ਸਮੇਂ ਲਈ ਹੀ ਹੁੰਦਾ ਹੈ ਜਿੰਨੀ ਦੇਰ ਤੱਕ ਉਸ ਨੂੰ ਹੋਸ਼ ਨਹੀਂ ਆ ਜਾਂਦੀ ਜਾਂ ਉਸ ਦਾ ਨਸ਼ਾ ਉੱਤਰ ਨਹੀਂ ਜਾਂਦਾ। ਕਈ ਵਾਰੀ ਮਨੁੱਖ ਬੁਰੀ ਸੰਗਤ ਦਾ ਸ਼ਿਕਾਰ ਵੀ ਹੋ ਜਾਂਦਾ ਏ। ਇਸ ਤਰ੍ਹਾਂ ਹੌਲੀ ਹੌਲੀ ਉਸ ਨੂੰ ਨਸ਼ੇ ਦੀ ਲੱਤ ਲੱਗ ਜਾਂਦੀ ਹੈ। ਇਸ ਹਾਲਤ ਵਿੱਚ ਮਨੁੱਖ ਨਾ ਸਹੀ ਸੋਚ ਸਕਦਾ ਹੈ ਅਤੇ ਨਾ ਹੀ ਸਹੀ ਕਰਮ ਕਰ ਸਕਦਾ ਹੈ। ਗੱਲ ਕੀ ਮਨੁੱਖ ਦੀ ਮੱਤ ਮਾਰੀ ਜਾਂਦੀ ਹੈ। ਨਸ਼ੇ ਅਧੀਨ ਬਣੀ ਐਸੀ ਅਵਸਥਾ ਵਿਚ ਨਸ਼ੱਈ ਮਨੁੱਖ ਨੂੰ ਨਾ ਸਰਕਾਰ ਦਾ ਡਰ, ਨਾ ਹੀ ਸਮਾਜ ਦੀ ਲੱਜਾ ਅਤੇ ਨਾ ਹੀ ਪ੍ਰਮਾਤਮਾ ਦਾ ਭੈਅ ਰਹਿੰਦਾ ਹੈ ਅਤੇ ਉਹ ਆਪਣੀਆਂ ਮਨ ਆਈਆਂ ਕਰਦਾ ਹੈ।

**ਗੁਰਮੁਖ ਸਿੰਘ:** ਅੱਛਾ ਤੇ ਤਾਹੀਓਂ ਅਮਲੀ ਚਾਚਾ ਤੁਹਾਡੀਆਂ ਗੱਲਾਂ ਨੂੰ ਸਹੀ ਵੀ ਕਹਿ ਦੇਂਦੇ ਨੇ, ਪਰ ਤੁਹਾਡੇ ਆਖੇ ਵੀ ਨਹੀਂ ਲਗਦੇ।

**ਗੁਰਸਾਗਰ ਸਿੰਘ:** ਕੋਈ ਨਹੀਂ ਬੱਚਿਆ! ਇਸ ਦਾ ਪਿਓ ਮੇਰਾ ਪੱਗ ਵੱਟ ਭਰਾ ਸੀ ਤੇ ਉਹ ਮਰਨ ਲੱਗਾ ਇਸ ਦੀ ਜ਼ਿੰਮੇਵਾਰੀ ਮੈਨੂੰ ਸੌਂਪ ਗਿਆ ਸੀ, ਚੰਗਾ ਭਲਾ ਸੀ, ਪਰ ਇਸ ਦੇ ਸ਼ਰੀਕਾਂ ਨੇ ਇਹਨੂੰ ਨਸ਼ੇ ਦੀ ਭੈੜੀ ਲੱਤ ਲਗਾ ਦਿੱਤੀ ਤੇ ਸਾਰੀ ਜ਼ਮੀਨ ਹੜੱਪ ਲਈ। ਇਸ ਸਭ ਕਾਸੇ ਤੋਂ ਮੈਂ ਅਨਜਾਣ ਸੀ। ਖੈਰ, ਤੂੰ ਦੇਖੀਂ ਇਕ ਦਿਨ ਐਸਾ ਆਵੇਗਾ ਜਦ ਇਹ ਮੇਰੀ ਪ੍ਰੇਰਣਾ ਸਦਕਾ ਤੇ ਗੁਰੂ ਦੀ ਕਿਰਪਾ ਨਾਲ ਆਪਣੇ ਆਪ ਸੁਧਰ ਜਾਵੇਗਾ ਤੇ ਗੁਰੂ ਕਾ ਸਿੰਘ ਸਜ ਜਾਵੇਗਾ।

**ਗੁਰਮੁਖ ਸਿੰਘ:** ਦਾਦਾ ਜੀ! ਨਸ਼ਿਆਂ ਨੂੰ ਰੋਕਣ ਵਾਸਤੇ ਸਾਨੂੰ ਕੀ ਕਰਨਾ ਚਾਹੀਦਾ ਹੈ?

**ਗੁਰਸਾਗਰ ਸਿੰਘ:** ਪੁੱਤਰਾ! ਨਸ਼ਿਆਂ ਨੂੰ ਰੋਕਣ ਵਾਸਤੇ ਸਾਨੂੰ ਸਮੁੱਚੇ ਸਮਾਜ ਨੂੰ ਜਾਗਰੂਕ ਕਰਨ ਦੀ ਜ਼ਰੂਰਤ ਹੈ। ਸਿੱਖ ਧਰਮ ਦੀ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਗੁਰਮਤਿ ਪ੍ਰਚਾਰ ਲਈ ਆਪਣੇ ਰਾਗੀ, ਢਾਡੀ, ਗ੍ਰੰਥੀ ਤੇ ਪ੍ਰਚਾਰਕਾਂ ਰਾਹੀਂ ਜਿੱਥੇ ਕਿਤੇ ਵੀ ਗੁਰਮਤਿ ਸਮਾਗਮ ਹੁੰਦੇ ਹਨ ਗੁਰਬਾਣੀ ਰਾਹੀਂ ਸੰਗਤਾਂ ਨੂੰ ਨਸ਼ਿਆਂ ਦਾ ਤਿਆਗ ਕਰਨ ਲਈ ਪ੍ਰੇਰਿਆ ਜਾਂਦਾ ਹੈ। ਇਸ ਦੇ ਇਲਾਵਾ ਵੱਖ-ਵੱਖ

ਵਿਦਵਾਨਾਂ ਦੁਆਰਾ ਨਸ਼ਿਆਂ ਤੋਂ ਪੈਣ ਵਾਲੇ ਮਾਰੂ ਪ੍ਰਭਾਵ ਬਾਰੇ ਟਰੈਕਟ ਵੰਡੇ ਜਾਂਦੇ ਹਨ।

**ਗੁਰਮੁਖ ਸਿੰਘ:** ਦਾਦਾ ਜੀ! ਇਹ ਤਾਂ ਹੋਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਗੁਜ਼ਾਰੀ, ਪਰ ਸਾਡੀ ਸਰਕਾਰ ਕੀ ਕਰਦੀ ਹੈ?

**ਗੁਰਸਾਗਰ ਸਿੰਘ:** ਪੁੱਤਰਾ! ਸਰਕਾਰ ਨੂੰ ਤਾਂ ਐਵੇਂ ਕੁਝ ਕੁ ਤਮਾਸ਼ਬੀਨਾਂ ਨੇ ਬਦਨਾਮ ਕੀਤਾ ਹੈ। ਸਰਕਾਰ ਵੱਲੋਂ ਜਗ੍ਹਾ-ਜਗ੍ਹਾ ਨਸ਼ਿਆਂ ਨੂੰ ਗਲੋਂ ਲਾਹੁਣ ਲਈ ਨਸ਼ਾ ਕੇਂਦਰ ਖੋਲ੍ਹੇ ਗਏ ਨੇ ਤੇ ਇਸ ਦੇ ਇਲਾਵਾ ਪ੍ਰਿੰਟ ਤੇ ਇਲੈਕਟ੍ਰਾਨਿਕਸ ਮੀਡੀਆ ਰਾਹੀਂ ਪ੍ਰਚਾਰ ਵੀ ਕੀਤਾ ਜਾਂਦਾ ਹੈ। ਕੋਈ ਵੀ ਸਰਕਾਰ ਨਹੀਂ ਚਾਹੁੰਦੀ ਕਿ ਮੇਰੇ ਦੇਸ਼ ਦਾ ਨਾਗਰਿਕ ਨਸ਼ਈ ਹੋਵੇ। ਜੋ ਸਰਕਾਰ ਨੂੰ ਬਦਨਾਮ ਕਰਦੇ ਨੇ ਉਹ ਆਪਣੀਆਂ ਕਮਜ਼ੋਰੀਆਂ ਛੁਪਾਉਣ ਲਈ ਝੂਠਾ ਪ੍ਰਚਾਰ ਕਰਦੇ ਨੇ।

**ਗੁਰਮੁਖ ਸਿੰਘ:** ਠੀਕ ਹੈ ਦਾਦਾ ਜੀ, ਮੈਂ ਵੀ ਇਸ ਵਿੱਚ ਤੁਹਾਡਾ ਸਾਥ ਦੇਵਾਂਗਾ। (ਬਰਫ਼ ਦੇ ਗੋਲੇ ਵਾਲੇ ਭਾਈ ਨੂੰ ਆਉਂਦਾ ਦੇਖ ਕੇ) ਲਓ ਭਾਈ ਆ ਗਿਆ ਜੇ ਮੈਨੂੰ ਪਹਿਲਾਂ ਗੋਲਾ ਲੈ ਕੇ ਦਿਓ !

**ਗੁਰਸਾਗਰ ਸਿੰਘ:** ਚੱਲ ਲੈ ਦਿਆਂ! ਚਾਹੇ ਜੋ ਮਰਜ਼ੀ ਹੋਵੇ ਤੂੰ ਬਰਫ਼ ਦਾ ਗੋਲਾ ਲੈਣਾ ਨਹੀਂ ਭੁੱਲਦਾ ।

**ਗੁਰਮੁਖ ਸਿੰਘ:** ਚਲੋ ਹੁਣ ਘਰ ਚੱਲੀਏ, ਮੈਂ ਹਾਲੇ ਸਕੂਲ ਦਾ ਕੰਮ ਵੀ ਕਰਨਾ ਹੈ !

**ਗੁਰਸਾਗਰ ਸਿੰਘ:** ਚੱਲ ਚੱਲੀਏ

(ਜਾਂਦੇ ਹਨ ਤੇ ਪਿੱਠ ਭੂਮੀ ਤੋਂ ਫੇਰ ਗੁਰਬਾਣੀ ਦੀਆਂ ਸਤਰਾਂ ਦੁਹਰਾਈਆਂ ਜਾਂਦੀਆਂ ਹਨ)

ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ॥
ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥
ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ॥ *(ਪੰਨਾ ੫੫੪)*

■

## ਗੁਰਪੁਰਬਾਂ ਸਮੇਂ ਸਜਾਏ ਜਾਂਦੇ ਜਲੌਂ

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਵਿਖੇ ਹੇਠ ਲਿਖੇ ਗੁਰਪੁਰਬਾਂ 'ਤੇ ਜਲੌਂ ਸਜਾਏ ਜਾਂਦੇ ਹਨ, ਦੀਪਮਾਲਾ ਤੇ ਆਤਿਸ਼ਬਾਜ਼ੀ ਕੀਤੀ ਜਾਂਦੀ ਹੈ:

* ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ
* ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਰਾਮਦਾਸ ਜੀ
* ਗੁਰਗੱਦੀ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ
* ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
* ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ
* ਪਹਿਲਾ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

***ਜਲੌਂ ਦਾ ਸਮਾਂ: ਸਵੇਰੇ ੯ ਤੋਂ ੧੨ ਵਜੇ ਦੁਪਹਿਰ ਤੀਕ।***

ਕਵਿਤਾ

# ਗੁਰੂ ਦਸਮੇਸ਼ ਨੇ ਸਜਾਇਆ ਖ਼ਾਲਸਾ

– ਨਿਰਵੈਰ ਸਿੰਘ ਅਰਸ਼ੀ*

ਗੁਰੂ ਦਸਮੇਸ਼ ਨੇ ਸਜਾਇਆ ਖ਼ਾਲਸਾ।
ਕੇਸਗੜ੍ਹ ਵਿਖੇ ਪ੍ਰਗਟਾਇਆ ਖ਼ਾਲਸਾ।
ਦੇ ਕੇ ਅੰਮ੍ਰਿਤ, ਫਿਰ ਆਪ ਛਕ ਕੇ,
ਆਪਣਾ ਹੀ ਰੂਪ ਸੀ ਬਣਾਇਆ ਖ਼ਾਲਸਾ।
ਤੀਰਾਂ-ਤਲਵਾਰਾਂ ਨਾਲ ਏਹਦੀ ਦੋਸਤੀ।
ਸੋਹਣੇ ਹਥਿਆਰਾਂ ਨਾਲ ਏਹਦੀ ਦੋਸਤੀ।
ਦੋਧਾਰੇ ਖੰਡੇ ਦਾ ਹੈ ਜਾਇਆ ਖ਼ਾਲਸਾ।
ਗੁਰੂ ਦਸਮੇਸ਼ ਨੇ ਸਜਾਇਆ ਖ਼ਾਲਸਾ।
ਏਸ ਦੀ ਬਹਾਦਰੀ ਨੂੰ ਜੱਗ ਜਾਣਦਾ।
ਵੈਰੀਆਂ ਦੇ ਸਾਹਵੇਂ ਕਿੰਜ ਛਾਤੀ ਤਾਣਦਾ।
ਹਰ ਥਾਂ ਹੀ ਜੇਤੂ ਹੋ ਕੇ ਆਇਆ ਖ਼ਾਲਸਾ।
ਗੁਰੂ ਦਸਮੇਸ਼ ਨੇ ਸਜਾਇਆ ਖ਼ਾਲਸਾ।
ਉੱਚਾ-ਸੁੱਚਾ ਹੋਂਵਦਾ ਜਾਂ ਕਿਰਦਾਰ ਸੀ।
ਲੋਕਾਂ ਤੋਂ ਵੀ ਰੱਜ ਮਿਲਦਾ ਪਿਆਰ ਸੀ।
ਕਹਿਣ 'ਬੂਹੇ ਖੋਲ੍ਹੋ, ਇਹ ਤਾਂ ਆਇਆ ਖ਼ਾਲਸਾ'।
ਗੁਰੂ ਦਸਮੇਸ਼ ਨੇ ਸਜਾਇਆ ਖ਼ਾਲਸਾ।
ਵਾਪਰੇ ਜਾਂ ਏਹਦੇ ਨਾਲ ਘੱਲੂਘਾਰੇ ਨੇ।
ਕੀਤੇ ਜਰਵਾਣਿਆਂ ਜ਼ੁਲਮ ਭਾਰੇ ਨੇ।
ਹੁੰਦਾ ਰਿਹਾ ਦੂਣ ਤੇ ਸਵਾਇਆ ਖ਼ਾਲਸਾ।
ਗੁਰੂ ਦਸਮੇਸ਼ ਨੇ ਸਜਾਇਆ ਖ਼ਾਲਸਾ।
ਜਿਸ ਨੇ ਵੀ ਪਾਈ ਭਾਜੀ, ਮੋੜੀ ਏਸ ਨੇ।
ਬੇੜੀ ਦੁਸ਼ਟਾਂ ਦੀ ਸਦਾ ਬੋੜੀ ਏਸ ਨੇ।
ਰਹਿਣ ਨਾ ਦਏ ਕਦੇ ਵੀ ਬਕਾਇਆ ਖ਼ਾਲਸਾ।
ਗੁਰੂ ਦਸਮੇਸ਼ ਨੇ ਸਜਾਇਆ ਖ਼ਾਲਸਾ।
ਗੁਰੂ-ਘਰ ਵੱਲ ਕੀਤੀ ਜਿਸ ਕੈਰੀ ਅੱਖ ਹੈ।
ਖ਼ਾਲਸੇ ਨੇ ਉਹਦਾ ਛੱਡਿਆ ਨਾ ਕੱਖ ਹੈ।
'ਅਰਸ਼ੀ' ਗੁਰਾਂ ਦਾ ਹੈ ਸੁੱਚਾ ਸਰਮਾਇਆ ਖ਼ਾਲਸਾ।
ਗੁਰੂ ਦਸਮੇਸ਼ ਨੇ ਸਜਾਇਆ ਖ਼ਾਲਸਾ। ■

*ਸ੍ਰੀ ਅਨੰਦਪੁਰ ਸਾਹਿਬ, ਫ਼ੋਨ: ੦੯੮੮੮੬-੩੬੪੧੩

# ਖ਼ਬਰਨਾਮਾ

## ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੀ ਪ੍ਰਧਾਨਗੀ ਹੇਠ ਹੋਏ ਬਜਟ ਇਜਲਾਸ 'ਚ ਸ਼੍ਰੋਮਣੀ ਕਮੇਟੀ ਦਾ ੧੧ ਅਰਬ ੬ ਕਰੋੜ ੫੯ ਲੱਖ ੬੮ ਹਜ਼ਾਰ ਦਾ ਸਾਲਾਨਾ ਬਜਟ ਪਾਸ

ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੀ ਪ੍ਰਧਾਨਗੀ ਹੇਠ ਅੱਜ ਇਤਿਹਾਸਿਕ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਏ ਬਜਟ ਇਜਲਾਸ ਵਿੱਚ ਸ਼੍ਰੋਮਣੀ ਕਮੇਟੀ ਦਾ ਸਾਲ ੨੦੧੭-੧੮ ਦਾ ਸਾਲਾਨਾ ਬਜਟ ੧੧ ਅਰਬ, ੬ ਕਰੋੜ, ੫੯ ਲੱਖ, ੬੮ ਹਜ਼ਾਰ, ੪੩੪ ਰੁਪਏ ਪਾਸ ਕਰ ਦਿੱਤਾ ਗਿਆ। ਇਹ ਬਜਟ ਪਿਛਲੇ ਸਾਲ ਨਾਲੋਂ ੮੮ ਕਰੋੜ, ੧੦ ਲੱਖ, ੬ ਹਜ਼ਾਰ ਰੁਪਏ ਵੱਧ ਹੈ, ਜੋ ੮.੬੫ ਫੀਸਦੀ ਬਣਦਾ ਹੈ। ਬਜਟ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸ. ਅਮਰਜੀਤ ਸਿੰਘ ਚਾਵਲਾ ਵੱਲੋਂ ਪੇਸ਼ ਕੀਤਾ ਗਿਆ ਜਿਸ ਨੂੰ ਹਾਜ਼ਰ ਮੈਬਰਾਂ ਨੇ ਜੈਕਾਰੇ ਗਜਾ ਕੇ ਪ੍ਰਵਾਨਗੀ ਦਿੱਤੀ।

ਇਸ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਇਜਲਾਸ ਦੀ ਆਰੰਭਤਾ ਲਈ ਭਾਈ ਰਾਜਦੀਪ ਸਿੰਘ ਨੇ ਅਰਦਾਸ ਕੀਤੀ ਅਤੇ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਮੁੱਖ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੇ ਪਾਵਨ ਹੁਕਮਨਾਮਾ ਲਿਆ। ਇਸ ਮੌਕੇ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸਿੰਘ ਸਾਹਿਬ ਗਿਆਨੀ ਗੁਰਮੁਖ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਵੀ ਮੌਜੂਦ ਸਨ। ਬਜਟ ਪੇਸ਼ ਕਰਦਿਆਂ ਜਨਰਲ ਸਕੱਤਰ ਸ. ਅਮਰਜੀਤ ਸਿੰਘ ਚਾਵਲਾ ਵੱਲੋਂ ਦਿੱਤੇ ਗਏ ਆਪਣੇ ਬਜਟ ਭਾਸ਼ਣ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਿਥੇ ਪਿਛਲੇ ਸਮੇਂ ਦੌਰਾਨ ਕੀਤੇ ਗਏ ਵਿਸ਼ੇਸ਼ ਕਾਰਜਾਂ ਦੀ ਸੰਖੇਪ ਜਾਣਕਾਰੀ ਦਿੱਤੀ ਗਈ, ਉਥੇ ਭਵਿੱਖ ਦੀਆਂ ਯੋਜਨਾਵਾਂ ਦਾ ਵੀ ਖੁਲਾਸਾ ਕੀਤਾ ਗਿਆ। ਅੱਜ ਪਾਸ ਕੀਤੇ ਗਏ ਬਜਟ ਵਿੱਚ- ਜਨਰਲ, ਟਰੱਸਟ ਤੇ ਵਿਦਿਆ ਫੰਡ ਲਈ ੧ ਅਰਬ ੪੮ ਕਰੋੜ ੬੯ ਲੱਖ ਰੁਪਏ, ਧਰਮ ਪ੍ਰਚਾਰ ਕਮੇਟੀ ਲਈ ੭੩ ਕਰੋੜ ਰੁਪਏ, ਗੁ: ਸਾਹਿਬਾਨ ਸੈਕਸ਼ਨ-੮੫ ਤੇ ਅਟੈਚ ਪ੍ਰਬੰਧ ਵਾਲੇ ਗੁਰਦੁਆਰਾ ਸਾਹਿਬਾਨ ਲਈ ੬ ਅਰਬ ੪੯ ਕਰੋੜ ੪੮ ਲੱਖ ੧੫ ਹਜ਼ਾਰ ਰੁਪਏ, ਵਿਦਿਅਕ ਅਦਾਰਿਆਂ (ਸਕੂਲਾਂ/ਕਾਲਜਾਂ) ਲਈ ੨ ਅਰਬ ੨੭ ਕਰੋੜ ੩੭ ਲੱਖ ੮੩ ਹਜ਼ਾਰ ੮੫੦ ਰੁਪਏ,ਪ੍ਰਿੰਟਿੰਗ ਪ੍ਰੈਸਾਂ ਲਈ ੮ ਕਰੋੜ ੫ ਲੱਖ ਰੁਪਏ ਰੱਖੇ ਗਏ ਹਨ। ਇਸ ਤਰ੍ਹਾਂ ਕੁੱਲ ਬਜਟ ੧੧ ਅਰਬ, ੬ ਕਰੋੜ, ੫੯ ਲੱਖ, ੬੮ ਹਜ਼ਾਰ, ੪੩੪ ਰੁਪਏ ਰੱਖਿਆ ਗਿਆ ਹੈ।

ਇਜਲਾਸ ਤੋਂ ਬਾਅਦ ਪ੍ਰੈੱਸ ਨਾਲ ਗੱਲਬਾਤ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਬਜਟ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਸ ਵਾਰ ਦੇ ਬਜਟ ਵਿਚ ਜਿਥੇ ਸਮਾਜ ਭਲਾਈ ਦੇ ਕਾਰਜਾਂ ਲਈ ਵਿਸ਼ੇਸ਼ ਰਾਸ਼ੀ ਰੱਖੀ ਗਈ ਹੈ, ਉਥੇ ਹੀ ਧਰਮ ਪ੍ਰਚਾਰ, ਵਿਦਿਆ, ਖੇਡਾਂ, ਕੁਦਰਤੀ ਆਫਤਾਂ ਲਈ ਰਾਹਤ ਅਤੇ ਨਾਮੁਰਾਦ ਬਿਮਾਰੀ ਕੈਂਸਰ ਪੀੜ੍ਹਤਾਂ ਦੀ ਸਹਾਇਤਾ ਦੇ ਨਾਲ-ਨਾਲ ਸੰਗਤਾਂ ਦੀ ਸਹੂਲਤ ਲਈ ਵੱਖ-ਵੱਖ ਯੋਜਨਾਵਾਂ ਵੀ ਉਲੀਕੀਆਂ ਗਈਆਂ ਹਨ। ਪ੍ਰੋ. ਬਡੂੰਗਰ ਨੇ ਦੱਸਿਆ ਕਿ ਬਜਟ ਵਿੱਚ ਕੈਂਸਰ ਪੀੜਤਾਂ ਲਈ ਇਸ ਵਾਰ ੯ ਕਰੋੜ ਰੁਪਏ, ਸਿਕਲੀਗਰ ਵਣਜਾਰਿਆਂ ਲਈ ੮੦ ਲੱਖ ਰੁਪਏ, ਸ਼ਤਾਬਦੀ ਸਮਾਗਮਾਂ ਲਈ ੧ ਕਰੋੜ, ੫੦ ਲੱਖ

ਰੁਪਏ, ਖ਼ਾਲਸਾਈ ਖੇਡਾਂ ਅਤੇ ਗੁਰਮਤਿ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ੭੯ ਲੱਖ ਰੁਪਏ ਰੱਖੇ ਗਏ ਹਨ। ਇਸ ਤੋਂ ਇਲਾਵਾ ਕੁਦਰਤੀ ਆਫਤਾਂ ਲਈ ੬੩ ਲੱਖ ਰੁਪਏ, ਗਰੀਬ ਵਿਦਿਆਰਥੀਆਂ ਦੀ ਪੜਾਈ ਅਤੇ ਹੋਰ ਲੋੜਵੰਦਾਂ ਦੀ ਮਦਦ ਲਈ ੧ ਕਰੋੜ, ੬੩ ਲੱਖ ਰੁਪਏ, ਸਿੱਖ ਇਤਿਹਾਸ ਦੀ ਖੋਜ ਅਤੇ ਛਪਾਈ ਲਈ ੬੩ ਲੱਖ ਰੁਪਏ ਰੱਖੇ ਗਏ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੰਗਤ ਦੀ ਵੱਧ ਰਹੀ ਆਮਦ ਨੂੰ ਮੁੱਖ ਰੱਖਦਿਆਂ ਹੋਇਆ ਅਕਾਲੀ ਮਾਰਕੀਟ ਵਿਖੇ ੧ ਹਜ਼ਾਰ ਕਮਰੇ ਦੀ ਸਰਾਂ ਬਣਾਈ ਜਾਵੇਗੀ। ਇਹ ਕਾਰਜ ੪ ਪੜਾਵਾਂ ਵਿੱਚ ਮੁਕੰਮਲ ਕੀਤਾ ਜਾਵੇਗਾ। ਪਹਿਲੇ ਪੜਾਅ ਲਈ ਇਸ ਸਾਲ ਦੇ ਬਜਟ ਵਿੱਚ ੧੦ ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ।

ਉਨ੍ਹਾਂ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਈ.ਏ.ਐਸ., ਆਈ.ਪੀ.ਐਸ. ਦਾ ਇਮਤਿਹਾਨ ਪਾਸ ਕਰਕੇ ਚੁਣੇ ਜਾਣ ਵਾਲੇ ਸਾਬਤ ਸੂਰਤ ਸਿੱਖਾਂ ਨੂੰ ੧ ਲੱਖ ਰੁਪਏ ਅਤੇ ਪੀ.ਸੀ.ਐਸ. ਦਾ ਇਮਤਿਹਾਨ ਪਾਸ ਕਰਨ ਵਾਲੇ ਸਾਬਤ ਸੂਰਤ ਸਿੱਖਾਂ ਨੂੰ ੭੫ ਹਜ਼ਾਰ ਰੁਪਏ ਦਾ ਵਿਸ਼ੇਸ਼ ਨਗਦ ਇਨਾਮ ਦਿੱਤਾ ਜਾਇਆ ਕਰੇਗਾ। ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਅੰਮ੍ਰਿਤਧਾਰੀ ਸਿੱਖ ਵਿਦਿਆਰਥੀਆਂ ਨੂੰ ਵਿਸ਼ੇਸ਼ ਵਜ਼ੀਫੇ ਦੇਣ ਤੋਂ ਇਲਾਵਾ ਸਿੱਖਿਆ ਬੋਰਡਾਂ ਦੀ ਪ੍ਰੀਖਿਆ ਵਿਚੋਂ ਪਹਿਲੀਆਂ ੨੦ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ੫੧-੫੧ ਹਜ਼ਾਰ ਰੁਪਏ ਦੇ ਨਗਦ ਇਨਾਮ ਦਿੱਤੇ ਜਾਣਗੇ। ਇਸ ਦੇ ਨਾਲ ਹੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਖੇਤੀ, ਸਾਇੰਸ ਅਤੇ ਹੋਰ ਖੋਜ ਕਾਰਜਾਂ ਵਿੱਚ ਮੱਲ੍ਹਾਂ ਮਾਰਨ ਵਾਲੇ ਸਾਬਤ ਸੂਰਤ ਸਿੱਖ ਵਿਗਿਆਨੀਆਂ ਨੂੰ ਇਕ-ਇਕ ਲੱਖ ਰੁਪਏ ਦੀ ਰਾਸ਼ੀ ਤੇ ਪ੍ਰਸੰਸਾ ਪੱਤਰ ਵਿਸ਼ੇਸ਼ ਸਮਾਗਮ ਆਯੋਜਿਤ ਕਰਕੇ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕਿ ਵਾਤਾਵਰਣ ਦੀ ਸਾਂਭ-ਸੰਭਾਲ ਲਈ ਸੰਗਤਾਂ ਨੂੰ ਜਾਗਰੂਕ ਕਰਨ ਲਈ ਵੀ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ।

ਬਜਟ ਇਜਲਾਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੱਲੋਂ ੪ ਸ਼ੋਕ ਮਤਿਆਂ ਸਮੇਤ ਕੁਲ ੨੧ ਮਤੇ ਪੇਸ਼ ਕੀਤੇ ਗਏ। ਸ਼ੋਕ ਮਤਿਆਂ ਵਿੱਚ ਪਿਛਲੇ ਸਮੇਂ ਦੌਰਾਨ ਸ. ਸੁਰਜੀਤ ਸਿੰਘ ਬਰਨਾਲਾ ਸਾਬਕਾ ਮੁੱਖ ਮੰਤਰੀ ਪੰਜਾਬ, ਸ. ਗੁਰਦੇਵ ਸਿੰਘ ਬਾਦਲ ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ, ਸ. ਸੁਰਜੀਤ ਸਿੰਘ ਮਮੇਰਾ ਕਲਾਂ ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ ਤੇ ਬਾਬਾ ਮੱਖਣ ਸਿੰਘ ਮੁਖੀ ਤਰਨਾ ਦਲ ਨਿਹੰਗ ਸਿੰਘ ਜਥੇਬੰਦੀ ਦੀ ਮੌਤ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਗਿਆ।

ਇਸ ਤੋਂ ਇਲਾਵਾ ਪਾਸ ਕੀਤੇ ਗਏ ਹੋਰ ਮਤਿਆਂ ਵਿੱਚ ਜੂਨ ੧੯੮੪ ਵਿੱਚ ਸ੍ਰੀ ਹਰਿਮੰਦਰ ਸਾਹਿਬ ਤੇ ਕੀਤੇ ਗਏ ਫੌਜੀ ਹਮਲੇ ਦੀ ਨਿੰਦਾ ਦਾ ਮਤਾ ਪਾਸ ਕੀਤਾ ਗਿਆ ਅਤੇ ਨਵੰਬਰ ੧੯੮੪ ਸਿੱਖ ਨਸਲਕੁਸ਼ੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਖ਼ਤ ਸਜਾਵਾਂ ਦੇਣ ਦੀ ਭਾਰਤ ਤੇ ਦਿੱਲੀ ਸਰਕਾਰ ਨੂੰ ਮੰਗ ਕੀਤੀ ਗਈ। ਇਕ ਮਤੇ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰਬਾਣੀ ਨਾਲ ਸਬੰਧਤ ਬੇਅਦਬੀ ਦੀਆਂ ਦੁੱਖਦਾਈ ਘਟਨਾਵਾਂ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਪੰਜਾਬ ਅਤੇ ਭਾਰਤ ਸਰਕਾਰ ਪਾਸੋਂ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਗਠਿਤ ਕਰਕੇ ਸ਼ਰਾਰਤੀ ਅਨਸਰਾਂ ਦੀ ਗ੍ਰਿਫਤਾਰੀ ਨੂੰ ਯਕੀਨੀ ਬਣਾਉਣ ਲਈ ਕਿਹਾ ਗਿਆ। ਇਸੇ ਤਰ੍ਹਾਂ ਸੋਸ਼ਲ ਮੀਡੀਆ ਵਿੱਚ ਗੁਰੂ ਸਾਹਿਬਾਨ ਅਤੇ ਸਿੱਖ ਧਰਮ ਤੇ ਅਪਮਾਨਜਨਕ ਟਿੱਪਣੀਆਂ ਕਰਨ ਅਤੇ ਇਤਰਾਜ਼ਯੋਗ ਤਸਵੀਰਾਂ ਅਪਲੋਡ ਕਰਨ ਦੀ ਸਖ਼ਤ ਨਿਖੇਧੀ ਕੀਤੀ ਗਈ। ਅਜਿਹਾ ਕਰਨ ਵਾਲਿਆਂ ਵਿਰੁੱਧ ਜਿਥੇ ਰਾਜ ਅਤੇ ਭਾਰਤ ਸਰਕਾਰ ਤੋਂ ੨੯੫-ਏ ਅਤੇ ਹੋਰ ਬਣਦੀਆਂ ਧਾਰਾਵਾਂ ਅਧੀਨ ਪਰਚੇ ਦਰਜ ਕਰਕੇ ਕਾਰਵਾਈ ਕਰਨ ਦੀ ਮੰਗ ਕੀਤੀ ਗਈ, ਉਥੇ ਭਾਰਤ ਸਰਕਾਰ ਪਾਸੋਂ ਇਹ ਵੀ ਮੰਗ ਕੀਤੀ ਗਈ ਕਿ ਕਿਸੇ ਵੀ ਧਰਮ ਖਿਲਾਫ ਸੋਸ਼ਲ ਮੀਡੀਆ ਤੇ ਅਪਮਾਨਜਨਕ ਟਿੱਪਣੀ ਕਰਨ ਵਾਲਿਆਂ ਖਿਲਾਫ ਸਖ਼ਤ ਕਾਨੂੰਨ ਬਣਾਇਆ ਜਾਵੇ।

ਜਨਰਲ ਇਜਲਾਸ ਵਿੱਚ ਇਕ ਮਤੇ ਰਾਹੀਂ ਭਾਰਤ ਦੇ ਰਾਸ਼ਟਰਪਤੀ ਨੂੰ ਅਪੀਲ ਕੀਤੀ ਗਈ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਅਤੇ ਭਾਈ ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਸਬੰਧੀ ਅਦਾਲਤ ਦੇ ਫੈਸਲੇ ਤੇ ਨਜ਼ਰਸਾਨੀ ਕਰਨ ਲਈ ਤੁਰੰਤ ਕਾਰਵਾਈ ਹੋਵੇ ਅਤੇ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਪਿਛਲੇ ਲੰਮੇ ਸਮੇਂ ਤੋਂ ਟਾਡਾ

ਅਤੇ ਕਾਲੇ ਕਾਨੂੰਨਾਂ ਅਧੀਨ ਨਜਰਬੰਦ ਸਿੱਖਾਂ ਦੀ ਰਿਹਾਈ ਤੁਰੰਤ ਕੀਤੀ ਜਾਵੇ। ਪਾਸ ਕੀਤੇ ਗਏ ਇਕ ਹੋਰ ਮਤੇ ਰਾਹੀਂ ਬੰਗਲਾਦੇਸ਼ ਵਿਖੇ ਸਥਿਤ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਸਾਂਭ-ਸੰਭਾਲ ਲਈ ਗ੍ਰੰਥੀ, ਰਾਗੀ ਤੇ ਹੋਰ ਸਟਾਫ ਭਰਤੀ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ। ਪਾਕਿਸਤਾਨ ਦੀ ਤਰਜ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਅਤੇ ਖਾਲਸਾ ਸਾਜਨਾ ਦਿਵਸ ਵਿਸਾਖੀ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੰਗਲਾਦੇਸ਼ ਵਿਖੇ ਜਥੇ ਭੇਜੇ ਜਾਣਗੇ। ਇਸ ਮਤੇ ਰਾਹੀਂ ਢਾਕਾ ਯੂਨੀਵਰਸਿਟੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਤੇ ਵਿਸ਼ਵ ਧਰਮ ਮਿਊਜ਼ੀਅਮ ਸਥਾਪਿਤ ਕਰਨ ਲਈ ਇਸ ਪੁਰ ਹੋਣ ਵਾਲੇ ਖਰਚਿਆਂ ਨੂੰ ਵੀ ਪ੍ਰਵਾਨਗੀ ਦਿੱਤੀ ਗਈ।

ਜਨਰਲ ਇਜਲਾਸ ਵਿੱਚ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਾਲ ੨੦੧੯ ਵਿੱਚ ਆ ਰਹੇ ੫੫੦ ਸਾਲਾ ਪ੍ਰਕਾਸ਼ ਪੁਰਬ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ (ਪਾਕਿਸਤਾਨ), ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ) ਅਤੇ ਗੁਰਦੁਆਰਾ ਸ੍ਰੀ ਬੇਰ ਸਾਹਿਬ (ਸੁਲਤਾਨਪੁਰ ਲੋਧੀ) ਵਿਖੇ ਅੰਤਰਰਾਸ਼ਟਰੀ ਪੱਧਰ ਤੇ ਮਨਾਉਣ ਦੀ ਪ੍ਰਵਾਨਗੀ ਦਿੱਤੀ ਗਈ ਹੈ ਤੇ ਭਾਰਤ ਅਤੇ ਪਾਕਿਸਤਾਨ ਸਰਕਾਰ ਪਾਸੋਂ ਇਹ ਦਿਹਾੜਾ ਮਨਾਉਣ ਅਤੇ ਗੁਰਦੁਆਰਾ ਕਰਤਾਰਪੁਰ ਸਾਹਿਬ ਪਾਕਿਸਤਾਨ ਦੇ ਦਰਸ਼ਨ ਦੀਦਾਰ ਲਈ ਡੇਰਾ ਬਾਬਾ ਨਾਨਕ (ਗੁਰਦਾਸਪੁਰ) ਤੋਂ ਖੁੱਲੇ ਲਾਂਘੇ ਦੀ ਮੰਗ ਕੀਤੀ ਗਈ। ਇਸੇ ਤਰ੍ਹਾਂ ਇਕ ਮਤੇ ਰਾਹੀਂ ਅਮਰੀਕਾ ਦੀ ਫੌਜ ਵਿੱਚ ਸਿੱਖਾਂ ਨੂੰ ਦਸਤਾਰ ਸਜਾਉਣ ਅਤੇ ਦਾੜ੍ਹੀ ਕੇਸ ਰੱਖਣ ਦੀ ਇਜਾਜ਼ਤ ਦੇਣ ਦੇ ਫੈਸਲੇ ਦੀ ਸ਼ਲਾਘਾ ਕਰਦਿਆਂ ਅਮਰੀਕਾ/ਕੈਨੇਡਾ ਦੀਆਂ ਸਿੱਖ ਸੰਗਤਾਂ ਵੱਲੋਂ ਖ਼ਾਲਸਾ ਪੰਥ ਦੇ ਸਿਰਜਨਾ ਦਿਵਸ ਵਿਸਾਖੀ ਨੂੰ 'ਵਿਸ਼ਵ ਸਿੱਖ ਦਿਵਸ' ਵਜੋਂ ਮਨਾਉਣ ਦੀ ਮੰਗ ਦਾ ਸਮਰਥਨ ਕੀਤਾ ਗਿਆ। ਵਿਦੇਸ਼ਾਂ ਅੰਦਰ ਸਿੱਖਾਂ ਤੇ ਹੋ ਰਹੇ ਨਸਲੀ ਹਮਲਿਆਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਵੀ ਕੀਤੀ ਗਈ ਤੇ ਵਿਦੇਸ਼ਾਂ ਦੀਆਂ ਸਰਕਾਰਾਂ ਨੂੰ ਸਿੱਖਾਂ ਦੀ ਜਾਨ-ਮਾਲ ਦੀ ਸੁਰੱਖਿਆ ਲਈ ਢੁੱਕਵੇਂ ਪ੍ਰਬੰਧ ਕਰਨ ਦੀ ਅਪੀਲ ਕੀਤੀ ਗਈ।

ਇਕ ਮਤੇ ਰਾਹੀਂ ਸਿਰੋਪਾਓ ਦੇ ਇਤਿਹਾਸਿਕ ਤੇ ਧਾਰਮਿਕ ਮਹੱਤਵ ਅਤੇ ਪਵਿੱਤਰਤਾ ਨੂੰ ਸਨਮੁੱਖ ਰੱਖਦਿਆਂ ਮਰਯਾਦਾ ਵਿੱਚ ਰਹਿ ਕੇ ਸਿਰੋਪਾਓ ਦੀ ਬਖਸ਼ਿਸ਼ ਕਰਨ ਨੂੰ ਯਕੀਨੀ ਬਣਾਉਣ ਲਈ ਕਿਹਾ ਗਿਆ। ਸਮੇਂ ਦੀ ਮੰਗ ਨੂੰ ਸਨਮੁੱਖ ਰੱਖਦਿਆਂ ਸਿੱਖ ਰੈਫਰੈਂਸ ਲਾਇਬ੍ਰੇਰੀ ਨੂੰ ਅਤਿ-ਆਧੁਨਿਕ ਲੀਹਾਂ 'ਤੇ ਚਲਾਉਣ ਲਈ ਗੁਰੂ ਨਾਨਕ ਸਕੂਲ ਭਾਈ ਗੁਰਦਾਸ ਹਾਲ ਵਿਖੇ ਨਵੀਂ ਇਮਾਰਤ ਦੀ ਉਸਾਰੀ ਕਰਕੇ ਤਬਦੀਲ ਕਰਨ ਦੀ ਪ੍ਰਵਾਨਗੀ ਦਿੱਤੀ ਗਈ। ਇਸੇ ਤਰ੍ਹਾਂ ਇਕ ਮਤੇ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਧਰਮ ਪ੍ਰਚਾਰ ਕਮੇਟੀ ਅਤੇ ਇਨ੍ਹਾਂ ਨਾਲ ਸਬੰਧਤ ਅਦਾਰਿਆਂ ਵਿੱਚ ੫੮ ਸਾਲ ਤੋਂ ਵੱਧ ਉਮਰ ਵਾਲੇ ਅਧਿਕਾਰੀਆਂ, ਕਰਮਚਾਰੀਆਂ ਦੀਆਂ ਸੇਵਾਵਾਂ ਖ਼ਤਮ ਕਰਨ ਦੇ ਅੰਤ੍ਰਿੰਗ ਕਮੇਟੀ ਦੀ ਇਕ ਮੀਟਿੰਗ ਵੱਲੋਂ ਕੀਤੇ ਗਏ ਫੈਸਲੇ ਦੀ ਪੁਸ਼ਟੀ ਕਰਦਿਆਂ ਇਸ ਨੂੰ ਸਰਵਿਸ ਰੂਲਜ਼ ਵਿੱਚ ਪੱਕੇ ਤੌਰ ਤੇ ਸ਼ਾਮਲ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

ਅੱਜ ਦੀ ਇਕੱਤਰਤਾ ਵਿੱਚ ਬਜਟ ਇਜਲਾਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਾਇਮਪੁਰ, ਜੂਨੀਅਰ ਮੀਤ ਪ੍ਰਧਾਨ ਬਾਬਾ ਬੂਟਾ ਸਿੰਘ, ਅੰਤ੍ਰਿੰਗ ਕਮੇਟੀ ਮੈਂਬਰ ਭਾਈ ਰਾਮ ਸਿੰਘ, ਸ. ਸੁਰਜੀਤ ਸਿੰਘ ਭਿੱਟੇਵਡ, ਸ. ਗੁਰਚਰਨ ਸਿੰਘ ਗਰੇਵਾਲ, ਸ.ਸਤਪਾਲ ਸਿੰਘ ਤਲਵੰਡੀ ਭਾਈ, ਸ. ਜੈਪਾਲ ਸਿੰਘ ਮੰਡੀਆਂ, ਸ. ਨਿਰਮਲ ਸਿੰਘ ਹਰਿਆਓ, ਸ. ਗੁਰਮੇਲ ਸਿੰਘ ਸੰਗਤਪੁਰਾ, ਸ. ਬਲਵਿੰਦਰ ਸਿੰਘ ਵੇਈਂਪੂਈਂ, ਸ. ਕੁਲਵੰਤ ਸਿੰਘ ਮੰਨਣ, ਸ. ਸੁਰਜੀਤ ਸਿੰਘ ਕਾਲਾਬੂਲਾ ਤੇ ਬੀਬੀ ਜੋਗਿੰਦਰ ਕੌਰ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਤੋਤਾ ਸਿੰਘ, ਜਥੇਦਾਰ ਸੇਵਾ ਸਿੰਘ ਸੇਖਵਾਂ, ਭਾਈ ਮਨਜੀਤ ਸਿੰਘ, ਬੀਬੀ ਜਗੀਰ ਕੌਰ, ਬੀਬੀ ਕਿਰਨਜੋਤ ਕੌਰ, ਸ. ਰਜਿੰਦਰ ਸਿੰਘ ਮਹਿਤਾ, ਸ. ਹਰਚਰਨ ਸਿੰਘ ਮੁੱਖ ਸਕੱਤਰ, ਡਾ. ਰੂਪ ਸਿੰਘ ਸਕੱਤਰ, ਸ. ਹਰਭਜਨ ਸਿੰਘ ਮਨਾਵਾਂ, ਡਾ. ਪਰਮਜੀਤ ਸਿੰਘ ਸਰੋਆ, ਸ. ਸੁਖਦੇਵ ਸਿੰਘ ਭੂਰਾਕੋਹਨਾ ਵਧੀਕ ਸਕੱਤਰ ਆਦਿ ਹਾਜ਼ਰ ਸਨ।

*੨੯ ਮਾਰਚ*

# ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਨਾਨਕਸ਼ਾਹੀ ਸੰਮਤ ੫੪੯ (ਸੰਨ ੨੦੧੭-੧੮) ਦਾ ਕੈਲੰਡਰ ਜਾਰੀ

ਅੰਮ੍ਰਿਤਸਰ- ਦਫਤਰ ਸਕੱਤਰੇਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਨਾਨਕਸ਼ਾਹੀ ਸੰਮਤ ੫੪੯ (੨੦੧੭-੧੮) ਦਾ ਕੈਲੰਡਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਜਾਰੀ ਕੀਤਾ ਗਿਆ। ਕੈਲੰਡਰ ਜਾਰੀ ਕਰਨ ਉਪਰੰਤ ਗੱਲਬਾਤ ਕਰਦਿਆਂ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੇ ਕਿਹਾ ਕਿ ਧਰਮ ਪ੍ਰਚਾਰ ਕਮੇਟੀ ਵੱਲੋਂ ਪ੍ਰਕਾਸ਼ਿਤ ਕੀਤੇ ਗਏ ਨਾਨਕਸ਼ਾਹੀ ਸੰਮਤ ੫੪੯ ਦੇ ਇਸ ਕੈਲੰਡਰ ਵਿਚ ਗੁਰੂ ਸਾਹਿਬਾਨ ਨਾਲ ਸਬੰਧਤ ਗੁਰਪੁਰਬ ਅਤੇ ਸਿੱਖ ਧਰਮ ਨਾਲ ਸਬੰਧਤ ਹੋਰ ਇਤਿਹਾਸਕ ਦਿਹਾੜਿਆਂ ਦੀਆਂ ਤਾਰੀਖਾਂ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਦੇਸ਼-ਵਿਦੇਸ਼ ਦੀ ਸਮੂਹ ਸਿੱਖ ਸੰਗਤ ਅਤੇ ਗੁਰੂ-ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਇਸ ਕੈਲੰਡਰ ਅਨੁਸਾਰ ਹੀ ਸਮੁੱਚੇ ਦਿਹਾੜੇ ਮਨਾਏ ਜਾਣ।

ਉਨ੍ਹਾਂ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਵਾਰ-ਵਾਰ ਆਦੇਸ਼ ਦਿੱਤੇ ਗਏ ਹਨ ਕਿ ਗੁਰਦੁਆਰਾ ਕਮੇਟੀਆਂ ਆਪਣੀ ਜ਼ਿੰਮੇਵਾਰੀ ਸਮਝਦਿਆਂ ਗੁਰੂ-ਘਰਾਂ ਦੀ ਪਹਿਰੇਦਾਰੀ ਯਕੀਨੀ ਬਣਾਉਣ ਪਰ ਫਿਰ ਵੀ ਕਈ ਥਾਵਾਂ 'ਤੇ ਅਣਗਹਿਲੀ ਦੇ ਮਾਮਲੇ ਸਾਹਮਣੇ ਆ ਰਹੇ ਹਨ। ਉਨ੍ਹਾਂ ਇਕ ਵਾਰ ਫਿਰ ਗੁਰਦੁਆਰਾ ਕਮੇਟੀਆਂ ਨੂੰ ਕਿਹਾ ਕਿ ਸਮੁੱਚੇ ਗੁਰੂ-ਘਰਾਂ ਅੰਦਰ ਹਰ ਸਮੇਂ ਸੇਵਾਦਾਰ ਦੀ ਹਾਜ਼ਰੀ ਲਾਜ਼ਮੀ ਕੀਤੀ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਵਿਦੇਸ਼ਾਂ ਅੰਦਰ ਸਿੱਖਾਂ 'ਤੇ ਹੁੰਦੇ ਨਸਲੀ ਹਮਲਿਆਂ ਨੂੰ ਠੱਲ੍ਹਣ ਲਈ ਭਾਰਤ ਸਰਕਾਰ ਵੱਲੋਂ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਨਾਲ ਗੱਲਬਾਤ ਕਰਕੇ ਹਰ ਧਰਮ ਦੇ ਬਾਸ਼ਿੰਦਿਆਂ ਦੀ ਜਾਨ-ਮਾਲ ਦੀ ਰਖਵਾਲੀ ਲਈ ਢੁਕਵੇਂ ਕਦਮ ਚੁੱਕਣੇ ਚਾਹੀਦੇ ਹਨ, ਤਾਂ ਜੋ ਅਜਿਹੀਆਂ ਘਟਨਾਵਾਂ ਨਾ ਵਾਪਰਨ।

ਇਸ ਮੌਕੇ ਉਨ੍ਹਾਂ ਨਾਲ ਅੰਤ੍ਰਿੰਗ ਕਮੇਟੀ ਮੈਂਬਰ ਭਾਈ ਰਾਮ ਸਿੰਘ ਅਤੇ ਸ. ਸੁਰਜੀਤ ਸਿੰਘ ਭਿੱਟੇਵਡ, ਮੈਂਬਰ ਸ਼੍ਰੋਮਣੀ ਕਮੇਟੀ ਸ. ਹਰਪਾਲ ਸਿੰਘ ਜੱਲਾ ਤੇ ਭਾਈ ਮਨਜੀਤ ਸਿੰਘ, ਸ. ਹਰਚਰਨ ਸਿੰਘ ਮੁੱਖ ਸਕੱਤਰ, ਡਾ. ਰੂਪ ਸਿੰਘ ਸਕੱਤਰ, ਸ. ਹਰਭਜਨ ਸਿੰਘ ਮਨਾਵਾਂ ਐਡੀ: ਸਕੱਤਰ, ਸ. ਕੁਲਵਿੰਦਰ ਸਿੰਘ ਰਮਦਾਸ ਤੇ ਸ. ਸਿਮਰਜੀਤ ਸਿੰਘ ਮੀਤ ਸਕੱਤਰ, ਸ. ਸੁਲੱਖਣ ਸਿੰਘ ਭੰਗਾਲੀ ਤੇ ਸ. ਗੁਰਿੰਦਰ ਸਿੰਘ ਮੈਨੇਜਰ, ਸ. ਸੁਖਮਿੰਦਰ ਸਿੰਘ ਐਕਸੀਅਨ, ਸ. ਗੁਰਬਚਨ ਸਿੰਘ ਇੰਚਾਰਜ ਸਕੱਤਰੇਤ ਸ੍ਰੀ ਅਕਾਲ ਤਖਤ ਸਾਹਿਬ ਆਦਿ ਹਾਜ਼ਰ ਸਨ। *੮ ਮਾਰਚ*

# ਸ਼੍ਰੋਮਣੀ ਕਮੇਟੀ ਵੱਲੋਂ ਨਾਨਕਸ਼ਾਹੀ ਸੰਮਤ ੫੪੯ ਨਵੇਂ ਸਾਲ (੧ ਚੇਤ) ਦੀ ਆਮਦ ਮੌਕੇ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ

ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਸੰਮਤ ੫੪੯ ਅਨੁਸਾਰ ਨਵੇਂ ਸਾਲ ਦੀ ਆਮਦ ਅਤੇ ਖ਼ਾਲਸਾ ਪੰਥ ਦੇ ਕੌਮੀ ਤਿਉਹਾਰ ਹੋਲਾ ਮਹੱਲਾ ਨੂੰ ਸਮਰਪਿਤ ਬੀਤੀ ਰਾਤ ੧੩ ਮਾਰਚ ਨੂੰ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸੰਗਤਾਂ ਦੇ ਸਹਿਯੋਗ ਨਾਲ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ। ਰਾਤ ੭.੦੦ ਤੋਂ ਦੇਰ ਰਾਤ ੧ ਵਜੇ ਤੱਕ ਚੱਲੇ ਇਸ ਮਹਾਨ ਗੁਰਮਤਿ ਸਮਾਗਮ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਰਵਿੰਦਰ ਸਿੰਘ, ਭਾਈ ਸਤਨਾਮ ਸਿੰਘ ਕੋਹਾੜਕਾ, ਭਾਈ ਸੁਖਜਿੰਦਰ ਸਿੰਘ, ਭਾਈ ਸਤਿੰਦਰਬੀਰ ਸਿੰਘ, ਭਾਈ ਗੁਰਕੀਰਤ ਸਿੰਘ ਤੇ ਭਾਈ ਜੁਝਾਰ ਸਿੰਘ ਦੇ ਜਥਿਆਂ ਵੱਲੋਂ ਇਲਾਹੀ ਗੁਰਬਾਣੀ ਦੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ।

ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਨਵਾਂ ਸਾਲ ਮਨਾ ਰਹੀਆਂ ਸਿੱਖ ਸੰਗਤਾਂ ਨਾਲ ਗੁਰਮਤਿ

ਵਿਚਾਰਾਂ ਦੀ ਸਾਂਝ ਪਾਉਂਦਿਆਂ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਮੁੱਖ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੇ ਕਿਹਾ ਕਿ ਨਾਨਕਸ਼ਾਹੀ ਸੰਮਤ ੫੪੯ ਅਨੁਸਾਰ ਨਵੇਂ ਸਾਲ ਦੇ ਇਸ ਸ਼ੁੱਭ ਅਵਸਰ 'ਤੇ ਦੇਸ਼-ਵਿਦੇਸ਼ 'ਚ ਬੈਠੀ ਸਮੁੱਚੀ ਸਿੱਖ ਸੰਗਤ ਨੂੰ ਦਿਲੋਂ ਮੁਬਾਰਕਬਾਦ ਦਿੰਦਾ ਹੋਇਆ ਅਪੀਲ ਕਰਦਾ ਹਾਂ ਕਿ ਉਹ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਦਿਨ, ਦਿਹਾੜੇ, ਗੁਰਪੁਰਬ ਤੇ ਸੰਗਰਾਦਾਂ ਆਦਿ ਮਨਾਉਣ। ਉਨ੍ਹਾਂ ਸਮੁੱਚੀ ਸਿੱਖ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਨਸ਼ਿਆਂ ਤੇ ਪਤਿਤਪੁਣੇ ਵੱਲ ਵੱਧ ਰਹੀ ਹੈ, ਜਿਸ ਨੂੰ ਠੱਲ੍ਹ ਪਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਤਿਗੁਰੂ ਨੇ ਸਾਨੂੰ ਬਾਣੀ ਦੀ ਬਖਸ਼ਿਸ਼ ਕੀਤੀ ਹੈ ਇਸ ਲਈ ਸਿੱਖ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਹੀ ਸਿਰ ਝੁਕਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹਰ ਇਕ ਸਿੱਖ ਦੇ ਘਰ ਵਿੱਚ ਸਵੇਰੇ-ਸ਼ਾਮ ਨਿਤਨੇਮ ਜ਼ਰੂਰ ਹੋਵੇ ਅਤੇ ਸਭਨਾਂ ਜੀਆਂ ਦੀ ਹਾਜ਼ਰੀ ਵਿੱਚ ਅਜਿਹਾ ਕੀਤਾ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਜਿਨ੍ਹਾਂ ਨੇ ਅਜੇ ਤੀਕ ਅੰਮ੍ਰਿਤ ਨਹੀਂ ਛੱਕਿਆ ਉਹ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣਨ ਤੇ ਨੌਜਵਾਨ ਆਪਣੇ ਕੇਸਾਂ ਦੀ ਸੰਭਾਲ ਕਰਨ। ਉਨ੍ਹਾਂ ਕਿਹਾ ਕਿ ਇਸ ਸਮਾਗਮ ਵਿੱਚ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਸ਼ਾਮਲ ਹੋਣਾ ਸੀ, ਪ੍ਰੰਤੂ ਉਹ ਕੁਝ ਜ਼ਰੂਰੀ ਪੰਥਕ ਰੁਝੇਵਿਆਂ ਕਾਰਨ ਸੰਗਤਾਂ ਦੇ ਦਰਸ਼ਨ ਨਹੀਂ ਕਰ ਸਕੇ। ਇਸ ਮੌਕੇ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਐਡੀਸ਼ਨਲ ਹੈਡ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੇ ਵੀ ਸੰਗਤਾਂ ਨੂੰ ਨਵੇਂ ਸਾਲ ਦੀ ਆਮਦ 'ਤੇ ਵਧਾਈ ਦਿੰਦਿਆਂ ਬਾਣੀ ਤੇ ਬਾਣੇ ਦੇ ਧਾਰਨੀ ਹੋਣ ਦੀ ਪ੍ਰੇਰਨਾ ਦਿੱਤੀ।

ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਨਵੇਂ ਸਾਲ ਦੀ ਆਮਦ ਮੌਕੇ ਮਹਾਨ ਗੁਰਮਤਿ ਸਮਾਗਮ ਸਮੇਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਅਰਦਾਸ ਭਾਈ ਰਾਜਦੀਪ ਸਿੰਘ ਨੇ ਕੀਤੀ ਤੇ ਹੁਕਮਨਾਮਾ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੇ ਲਿਆ। ਮੰਚ ਦੀ ਸੇਵਾ ਭਾਈ ਜਗਦੇਵ ਸਿੰਘ ਹੈਡ ਪ੍ਰਚਾਰਕ ਤੇ ਸਰਵਣ ਸਿੰਘ ਪ੍ਰਚਾਰਕ ਨੇ ਬਾਖੂਬੀ ਨਿਭਾਈ।

ਇਸ ਮੌਕੇ ਸਿੰਘ ਸਾਹਿਬ ਗਿਆਨੀ ਮਾਨ ਸਿੰਘ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ. ਸੁਰਜੀਤ ਸਿੰਘ ਭਿੱਟੇਵਡ ਅੰਤ੍ਰਿੰਗ ਕਮੇਟੀ ਮੈਂਬਰ, ਸ. ਅਮਰਜੀਤ ਸਿੰਘ ਬੰਡਾਲਾ ਮੈਂਬਰ ਸ਼੍ਰੋਮਣੀ ਕਮੇਟੀ, ਸ. ਅਜੈਬ ਸਿੰਘ ਅਭਿਆਸੀ ਮੈਂਬਰ ਧਰਮ ਪ੍ਰਚਾਰ ਕਮੇਟੀ, ਸ. ਹਰਚਰਨ ਸਿੰਘ ਮੁੱਖ ਸਕੱਤਰ, ਸ. ਸੁਖਦੇਵ ਸਿੰਘ ਭੂਰਾਕੋਹਨਾ ਨਿੱਜੀ ਸਕੱਤਰ, ਸ. ਹਰਭਜਨ ਸਿੰਘ ਮਨਾਵਾਂ, ਸ. ਬਲਵਿੰਦਰ ਸਿੰਘ ਜੌੜਾਸਿੰਘਾ ਤੇ ਸ. ਬਿਜੈ ਸਿੰਘ ਵਧੀਕ ਸਕੱਤਰ, ਸ. ਜਗਜੀਤ ਸਿੰਘ, ਸ. ਪਰਮਜੀਤ ਸਿੰਘ ਮੁੰਡਾਪਿੰਡ, ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਜਸਵਿੰਦਰ ਸਿੰਘ ਦੀਨਪੁਰ, ਸ. ਹਰਜਿੰਦਰ ਸਿੰਘ, ਸ. ਸਿਮਰਜੀਤ ਸਿੰਘ ਤੇ ਸ. ਮਹਿੰਦਰ ਸਿੰਘ ਮੀਤ ਸਕੱਤਰ, ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ. ਸੁਲੱਖਣ ਸਿੰਘ ਮੈਨੇਜਰ ਅਤੇ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

*੧੪ ਮਾਰਚ*

# ਸ਼੍ਰੋਮਣੀ ਕਮੇਟੀ ਵਿਦਿਅਕ ਅਦਾਰਿਆਂ 'ਚ ਲੋੜੀਂਦੀਆਂ ਸੋਧਾਂ ਤੇ ਸੇਧਾਂ ਨੂੰ ਅਮਲ ਵਿਚ ਲਿਆਏਗੀ

## ਵਿਦਿਅਕ ਅਦਾਰਿਆਂ ਦੇ ਕੰਮਕਾਰ ਨੂੰ ਹੋਰ ਬਿਹਤਰ ਬਣਾਉਣ ਲਈ ਸਬ-ਕਮੇਟੀ ਗਠਿਤ

ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਦਿਅਕ ਅਦਾਰਿਆਂ ਦੇ ਕੰਮ-ਕਾਰ ਵਿਚ ਵਿਆਪਕ ਸੁਧਾਰ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਇਸ ਸਬੰਧੀ ਵਿਸ਼ੇਸ਼ ਤਵੱਜੋਂ ਦੇ ਕੇ ਵਰਤਮਾਨ ਅਨੁਸਾਰ ਲੋੜੀਂਦੀਆਂ ਸੋਧਾਂ ਤੇ ਸੇਧਾਂ ਨੂੰ ਅਮਲ ਵਿਚ ਲਿਆਂਦਾ ਜਾਵੇਗਾ। ਦਫਤਰ ਸ਼੍ਰੋਮਣੀ ਕਮੇਟੀ ਤੋਂ ਜਾਰੀ ਬਿਆਨ ਵਿਚ ਉਨ੍ਹਾਂ ਕਿਹਾ ਕਿ ਜਿਥੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਚੱਲਦੇ ਵਿਦਿਅਕ

ਅਦਾਰਿਆਂ ਦਾ ਅਕਾਦਮਿਕ ਲੇਖਾ-ਜੋਖਾ ਕੀਤਾ ਜਾਵੇਗਾ, ਉਥੇ ਵਿੱਤੀ ਸੁਧਾਰਾਂ ਲਈ ਵੀ ਉਚੇਚੇ ਯਤਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਅੱਜ ਵਿਦਿਆ ਦੇ ਖੇਤਰ ਵਿਚ ਕੌਮਾਂਤਰੀ ਮਿਆਰਾਂ ਅਨੁਸਾਰ ਕਾਰਜਸ਼ੀਲਤਾ ਦੀ ਅਵਸ਼ੱਕਤਾ ਹੈ। ਵਿਦਿਅਕ ਸੰਸਥਾਵਾਂ ਦੇ ਗੁਣਾਂ ਅਤੇ ਖਾਮੀਆਂ ਦੀ ਨਿਸ਼ਾਨਦੇਹੀ ਬੇਹੱਦ ਜ਼ਰੂਰੀ ਹੁੰਦੀ ਹੈ ਅਤੇ ਮੁਕੰਮਲ ਰਿਪੋਰਟ ਪ੍ਰਾਪਤ ਕਰਨ ਤੋਂ ਬਾਅਦ ਹੀ ਕਾਰਗੁਜ਼ਾਰੀ ਸਬੰਧੀ ਤਸਵੀਰ ਸਪੱਸ਼ਟ ਹੋ ਸਕਦੀ ਹੈ। ਉਨ੍ਹਾਂ ਦੱਸਿਆ ਕਿ ਇਸੇ ਪ੍ਰਸੰਗ ਵਿਚ ਵਿਦਿਅਕ ਸੁਧਾਰਾਂ ਲਈ ਰਾਇ ਦੇਣ ਸਬੰਧੀ ਇਕ ਸਬ-ਕਮੇਟੀ ਦਾ ਗਠਨ ਕਰ ਦਿੱਤਾ ਗਿਆ ਹੈ। ਇਸ ਕਮੇਟੀ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਾਇਮਪੁਰ, ਅੰਤ੍ਰਿੰਗ ਮੈਂਬਰ ਸ. ਸੁਰਜੀਤ ਸਿੰਘ, ਡਾ. ਰੂਪ ਸਿੰਘ ਸਕੱਤਰ, ਡਾ. ਇੰਦਰਜੀਤ ਸਿੰਘ ਗੋਗੋਆਣੀ ਪ੍ਰੋਫੈਸਰ ਖਾਲਸਾ ਕਾਲਜ ਅੰਮ੍ਰਿਤਸਰ, ਡਾ. ਕੁਲਦੀਪ ਸਿੰਘ ਬੱਲ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਬੁਢਲਾਡਾ, ਬੀਬੀ ਸਤਵੰਤ ਕੌਰ ਅਸਿਸਟੈਂਟ ਡਾਇਰੈਕਟਰ, ਸ. ਬਲਵਿੰਦਰ ਸਿੰਘ ਸਾਬਕਾ ਪ੍ਰਿੰਸੀਪਲ ਸ੍ਰੀ ਗੁਰੂ ਰਾਮਦਾਸ ਖਾਲਸਾ ਸੀਨੀ: ਸੈਕੰ: ਸਕੂਲ ਅੰਮ੍ਰਿਤਸਰ ਨੂੰ ਲਿਆ ਗਿਆ ਹੈ ਅਤੇ ਇਸ ਕਮੇਟੀ ਨੂੰ ਸ. ਜਗਜੀਤ ਸਿੰਘ ਮੀਤ ਸਕੱਤਰ ਕੋਆਰਡੀਨੇਟ ਕਰਨਗੇ। ਉਨ੍ਹਾਂ ਇਕ ਵਾਰ ਫਿਰ ਦੁਹਰਾਇਆ ਕਿ ਸ਼੍ਰੋਮਣੀ ਕਮੇਟੀ ਮਿਆਰੀ ਵਿਦਿਆ ਲਈ ਵਚਨਬੱਧ ਹੈ। *੨ ਮਾਰਚ*

## ਸੋਸ਼ਲ ਮੀਡੀਆ 'ਤੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਚਲਨ ਮੰਦਭਾਗਾ

### ਸ਼੍ਰੋਮਣੀ ਕਮੇਟੀ ਵੱਲੋਂ ਡੀ.ਜੀ.ਪੀ. ਪੰਜਾਬ ਨੂੰ ਕਾਰਵਾਈ ਲਈ ਲਿਖਿਆ ਪੱਤਰ

ਅੰਮ੍ਰਿਤਸਰ- ਸ਼ਰਾਰਤੀ ਅਨਸਰਾਂ ਵੱਲੋਂ ਗੁਰੂ ਸਾਹਿਬਾਨ ਅਤੇ ਹੋਰ ਸਿੱਖ ਸ਼ਖਸੀਅਤਾਂ ਦੀਆਂ ਤਸਵੀਰਾਂ ਨਾਲ ਛੇੜਛਾੜ ਕਰਕੇ ਵੱਖ-ਵੱਖ ਸੋਸ਼ਲ ਸਾਈਟਾਂ 'ਤੇ ਪਾਉਣ ਦਾ ਵਰਤਾਰਾ ਬੇਹੱਦ ਮੰਦਭਾਗਾ ਹੈ। ਸਿਰਫਿਰੇ ਲੋਕਾਂ ਦੀਆਂ ਅਜਿਹੀਆਂ ਹਰਕਤਾਂ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਭਾਰੀ ਠੇਸ ਪਹੁੰਚ ਰਹੀ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਦੇਸ਼-ਵਿਦੇਸ਼ ਦੇ ਸਿੱਖਾਂ ਵੱਲੋਂ ਰੋਸ ਭਰੀਆਂ ਬਹੁਤ ਸਾਰੀਆਂ ਸ਼ਿਕਾਇਤਾਂ ਮਿਲ ਰਹੀਆਂ ਹਨ। ਪ੍ਰੋ: ਬਡੂੰਗਰ ਨੇ ਕਿਹਾ ਕਿ ਪੰਜਾਬ ਦੇ ਡਾਇਰੈਕਟਰ ਜਨਰਲ ਆਫ ਪੁਲਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਜਿਹੇ ਮਾਮਲਿਆਂ ਵਿਚ ਸਾਈਬਰ ਕਰਾਈਮ ਸੈੱਲ ਰਾਹੀਂ ਤੁਰੰਤ ਕਾਰਵਾਈ ਕਰਨ ਲਈ ਇੱਕ ਪੱਤਰ ਲਿਖਿਆ ਗਿਆ ਹੈ। ਉਨ੍ਹਾਂ ਅਜਿਹੀਆਂ ਅਸ਼ਾਂਤੀ ਫੈਲਾਉਣ ਵਾਲੀਆਂ ਕਾਰਵਾਈਆਂ ਨੂੰ ਅੰਜਾਮ ਦੇਣ ਵਾਲੇ ਅਨਸਰਾਂ ਦੀ ਤੁਰੰਤ ਪਛਾਣ ਕਰਕੇ ਸਖਤ ਸਜ਼ਾਵਾਂ ਦੇਣ ਦੀ ਮੰਗ ਕਰਦਿਆਂ ਕਿਹਾ ਕਿ ਗੁਰੂ-ਸਾਹਿਬਾਨ ਨੇ ਅੰਮ੍ਰਿਤਮਈ ਜੀਵਨ-ਜਾਚ ਬਖ਼ਸ਼ ਕੇ ਮਾਨਵਤਾ ਦਾ ਮਾਰਗ ਦਰਸ਼ਨ ਕੀਤਾ ਹੈ। ਪਰ ਕੁਝ ਸਿਰਫਿਰੇ ਲੋਕ ਅਮਨ ਸ਼ਾਂਤੀ ਨੂੰ ਲਾਂਬੂ ਲਗਾਉਣ ਦੀ ਮਨਸ਼ਾ ਨਾਲ ਗੁਰੂ-ਸਾਹਿਬਾਨ ਪ੍ਰਤੀ ਅਜਿਹੀਆਂ ਬੇਹੁਦਰੀਆਂ ਕਾਰਵਾਈਆਂ ਕਰਦੇ ਹਨ। ਉਨ੍ਹਾਂ ਕਿਹਾ ਕਿ ਹਰ ਧਰਮ ਦੇ ਉਪਦੇਸ਼ਕ ਸਤਿਕਾਰਤ ਰੁਤਬਾ ਰੱਖਦੇ ਹਨ ਪਰ ਜਦੋਂ ਕਿਸੇ ਧਰਮ ਦੇ ਰਹਿਬਰ ਸਬੰਧੀ ਅਜਿਹੀਆਂ ਮਨੁੱਖਤਾ ਤੋਂ ਗਿਰੀਆਂ ਕਾਰਵਾਈਆਂ ਸਾਹਮਣੇ ਆਉਂਦੀਆਂ ਹਨ ਤਾਂ ਅਜਿਹੇ ਵਿਚ ਫਿਰਕੂ ਤਣਾਅ ਪੈਦਾ ਹੁੰਦਾ ਹੈ। ਇਸ ਲਈ ਅਜਿਹੇ ਵਰਤਾਰੇ ਨੂੰ ਤੁਰੰਤ ਠੱਲਣਾ ਚਾਹੀਦਾ ਹੈ। *੦੪ ਮਾਰਚ*

## ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਗੁਰੂ-ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਚੇਤੰਨ ਹੋਣ

ਅੰਮ੍ਰਿਤਸਰ- ਡੇਰਾਬੱਸੀ ਨੇੜਲੇ ਪਿੰਡ ਦੇਵੀ ਨਗਰ ਵਿਖੇ ਸ਼ਰਾਰਤੀ ਅਨਸਰਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਗ ਪਾੜਨ ਅਤੇ ਮੱਖੂ ਨੇੜਲੇ ਪਿੰਡ ਗਾਮਾ ਮੁਰਾਦਾ ਵਿਖੇ ਸ਼ਾਰਟ ਸਰਕਟ ਕਾਰਨ ਪਾਵਨ ਸਰੂਪ ਅਤੇ

ਪੋਥੀਆਂ ਅਗਨ ਭੇਟ ਹੋ ਜਾਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਮੈਂਬਰ ਸ. ਨਿਰਮੈਲ ਸਿੰਘ ਜੌਲਾਂ ਤੇ ਬੀਬੀ ਪਰਮਜੀਤ ਕੌਰ ਲਾਂਡਰਾਂ, ਗੁਰਦੁਆਰਾ ਬਾਉਲੀ ਸਾਹਿਬ ਢਕੌਲੀ ਦੇ ਮੈਨੇਜਰ ਸ. ਜਗਦੀਪ ਸਿੰਘ, ਗੁਰਦੁਆਰਾ ਅੰਬ ਸਾਹਿਬ ਮੋਹਾਲੀ ਦੇ ਮੈਨੇਜਰ ਸ. ਅਮਰਜੀਤ ਸਿੰਘ ਨੂੰ ਪਿੰਡ ਦੇਵੀ ਨਗਰ ਵਿਖੇ ਅਤੇ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਭਾਈ ਦਇਆ ਸਿੰਘ ਤੇ ਭਾਈ ਸੁਖਬੀਰ ਸਿੰਘ ਨੂੰ ਪਿੰਡ ਗਾਮਾ ਮੁਰਾਦਾ ਵਿਖੇ ਘਟਨਾ ਸਥਾਨ 'ਤੇ ਭੇਜਿਆ ਗਿਆ ਹੈ। ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਇਹ ਘਟਨਾਵਾਂ ਡੂੰਘੀ ਮਾਨਸਿਕ ਪੀੜਾ ਦੇਣ ਵਾਲੀਆਂ ਹਨ। ਉਨ੍ਹਾਂ ਕਿਹਾ ਕਿ ਪਿੰਡ ਦੇਵੀ ਨਗਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਕੇ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਇਸ ਲਈ ਪ੍ਰਸ਼ਾਸਨ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਵੇ। ਉਨ੍ਹਾਂ ਕਿਹਾ ਕਿ ਬਾਰ-ਬਾਰ ਅਪੀਲਾਂ ਕਰਨ ਦੇ ਬਾਵਜੂਦ ਵੀ ਗੁਰੂ-ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਵੱਲੋਂ ਕੀਤੀ ਜਾ ਰਹੀ ਲਾਪ੍ਰਵਾਹੀ ਚਿੰਤਾਜਨਕ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਦਰਜ ਗੁਰਬਾਣੀ ਮਨੁੱਖ ਮਾਤਰ ਲਈ ਮਾਰਗ ਦਰਸ਼ਨ ਕਰਦੀ ਹੈ ਅਤੇ ਇਹ ਸਮੁੱਚੀ ਮਨੁੱਖਤਾ ਲਈ ਸਾਂਝਾ ਉਪਦੇਸ਼ ਹੈ। ਪਰ ਕੁਝ ਸ਼ਰਾਰਤੀ ਅਤੇ ਮਾਨਸਿਕ ਤੌਰ 'ਤੇ ਬਿਮਾਰ ਲੋਕ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਕੇ ਪੰਜਾਬ ਦੇ ਮਾਹੌਲ ਨੂੰ ਲਾਂਬੂ ਲਗਾਉਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਭਾਵੇਂ ਕਿਸੇ ਸ਼ਰਾਰਤੀ ਅਨਸਰ ਵੱਲੋਂ ਕੀਤੀ ਪਾਵਨ ਬਾਣੀ ਦੀ ਬੇਅਦਬੀ ਹੋਵੇ ਜਾਂ ਕਿਸੇ ਅਣਸੁਖਾਵੀਂ ਘਟਨਾ ਕਾਰਨ ਨੁਕਸਾਨ ਹੋਇਆ ਹੋਵੇ, ਇਸ ਸਭ ਲਈ ਗੁਰੂ-ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਆਪਣੀ ਜ਼ਿੰਮੇਵਾਰੀ ਤੋਂ ਨਹੀਂ ਭੱਜ ਸਕਦੀਆਂ। ਪ੍ਰੋ: ਬਡੂੰਗਰ ਨੇ ਕਿਹਾ ਕਿ ਅਸੀਂ ਆਪਣੇ ਘਰਾਂ ਅੰਦਰ ਤਾਂ ਹਰ ਤਰ੍ਹਾਂ ਦੇ ਪੁਖਤਾ ਪ੍ਰਬੰਧ ਕਰਦੇ ਹਾਂ ਅਤੇ ਸੁਰੱਖਿਆ ਦੇ ਨਾਲ-ਨਾਲ ਬਿਜਲੀ ਪ੍ਰਬੰਧਾਂ ਲਈ ਵੀ ਸੁਚੇਤ ਰਹਿੰਦੇ ਹਾਂ, ਪਰ ਦੂਸਰੇ ਪਾਸੇ ਗੁਰੂ-ਘਰਾਂ ਪ੍ਰਤੀ ਸਾਡੀ ਅਣਗਹਿਲੀ ਅਜਿਹੀਆਂ ਘਟਨਾਵਾਂ ਦਾ ਕਾਰਨ ਬਣ ਰਹੀ ਹੈ। ਸਾਨੂੰ ਚੇਤੰਨ ਹੋਣਾ ਪਵੇਗਾ ਅਤੇ ਆਪੋ-ਆਪਣੇ ਪਿੰਡਾਂ ਸ਼ਹਿਰਾਂ ਦੇ ਗੁਰੂ-ਘਰਾਂ ਦੀ ਪਹਿਰੇਦਾਰੀ ਨੂੰ ਲਾਜ਼ਮੀ ਬਣਾਉਣਾ ਪਵੇਗਾ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨ ਨੂੰ ਇਸ ਸਬੰਧ ਵਿਚ ਜਾਗਰੂਕਤਾ ਮੁਹਿੰਮ ਤੇਜ਼ ਕਰਨ ਲਈ ਵੀ ਕਿਹਾ। *੫ ਮਾਰਚ*

## ਨਿੱਜੀ ਪ੍ਰਕਾਸ਼ਕ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੈਂਚੀਆਂ ਦੇ ਪ੍ਰਕਾਸ਼ਨ ਵਿਚ ਕੀਤੀਆਂ ਗਲਤੀਆਂ ਦੀ ਪੜਤਾਲ ਕੀਤੀ ਜਾਵੇਗੀ

ਅੰਮ੍ਰਿਤਸਰ- ਇੱਕ ਨਿੱਜੀ ਪ੍ਰਕਾਸ਼ਕ ਪਾਸੋਂ ਫਰੀਦਕੋਟ ਨਿਵਾਸੀ ਰਾਗੀ ਭਾਈ ਕਰਮ ਸਿੰਘ ਵੱਲੋਂ ਖ੍ਰੀਦੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸੈਂਚੀਆਂ ਵਿਚ ਕੁਝ ਪੰਨੇ ਨਾ ਹੋਣ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਦੇ ਮੈਂਬਰ ਸ. ਲਖਵੀਰ ਸਿੰਘ ਅਰਾਈਆਂਵਾਲਾ ਅਤੇ ਬੀਬੀ ਗੁਰਿੰਦਰ ਕੌਰ ਭੋਲੂਵਾਲਾ ਵੱਲੋਂ ਸਬੰਧਤਾਂ ਨਾਲ ਸੰਪਰਕ ਕਰਕੇ ਜਾਣਕਾਰੀ ਪ੍ਰਾਪਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਨਿੱਜੀ ਪ੍ਰਕਾਸ਼ਕਾਂ ਵੱਲੋਂ ਅਜਿਹੀ ਅਣਗਹਿਲੀ ਮੰਦਭਾਗੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ-ਨਾਲ ਸੈਂਚੀਆਂ ਦੀ ਪ੍ਰਕਾਸ਼ਨਾ ਵੀ ਕੀਤੀ ਜਾਂਦੀ ਹੈ ਅਤੇ ਇਸ ਸਬੰਧੀ ਹਰ ਪੱਖ ਤੋਂ ਵਿਸ਼ੇਸ਼ ਖਿਆਲ ਰੱਖਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੈਂਚੀਆਂ ਦੀ ਪ੍ਰਕਾਸ਼ਨਾਂ ਦਾ ਮਾਮਲਾ ਉਚੇਚੇ ਧਿਆਨ, ਮਰਯਾਦਾ ਤੇ ਸਤਿਕਾਰ ਦੀ ਮੰਗ ਕਰਦਾ ਹੈ। ਇਸ ਸਾਰੇ ਮਾਮਲੇ ਦੀ ਹੋਰ ਘੋਖ ਪੜਤਾਲ ਕਰਵਾਈ ਜਾਵੇਗੀ ਅਤੇ ਮੁਕੰਮਲ ਰਿਪੋਰਟ ਪ੍ਰਾਪਤ ਕਰਕੇ ਅਗਲੀ ਕਾਰਵਾਈ ਕੀਤੀ ਜਾਵੇਗੀ। *੫ ਮਾਰਚ*

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਾਤਾ ਗੰਗਾ ਜੀ ਨਿਵਾਸ ਦੀ ਆਨਲਾਈਨ ਬੁਕਿੰਗ ਸ਼ੁਰੂ

ਅੰਮ੍ਰਿਤਸਰ- ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਲਈ ਪੁੱਜਦੀ ਸੰਗਤ ਦੀ ਰਿਹਾਇਸ਼ ਲਈ ਸਰਾਵਾਂ ਦੀ ਆਨਲਾਈਨ ਬੁਕਿੰਗ ਦਾ ਉਦਘਾਟਨ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਵੱਲੋਂ ਕਰ ਦਿੱਤਾ ਗਿਆ। ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਵਿਖੇ ਉਦਘਾਟਨ ਉਪਰੰਤ ਪ੍ਰੈਸ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਸਾਹਿਬ ਨੇ ਕਿਹਾ ਕਿ ਸਮੇਂ ਦੀ ਲੋੜ ਨੂੰ ਮੁੱਖ ਰੱਖਦਿਆਂ ਹੋਇਆਂ ਸਰਾਵਾਂ ਬੁਕਿੰਗ ਦੀ ਆਨਲਾਈਨ ਪ੍ਰਕਿਰਿਆ ਨੂੰ ਲਾਗੂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕਮਰਾ ਬੁੱਕ ਕਰਨ ਦੀ ਆਨਲਾਈਨ ਪ੍ਰਕਿਰਿਆ ਦੇ ਪਹਿਲੇ ਪੜਾਅ ਤਹਿਤ ਅੱਜ ਮਾਤਾ ਗੰਗਾ ਜੀ ਨਿਵਾਸ ਦੀ ਬੁਕਿੰਗ ਨੂੰ ਆਨਲਾਈਨ ਸ਼ੁਰੂ ਕੀਤਾ ਗਿਆ ਹੈ, ਜਿਸ ਨਾਲ ਦੇਸ਼-ਵਿਦੇਸ਼ ਤੋਂ ਪੁੱਜਦੀ ਸੰਗਤ ਹੁਣ ਇਸ ਸੁਵਿਧਾ ਰਾਹੀਂ ਘਰ ਬੈਠੇ ਹੀ ਕਮਰਾ ਬੁੱਕ ਕਰਵਾ ਸਕੇਗੀ। ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਅਗਲੇ ਪੜਾਅ ਵਿਚ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਤ ਬਾਕੀ ਸਰਾਵਾਂ ਨੂੰ ਵੀ ਆਨਲਾਈਨ ਕੀਤਾ ਜਾਵੇਗਾ। ਬਾਅਦ ਵਿਚ ਇਹ ਸਹੂਲਤ ਤਖ਼ਤ ਸਾਹਿਬਾਨ ਦੇ ਨਿਵਾਸਾਂ ਵਿਚ ਵੀ ਸ਼ੁਰੂ ਕੀਤੀ ਜਾਵੇਗੀ। ਅੱਜ ਆਰੰਭ ਕੀਤੀ ਗਈ ਆਨਲਾਈਨ ਸੁਵਿਧਾ ਸਬੰਧੀ ਜਾਣਕਾਰੀ ਦਿੰਦਿਆ ਉਨ੍ਹਾਂ ਦੱਸਿਆ ਕਿ ਸ਼ਰਧਾਲੂਆਂ ਨੂੰ ਬੁਕਿੰਗ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੈੱਬਸਾਈਟ www.sgpc.net ਜਾਂ www.sgpcsarai.com ਤੇ ਜਾ ਕੇ ਕਮਰਾ ਬੁੱਕ ਕਰਨ ਲਈ ਆਪਣਾ ਨਾਮ, ਪੂਰਾ ਪਤਾ, ਮੋਬਾਈਲ ਨੰਬਰ, ਈ-ਮੇਲ ਐਡਰੈਸ ਭਰਨ ਉਪਰੰਤ ਆਪਣਾ ਸ਼ਨਾਖਤੀ ਕਾਰਡ ਅਪਲੋਡ ਕਰਨਾ ਹੋਵੇਗਾ। ਸ਼ਨਾਖਤ ਲਈ ਅਧਾਰ ਕਾਰਡ, ਵੋਟਰ ਆਈ.ਡੀ. ਜਾਂ ਪਾਸਪੋਰਟ ਹੀ ਪ੍ਰਵਾਨਿਤ ਹੋਣਗੇ। ਉਨ੍ਹਾਂ ਦੱਸਿਆ ਕਿ ਸ਼ਰਧਾਲੂ ਕੇਵਲ ੨ ਰਾਤਾਂ ਲਈ ਕਮਰਾ ਬੁੱਕ ਕਰਵਾ ਸਕਣਗੇ। ਘੱਟੋ-ਘੱਟੋ ੨ ਵਿਅਕਤੀਆਂ ਦੇ ਰਹਿਣ ਦੀ ਸੂਰਤ ਵਿਚ ਹੀ ਕਮਰਾ ਬੁੱਕ ਹੋ ਸਕੇਗਾ। ਅਦਾਇਗੀ ਕੇਵਲ ਆਨਲਾਈਨ ਤੌਰ 'ਤੇ ਹੀ ਸਵੀਕਾਰ ਹੋਵੇਗੀ ਜੋ ਕ੍ਰੈਡਿਟ ਕਾਰਡ, ਡੈਬਿਟ ਕਾਰਡ ਜਾਂ ਨੈੱਟਬੈਂਕਿੰਗ ਰਾਹੀਂ ਕੀਤੀ ਜਾ ਸਕੇਗੀ। ਇਸ ਸਬੰਧੀ ਮੁਕੰਮਲ ਜਾਣਕਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੈੱਬਸਾਈਟ ਤੇ ਪਾ ਦਿੱਤੀ ਗਈ ਹੈ।

ਉਨ੍ਹਾਂ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਿਥੇ ਧਰਮ ਪ੍ਰਚਾਰ, ਸਿੱਖਿਆ ਅਤੇ ਸਿਹਤ ਸਹੂਲਤਾਂ ਲਈ ਕਾਰਜਸ਼ੀਲ ਹੈ ਉਥੇ ਇਸਦੇ ਨਾਲ ਹੀ ਸਮਾਜ ਨੂੰ ਦਰਪੇਸ਼ ਚੁਣੌਤੀਆਂ ਦੇ ਵਿਰੁੱਧ ਨਿਰੰਤਰ ਯਤਨ ਕਰ ਰਹੀ ਹੈ। ਉਨ੍ਹਾਂ ਇਸ ਸਬੰਧ ਵਿਚ ਵਾਤਾਵਰਨ ਦਾ ਖਾਸ ਤੌਰ 'ਤੇ ਜ਼ਿਕਰ ਕਰਦਿਆਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਮੌਕੇ ਵੱਡੇ ਪੱਧਰ 'ਤੇ ਰੁੱਖ ਲਗਾਏ ਜਾਣਗੇ। ਉਨ੍ਹਾਂ ਹੋਰ ਵਿਸਥਾਰ ਦਿੰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਚੱਲਦੇ ਵਿਦਿਅਕ ਅਦਾਰਿਆਂ ਵਿਚ ਵਾਤਾਵਰਨ ਦੀ ਸ਼ੁੱਧਤਾ ਲਈ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਸੈਮੀਨਾਰ ਆਯੋਜਿਤ ਕੀਤੇ ਜਾਣਗੇ।

ਇਸ ਮੌਕੇ ਅੰਤ੍ਰਿੰਗ ਕਮੇਟੀ ਮੈਂਬਰ ਭਾਈ ਰਾਮ ਸਿੰਘ ਤੇ ਸ. ਸੁਰਜੀਤ ਸਿੰਘ ਭਿੱਟੇਵਡ, ਮੈਂਬਰ ਸ. ਬਾਵਾ ਸਿੰਘ ਗੁਮਾਨਪੁਰਾ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਸ. ਅਜਾਇਬ ਸਿੰਘ ਅਭਿਆਸੀ, ਬਾਬਾ ਦਲਜੀਤ ਸਿੰਘ ਸ਼ਿਕਾਗੋ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਹਰਚਰਨ ਸਿੰਘ, ਸਕੱਤਰ ਡਾ. ਰੂਪ ਸਿੰਘ, ਐਡੀ: ਸਕੱਤਰ ਸ. ਹਰਭਜਨ ਸਿੰਘ ਮਨਾਵਾਂ, ਸ. ਸੁਖਦੇਵ ਸਿੰਘ ਭੂਰਾ ਕੋਹਨਾ, ਸ. ਬਲਵਿੰਦਰ ਸਿੰਘ ਜੌੜਾਸਿੰਘਾ ਤੇ ਸ. ਬਿਜੈ ਸਿੰਘ, ਮੀਤ ਸਕੱਤਰ ਸ. ਸਿਮਰਜੀਤ ਸਿੰਘ ਕੰਗ, ਸ. ਸਕੱਤਰ ਸਿੰਘ, ਸ. ਜਗਜੀਤ ਸਿੰਘ, ਸ. ਹਰਿੰਦਰਪਾਲ ਸਿੰਘ ਤੇ ਸ. ਹਰਜਿੰਦਰ ਸਿੰਘ ਕੈਰੋਂਵਾਲ, ਮੈਨੇਜਰ ਸ. ਸੁਲੱਖਣ ਸਿੰਘ ਭੰਗਾਲੀ ਆਦਿ ਹਾਜ਼ਰ ਸਨ। *੫ ਮਾਰਚ*

# ਮਾਤਾ ਸਾਹਿਬ ਕੌਰ ਜੀ ਨਿਵਾਸ ਦਾ ਪ੍ਰੋ. ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਰੱਖਿਆ ਨੀਂਹ ਪੱਥਰ

ਸ੍ਰੀ ਫ਼ਤਿਹਗੜ੍ਹ ਸਾਹਿਬ- ਗੁਰਦੁਆਰਾ ਸ੍ਰੀ ਫ਼ਤਿਹਗੜ੍ਹ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੱਲੋਂ ਮਾਤਾ ਸਾਹਿਬ ਕੌਰ ਜੀ ਯਾਤਰੀ ਨਿਵਾਸ ਦੀ ਇਮਾਰਤ ਦਾ ਨੀਂਹ ਪੱਥਰ ਰੱਖਿਆ ਗਿਆ। ਨੀਂਹ ਪੱਥਰ ਤੋਂ ਪਰਦਾ ਹਟਾਉਣ ਦੀ ਰਸਮ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਅਦਾ ਕੀਤੀ। ਇਸ ਤੋਂ ਪਹਿਲਾਂ ਸਿੰਘ ਸਾਹਿਬ ਗਿਆਨੀ ਹਰਪਾਲ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਸ੍ਰੀ ਫ਼ਤਿਹਗੜ੍ਹ ਸਾਹਿਬ ਵੱਲੋਂ ਕਾਰਜ ਦੇ ਨਿਰਵਿਘਨ ਸੰਪੂਰਨ ਹੋਣ ਲਈ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਗਈ। ਇਸ ਇਮਾਰਤ ਦੀ ਕਾਰ ਸੇਵਾ ਬਾਬਾ ਬਚਨ ਸਿੰਘ ਜੀ ਦਿੱਲੀ ਵਾਲਿਆਂ ਵੱਲੋਂ ਬਾਬਾ ਗੁਲਜਾਰ ਸਿੰਘ ਜੀ ਦੀ ਦੇਖਰੇਖ ਹੇਠ ਕਰਵਾਈ ਜਾਵੇਗੀ। ਇਸ ਤਿੰਨ ਮੰਜਲੀ ਇਮਾਰਤ ਵਿੱਚ ਆਧੁਨਿਕ ਕਿਸਮ ਦੇ ੨੦੦ ਕਮਰੇ ਹੋਣਗੇ। ਇਹ ਇਮਾਰਤ ਇਸ ਸਾਲ ਦਸੰਬਰ ਤੱਕ ਬਣ ਕੇ ਤਿਆਰ ਹੋ ਜਾਵੇਗੀ। ਜ਼ਿਕਰਯੋਗ ਹੈ ਕਿ ਸ੍ਰੀ ਫ਼ਤਿਹਗੜ੍ਹ ਸਾਹਿਬ ਦੀ ਧਰਤੀ ਤੇ ਛੋਟੇ ਸਾਹਿਬਜਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਸਿਜਦਾ ਕਰਨ ਲਈ ਵੱਡੀ ਗਿਣਤੀ ਵਿੱਚ ਸੰਗਤ ਦਰਸ਼ਨ ਕਰਨ ਲਈ ਆਉਂਦੀ ਹੈ। ਸੰਗਤ ਦੀ ਰਿਹਾਇਸ਼ ਲਈ ਪਹਿਲਾਂ ੧੯੦ ਕਮਰਿਆਂ ਦਾ ਯਾਤਰੀ ਨਿਵਾਸ ਬਣਿਆ ਹੋਇਆ ਹੈ। ਸੰਗਤ ਦੀ ਵੱਧ ਰਹੀ ਆਮਦ ਨੂੰ ਮਦੇਨਜ਼ਰ ਰੱਖਦਿਆਂ ਹੋਇਆਂ ਨਵੇਂ ਯਾਤਰੀ ਨਿਵਾਸ ਨੂੰ ਉਸਾਰਿਆ ਜਾ ਰਿਹਾ ਹੈ।

ਮਾਤਾ ਸਾਹਿਬ ਕੌਰ ਜੀ ਯਾਤਰੀ ਨਿਵਾਸ ਦੇ ਨੀਂਹ ਪੱਥਰ ਰੱਖੇ ਜਾਣ ਸਮੇਂ ਬਾਬਾ ਬਚਨ ਸਿੰਘ, ਬਾਬਾ ਗੁਲਜਾਰ ਸਿੰਘ, ਬਾਬਾ ਸੁਰਿੰਦਰ ਸਿੰਘ, ਬਾਬਾ ਬਲਬੀਰ ਸਿੰਘ ਅਤੇ ਬਾਬਾ ਦੀਵਾਨ ਸਿੰਘ ਜੀ ਨੂੰ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਤੇ ਸ਼੍ਰੋਮਣੀ ਕਮੇਟੀ ਮੈਂਬਰ ਸ. ਕਰਨੈਲ ਸਿੰਘ ਪੰਜੋਲੀ, ਸ. ਰਵਿੰਦਰ ਸਿੰਘ ਖਾਲਸਾ, ਸ. ਅਵਤਾਰ ਸਿੰਘ ਰਿਆ, ਬੀਬੀ ਸੁਰਿੰਦਰ ਕੌਰ ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ, ਸ. ਰਣਜੀਤ ਸਿੰਘ ਲਿਬੜਾ, ਸ. ਬਲਜੀਤ ਸਿੰਘ ਭੁੱਟਾ, ਸ. ਪਰਮਜੀਤ ਸਿੰਘ ਵਧੀਕ ਸਕੱਤਰ, ਸ. ਸਿਮਰਜੀਤ ਸਿੰਘ ਮੀਤ ਸਕੱਤਰ, ਸ. ਸੁਖਵਿੰਦਰ ਸਿੰਘ ਐਕਸੀਅਨ, ਸ. ਹਰਪਾਲ ਸਿੰਘ ਐਸ.ਡੀ.ਓ. ਆਦਿ ਹਾਜ਼ਰ ਸਨ। *੭ ਮਾਰਚ*

# ਸਿੱਖ ਕੈਦੀਆਂ ਦੀ ਰਿਹਾਈ ਲਈ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਸ੍ਰੀ ਰਾਜਨਾਥ ਸਿੰਘ ਨੂੰ ਲਿਖਿਆ ਪੱਤਰ

ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਰਾਜਨਾਥ ਸਿੰਘ ਨੂੰ ਇੱਕ ਪੱਤਰ ਲਿਖ ਕੇ ਲੰਮੇ ਅਰਸੇ ਤੋਂ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਨਜ਼ਰਬੰਦ ਸਿੱਖ ਕੈਦੀਆਂ ਦੀ ਰਿਹਾਈ ਲਈ ਮੰਗ ਕੀਤੀ ਹੈ। ਉਨ੍ਹਾਂ ਨੇ ਪੱਤਰ ਵਿਚ ਕਿਹਾ ਕਿ ਪਿਛਲੇ ੨੦ ਸਾਲਾਂ ਤੋਂ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਅੰਦਰ ਕੈਦ ਸਿੱਖਾਂ ਦੀ ਰਿਹਾਈ ਲਈ ਮੁੜ ਵਿਚਾਰ ਕਰਨੀ ਚਾਹੀਦੀ ਹੈ। ਪੱਤਰ ਵਿਚ ਇਸ ਮਾਮਲੇ 'ਤੇ ਗੱਲਬਾਤ ਕਰਨ ਲਈ ਉਨ੍ਹਾਂ ਸ੍ਰੀ ਰਾਜਨਾਥ ਸਿੰਘ ਪਾਸੋਂ ਮਿਲਣ ਲਈ ਸਮੇਂ ਦੀ ਮੰਗ ਵੀ ਕੀਤੀ ਹੈ। ਪ੍ਰੋ: ਬਡੂੰਗਰ ਨੇ ਜੇਲ੍ਹਾਂ ਵਿਚ ਨਜ਼ਰਬੰਦ ਸਿੱਖਾਂ ਲਈ ਗ੍ਰਹਿ ਮੰਤਰੀ ਨੂੰ ਹਮਦਰਦੀ ਪੂਰਵਕ ਵਿਚਾਰ ਕਰਨ ਲਈ ਲਿਖਦਿਆਂ ਇਹ ਕਿਹਾ ਹੈ ਕਿ ਵੱਖ-ਵੱਖ ਜੇਲ੍ਹਾਂ ਅੰਦਰ ਸਜ਼ਾਵਾਂ ਭੁਗਤ ਰਹੇ ਸਿੱਖਾਂ ਦੀ ਉਮਰ ਦਾ ਵੱਡਾ ਹਿੱਸਾ ਜੇਲ੍ਹਾਂ ਵਿਚ ਹੀ ਗੁਜਰ ਚੁੱਕਾ ਹੈ, ਜਿਸ ਨੂੰ ਮੁੱਖ ਰੱਖਦਿਆਂ ਹੁਣ ਇਨ੍ਹਾਂ ਨੂੰ ਰਿਹਾਅ ਕਰ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿਚ ਬਹੁਤ ਸਾਰੇ ਲੋਕ ਅਜਿਹੇ ਵੀ ਹਨ ਜੋ ਸਰੀਰਕ ਤੇ ਮਾਨਸਿਕ ਤੌਰ 'ਤੇ ਪ੍ਰਭਾਵਿਤ ਹੋ ਚੁੱਕੇ ਹਨ। ਇਸ ਲਈ ਮਨੁੱਖੀ ਹਮਦਰਦੀ ਦੇ ਮੱਦੇਨਜ਼ਰ ਇਨ੍ਹਾਂ ਦਾ ਮਾਮਲਾ ਉਚੇਚੇ ਵਿਚਾਰ ਦੀ ਮੰਗ ਕਰਦਾ ਹੈ। ਉਨ੍ਹਾਂ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹੋਣ ਦੇ ਨਾਤੇ ਸ੍ਰੀ ਰਾਜਨਾਥ ਸਿੰਘ ਪਾਸੋਂ ਇਸ ਮਾਮਲੇ ਸਬੰਧੀ ਚੰਗੇ ਹੁੰਗਾਰੇ ਦੀ ਆਸ ਪ੍ਰਗਟ ਕੀਤੀ ਹੈ। *੧੧ ਮਾਰਚ*

# ਹੋਲੇ ਮਹੱਲਾ ਸਵੈ-ਰੱਖਿਅਕ ਹੋਣ, ਜ਼ੁਲਮ ਖਿਲਾਫ਼ ਲੜਨ ਤੇ ਮਜ਼ਲੂਮਾਂ ਦੇ ਹੱਕ ਵਿਚ ਖੜ੍ਹਨ ਦਾ ਪ੍ਰਤੀਕ ਹੈ

ਸ੍ਰੀ ਅਨੰਦਪੁਰ ਸਾਹਿਬ- ਖ਼ਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਚਲਾਈ ਗਈ ਜੁਝਾਰੂ ਰਵਾਇਤ ਚੜ੍ਹਦੀ ਕਲਾ ਦੇ ਪ੍ਰਤੀਕ ਹੋਲਾ ਮਹੱਲਾ ਦੇ ਦੂਸਰੇ ਦਿਨ ਅੱਜ ਲੱਖਾਂ ਸੰਗਤਾਂ ਨੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਹੋਰ ਅਸਥਾਨਾਂ 'ਤੇ ਨਤਮਸਤਕ ਹੋ ਕੇ ਆਪਣੀ ਸ਼ਰਧਾ ਭਾਵਨਾ ਦਾ ਪ੍ਰਗਟਾਵਾ ਕੀਤਾ। ਇਸ ਮੌਕੇ 'ਤੇ ਸਿੰਘ ਸਾਹਿਬ ਗਿਆਨੀ ਮੱਲ ਸਿੰਘ ਜੀ ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਮੈਂਬਰ ਪਾਰਲੀਮੈਂਟ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ, ਵਿਧਾਇਕ ਸ. ਹਰਿੰਦਰਪਾਲ ਸਿੰਘ ਚੰਦੂਮਾਜਰਾ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸ. ਅਮਰਜੀਤ ਸਿੰਘ ਚਾਵਲਾ ਨੇ ਤਖਤ ਸਾਹਿਬ ਵਿਖੇ ਹਾਜ਼ਰੀ ਭਰੀ।

ਇਸ ਪਵਿੱਤਰ ਦਿਹਾੜੇ 'ਤੇ ਭਾਈ ਕਰਨੈਲ ਸਿੰਘ, ਭਾਈ ਗੁਰਕੀਰਤ ਸਿੰਘ, ਭਾਈ ਕਾਰਜ ਸਿੰਘ, ਭਾਈ ਲਖਵਿੰਦਰ ਸਿੰਘ ਤੇ ਭਾਈ ਸਤਿੰਦਰਬੀਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ, ਭਾਈ ਧਰਮਵੀਰ ਸਿੰਘ ਤਖਤ ਸ੍ਰੀ ਕੇਸਗੜ੍ਹ ਸਾਹਿਬ, ਗਿਆਨੀ ਜਸਵੰਤ ਸਿੰਘ ਜੀ ਪ੍ਰਵਾਨਾ ਕਥਾਵਾਚਕ ਅਤੇ ਭਾਈ ਰਜਿੰਦਰਪਾਲ ਸਿੰਘ ਪ੍ਰਚਾਰਕ ਅਤੇ ਪ੍ਰਸਿੱਧ ਢਾਡੀ ਜੱਥਿਆਂ ਨੇ ਸਮੂਹ ਸੰਗਤਾਂ ਨੂੰ ਗੁਰਬਾਣੀ ਕੀਰਤਨ ਤੇ ਗੁਰ-ਇਤਿਹਾਸ ਸਰਵਣ ਕਰਵਾਇਆ।

ਤਖਤ ਸਾਹਿਬ ਵਿਖੇ ਨਤਮਸਤਕ ਹੋਣ ਸਮੇਂ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੂੰ ਸ. ਅਮਰਜੀਤ ਸਿੰਘ ਚਾਵਲਾ ਜਨਰਲ ਸਕੱਤਰ ਤੇ ਸ਼੍ਰੋਮਣੀ ਕਮੇਟੀ ਮੈਂਬਰ ਸਾਹਿਬਾਨ ਵੱਲੋਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਉਪਰੰਤ ਤਖਤ ਸਾਹਿਬ ਵਿਖੇ ਸਜਾਏ ਗਏ ਧਾਰਮਿਕ ਦੀਵਾਨ ਵਿਚ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਸੰਗਤਾਂ ਨੂੰ ਜਿਥੇ ਹੋਲਾ ਮਹੱਲਾ ਦੇ ਪਾਵਨ ਦਿਹਾੜੇ ਦੀ ਮੁਬਾਰਕਬਾਦ ਦਿੱਤੀ, ਉਥੇ ਹੀ ਗੁਰੂ ਬਖਸ਼ੀ ਇਸ ਪ੍ਰੰਪਰਾ ਦੇ ਉਦੇਸ਼ ਤੇ ਸੰਦੇਸ਼ ਨੂੰ ਵੀ ਸੰਗਤਾਂ ਨਾਲ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਉਹ ਪਾਵਨ ਧਰਤੀ ਹੈ ਜਿਥੇ ਦਸਮ ਪਾਤਸ਼ਾਹ ਜੀ ਨੇ ਖਾਲਸੇ ਦੀ ਸਾਜਨਾ ਕਰ ਕੇ ਦੁਨੀਆਂ ਦੇ ਧਾਰਮਿਕ ਇਤਿਹਾਸ ਵਿਚ ਨਿਵੇਕਲਾ ਅਧਿਆਇ ਦਰਜ ਕੀਤਾ। ਦਸਮ ਪਾਤਸ਼ਾਹ ਜੀ ਵੱਲੋਂ ਹੋਲੇ ਮਹੱਲੇ ਦੀ ਰਵਾਇਤ ਭਾਰਤੀ ਤਿਉਹਾਰ ਹੋਲੀ ਦੀ ਥਾਂ ਆਰੰਭ ਕੀਤੀ ਗਈ ਜਿਸ ਦਾ ਮਕਸਦ ਮਨੁੱਖਤਾ ਅੰਦਰ ਜੋਸ਼, ਦ੍ਰਿੜ੍ਹਤਾ, ਹਿੰਮਤ, ਅਣਖ ਤੇ ਦਲੇਰੀ ਪੈਦਾ ਕਰਨਾ ਸੀ। ਇਸ ਨਾਲ ਜਿਥੇ ਸਵੈ-ਰੱਖਿਆ ਦੀ ਭਾਵਨਾ ਪ੍ਰਬਲ ਹੋਈ, ਉਥੇ ਹੀ ਜ਼ੁਲਮ ਖਿਲਾਫ ਲੜਨ ਤੇ ਮਜ਼ਲੂਮਾਂ ਦੇ ਹੱਕ ਵਿਚ ਖੜ੍ਹਨ ਦਾ ਜਜ਼ਬਾ ਪੈਦਾ ਹੋਇਆ। ਉਨ੍ਹਾਂ ਕਿਹਾ ਕਿ ਹੋਲਾ ਮਹੱਲਾ ਸਾਡੇ ਅੰਦਰ ਹੁਲਾਸ ਤੇ ਖੇੜਾ ਪੈਦਾ ਕਰਦਾ ਹੈ। ਉਨ੍ਹਾਂ ਸੰਗਤ ਨੂੰ ਇਹ ਵੀ ਪ੍ਰੇਰਨਾ ਕੀਤੀ ਕਿ ਦਸਮ ਪਾਤਸ਼ਾਹ ਵੱਲੋਂ ਬਖਸ਼ੀ ਜੀਵਨ-ਜਾਚ ਅਪਣਾ ਕੇ ਬਾਣੀ ਤੇ ਬਾਣੇ ਦੇ ਧਾਰਨੀ ਬਣੀਏ ਤਾਂ ਜੋ ਸਾਡੇ ਜੀਵਨ ਅੰਦਰ ਸਦਗੁਣਾਂ ਦਾ ਸੰਚਾਰ ਹੋ ਸਕੇ। ਇਸ ਮੌਕੇ ਮੈਂਬਰ ਪਾਰਲੀਮੈਂਟ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ, ਸ. ਅਮਰਜੀਤ ਸਿੰਘ ਚਾਵਲਾ ਜਨਰਲ ਸਕੱਤਰ ਸ਼੍ਰੋਮਣੀ ਕਮੇਟੀ ਤੇ ਪ੍ਰਿੰਸੀਪਲ ਸੁਰਿੰਦਰ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ ਨੇ ਵੀ ਸੰਗਤਾਂ ਨਾਲ ਵਿਚਾਰਾਂ ਸਾਂਝੀਆਂ ਕੀਤੀਆਂ ਅਤੇ ਗੁਰੂ ਦੇ ਲੜ ਲੱਗਣ ਦੀ ਪ੍ਰੇਰਨਾ ਕੀਤੀ।

ਇਸ ਉਪਰੰਤ ਪ੍ਰੈਸ ਨਾਲ ਗੱਲਬਾਤ ਕਰਦਿਆਂ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਲੱਖਾਂ ਦੀ ਗਿਣਤੀ ਵਿਚ ਪੁੱਜੀਆਂ ਸੰਗਤਾਂ ਦੀ ਸ਼ਰਧਾ ਵਿਲੱਖਣ ਹੈ। ਹੋਲਾ ਮਹੱਲਾ ਸਾਡੀਆਂ ਸਿੱਖ ਵਿਰਾਸਤੀ ਪ੍ਰੰਪਰਾਵਾਂ ਦੀ ਸਿਖਰਲੀ ਮਿਸਾਲ ਹੈ ਜੋ ਸਾਨੂੰ ਦਸਮ ਪਾਤਸ਼ਾਹ ਜੀ ਨੇ ਬਖਸ਼ੀ ਹੈ। ਉਨ੍ਹਾਂ ਪੱਤਰਕਾਰਾਂ ਵੱਲੋਂ ਪੁੱਛੇ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਡੇਰਾ ਸਿਰਸਾ ਸਬੰਧੀ ਸ਼੍ਰੋਮਣੀ ਕਮੇਟੀ ਦੀ ਜਾਂਚ ਕਮੇਟੀ ਨੇ ਰਿਪੋਰਟ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਸੌਂਪ ਦਿੱਤੀ ਹੈ, ਹੁਣ ਸਿੰਘ ਸਾਹਿਬਾਨ ਨੇ ਦੇਖਣਾ ਹੈ ਕਿ ਕੀ ਕਾਰਵਾਈ ਕਰਨੀ ਹੈ।

*(ਬਾਕੀ ਪੰਨਾ ੪੭ 'ਤੇ)*




ਸੇਵਾ ਮੁਕਤ ਕਰਮਚਾਰੀ ਐਸੋਸੀਏਸ਼ਨ ਨੂੰ ਦਿੱਤੇ ਗਏ ਦਫ਼ਤਰ ਦਾ ਰਸਮੀ ਉਦਘਾਟਨ ਕਰਦੇ ਹੋਏ
ਪ੍ਰੋ: ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।
ਉਨ੍ਹਾਂ ਨਾਲ ਡਾ. ਰੂਪ ਸਿੰਘ ਸਕੱਤਰ ਤੇ ਸ਼੍ਰੋਮਣੀ ਕਮੇਟੀ ਦੇ ਸੇਵਾ ਮੁਕਤ ਅਧਿਕਾਰੀ ਅਤੇ ਕਰਮਚਾਰੀ।

(22 ਮਾਰਚ 2017)



ਗੁਰਦੁਆਰਾ ਸ੍ਰੀ ਅੱਚਲ ਸਾਹਿਬ ਬਟਾਲਾ ਵਿਖੇ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਸਮੇਂ ਅੰਮ੍ਰਿਤ-ਅਭਿਲਾਖੀ
ਸੰਗਤਾਂ ਨਾਲ ਪੰਜ ਪਿਆਰੇ ਸਾਹਿਬਾਨ ਅਤੇ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਕਮੇਟੀ।



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਖਾਲਸਾ ਕਾਲਜ ਗੜ੍ਹਦੀਵਾਲਾ ਵਿਖੇ ਦੋ ਰੋਜ਼ਾ ਤੀਸਰਾ ਖਾਲਸਾਈ ਸੱਭਿਆਚਾਰਕ ਉਤਸਵ ਸਮੇਂ ਪ੍ਰੋ: ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ।

(21 ਮਾਰਚ 2017)



ਗੁਰਦੁਆਰਾ ਸੰਤ ਬਾਬਾ ਦੀਵਾਨ ਸਿੰਘ ਜੀ ਅਤੇ ਸੰਤ ਬਾਬਾ ਨਿਧਾਨ ਸਿੰਘ ਜੀ ਵਿਖੇ ਬਾਬਾ ਨਿਧਾਨ ਸਿੰਘ ਜੀ (ਸ੍ਰੀ ਹਜ਼ੂਰ ਸਾਹਿਬ ਵਾਲਿਆਂ) ਦੇ ਜਨਮ ਦਿਹਾੜੇ ਮੌਕੇ ਉਨ੍ਹਾਂ ਦੇ ਜੱਦੀ ਪਿੰਡ ਨਡਾਲੋਂ ਵਿਖੇ ਕਰਵਾਏ ਗਏ ਗੁਰਮਤਿ ਸਮਾਗਮ ਸਮੇਂ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੂੰ ਸਨਮਾਨਤ ਕਰਦੇ ਹੋਏ ਮੈਂਬਰ ਸ. ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਤੇ ਬੀਬੀ ਰਣਜੀਤ ਕੌਰ ਮਾਹਿਲਪੁਰ ਅਤੇ ਸ. ਪਰਮਜੀਤ ਸਿੰਘ ਸਰੋਆ ਐਡੀ. ਸਕੱਤਰ।

(25 ਮਾਰਚ 2017)



ਸ੍ਰੀ ਗੁਰੂ ਰਾਮਦਾਸ ਲੰਗਰ 'ਚ ਸੇਵਾ ਕਰਨ ਉਪਰੰਤ ਸ. ਹਰਪਾਲ ਸਿੰਘ ਜੱਲ੍ਹਾ ਮੈਂਬਰ ਸ਼੍ਰੋਮਣੀ ਕਮੇਟੀ ਤੇ ਦੋਰਾਹਾ ਦੀਆਂ ਸੰਗਤਾਂ ਨੂੰ ਸਨਮਾਨਤ ਕਰਦੇ ਹੋਏ ਸ. ਸੁਰਜੀਤ ਸਿੰਘ ਭਿੱਟੇਵੱਡ ਅੰਤ੍ਰਿੰਗ ਕਮੇਟੀ ਮੈਂਬਰ, ਭਾਈ ਮਨਜੀਤ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ, ਸ. ਹਰਚਰਨ ਸਿੰਘ ਮੁੱਖ ਸਕੱਤਰ, ਸ. ਰਘਬੀਰ ਸਿੰਘ ਮੰਡ ਮੈਨੇਜਰ ਤੇ ਹੋਰ।

(8 ਮਾਰਚ 2017)



ਸ. ਰਘੂਜੀਤ ਸਿੰਘ ਵਿਰਕ ਮੈਂਬਰ ਸ਼੍ਰੋਮਣੀ ਕਮੇਟੀ ਦੀ ਅਗਵਾਈ 'ਚ ਆਈਆਂ ਹਰਿਆਣਾ ਦੀਆਂ ਸੰਗਤਾਂ ਨੂੰ ਸ੍ਰੀ ਗੁਰੂ ਰਾਮਦਾਸ ਲੰਗਰ 'ਚ ਸੇਵਾ ਕਰਨ ਤੇ ਸਨਮਾਨਤ ਕਰਦੇ ਹੋਏ ਸ. ਬਲਵਿੰਦਰ ਸਿੰਘ ਜੋੜਾਸਿੰਘਾ ਐਡੀ. ਸਕੱਤਰ ਅਤੇ ਸ. ਗੁਰਿੰਦਰ ਸਿੰਘ ਮੈਨੇਜਰ।

(5 ਅਪ੍ਰੈਲ 2017)



ਸ. ਪਰਮਜੀਤ ਸਿੰਘ ਮੁੰਡਾਪਿੰਡ ਮੀਤ ਸਕੱਤਰ, ਸ. ਸਰਵਣਜੀਤ ਸਿੰਘ ਸ/ਅਕਾਊਂਟੈਂਟ ਤੇ ਸ. ਰਜਿੰਦਰ ਸਿੰਘ ਸੇਵਾਦਾਰ ਨੂੰ ਸੇਵਾ ਮੁਕਤ ਹੋਣ ਸਮੇਂ ਸਨਮਾਨਤ ਕਰਦੇ ਹੋਏ ਸ. ਹਰਚਰਨ ਸਿੰਘ ਮੁੱਖ ਸਕੱਤਰ, ਡਾ. ਰੂਪ ਸਿੰਘ ਸਕੱਤਰ, ਸ. ਅਵਤਾਰ ਸਿੰਘ ਸਕੱਤਰ, ਐਡੀ. ਸਕੱਤਰ ਸ. ਦਿਲਜੀਤ ਸਿੰਘ ਬੇਦੀ, ਸ. ਮਹਿੰਦਰ ਸਿੰਘ ਆਹਲੀ, ਸ. ਬਲਵਿੰਦਰ ਸਿੰਘ ਜੋੜਾਸਿੰਘਾ, ਸ. ਬਿਜੈ ਸਿੰਘ ਤੇ ਸ. ਸ. ਪ੍ਰਤਾਪ ਸਿੰਘ ਤੇ ਹੋਰ।

(31 ਮਾਰਚ 2017)

(ਪੰਨਾ ੪੨ ਦਾ ਬਾਕੀ)

ਇਸ ਮੌਕੇ ਸਿੰਘ ਸਾਹਿਬ ਗਿਆਨੀ ਮੱਲ ਸਿੰਘ ਜੀ ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ, ਸ. ਅਮਰਜੀਤ ਸਿੰਘ ਚਾਵਲਾ ਜਨਰਲ ਸਕੱਤਰ, ਭਾਈ ਰਾਮ ਸਿੰਘ ਤੇ ਸ. ਕੁਲਵੰਤ ਸਿੰਘ ਮੰਨਣ ਅੰਤ੍ਰਿੰਗ ਕਮੇਟੀ ਮੈਂਬਰ, ਭਾਈ ਮਨਜੀਤ ਸਿੰਘ, ਸ. ਬਾਵਾ ਸਿੰਘ ਗੁਮਾਨਪੁਰਾ, ਪ੍ਰਿੰਸੀਪਲ ਸੁਰਿੰਦਰ ਸਿੰਘ, ਸ. ਮਗਵਿੰਦਰ ਸਿੰਘ ਖਾਪੜਖੇੜੀ, ਬੀਬੀ ਰਣਜੀਤ ਕੌਰ ਮਾਹਿਲਪੁਰ, ਸ. ਪਰਮਜੀਤ ਸਿੰਘ ਲੱਖੇਵਾਲ ਤੇ ਸ. ਦਲਜੀਤ ਸਿੰਘ ਭਿੰਡਰ ਮੈਂਬਰ ਸ਼੍ਰੋਮਣੀ ਕਮੇਟੀ, ਸ. ਅਜਾਇਬ ਸਿੰਘ ਅਭਿਆਸੀ ਮੈਂਬਰ ਧਰਮ ਪ੍ਰਚਾਰ ਕਮੇਟੀ, ਭਾਈ ਫੂਲਾ ਸਿੰਘ ਹੈਡ ਗ੍ਰੰਥੀ, ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ ਮੈਂਬਰ ਪਾਰਲੀਮੈਂਟ, ਸ. ਹਰਿੰਦਰਪਾਲ ਸਿੰਘ ਚੰਦੂਮਾਜਰਾ ਵਿਧਾਇਕ, ਗਿਆਨੀ ਚਰਨਜੀਤ ਸਿੰਘ ਕਥਾਵਾਚਕ, ਗਿਆਨੀ ਪ੍ਰਨਾਮ ਸਿੰਘ ਹੈਡ ਗ੍ਰੰਥੀ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਪਟਿਆਲਾ, ਸ. ਹਰਚਰਨ ਸਿੰਘ ਮੁੱਖ ਸਕੱਤਰ, ਸ. ਹਰਭਜਨ ਸਿੰਘ ਮਨਾਵਾਂ, ਸ. ਸੁਖਦੇਵ ਸਿੰਘ ਭੂਰਾ ਕੋਹਨਾ, ਡਾ. ਪਰਮਜੀਤ ਸਿੰਘ ਸਰੋਆ ਤੇ ਸ. ਪ੍ਰਤਾਪ ਸਿੰਘ ਐਡੀ: ਸਕੱਤਰ, ਸ. ਕੁਲਵਿੰਦਰ ਸਿੰਘ ਰਮਦਾਸ ਤੇ ਸ. ਸਕੱਤਰ ਸਿੰਘ ਮੀਤ ਸਕੱਤਰ, ਸ. ਰੇਸ਼ਮ ਸਿੰਘ ਮੈਨੇਜਰ ਤਖਤ ਸ੍ਰੀ ਕੇਸਗੜ੍ਹ ਸਾਹਿਬ ਆਦਿ ਹਾਜ਼ਰ ਸਨ। *੧੨ ਮਾਰਚ*

# ਹੋਲਾ ਮਹੱਲਾ ਮੌਕੇ ਗੁਰਦੁਆਰਾ ਗੁਰੂ ਕਾ ਬਾਗ ਛਾਉਣੀ ਨਿਹੰਗ ਸਿੰਘਾਂ ਵਿਖੇ ਕਰਵਾਏ ਗੱਤਕਾ ਮੁਕਾਬਲੇ

## ਸਿੱਖ ਸ਼ਸਤਰ ਕਲਾ ਨੂੰ ਸੰਭਾਲਣ ਲਈ ਬਾਬਾ ਬਲਬੀਰ ਸਿੰਘ ਦਾ ਉਪਰਾਲਾ ਸ਼ਲਾਘਾਯੋਗ -ਪ੍ਰੋ: ਕਿਰਪਾਲ ਸਿੰਘ ਬਡੂੰਗਰ

ਸ੍ਰੀ ਅਨੰਦਪੁਰ ਸਾਹਿਬ– ਹੋਲਾ ਮਹੱਲਾ ਮੌਕੇ ਬਾਬਾ ਬਲਬੀਰ ਸਿੰਘ ੯੬ਵੇਂ ਕਰੋੜੀ ਦੀ ਅਗਵਾਈ ਵਿਚ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਗੁਰਦੁਆਰਾ ਗੁਰੂ ਕਾ ਬਾਗ ਛਾਉਣੀ ਨਿਹੰਗ ਸਿੰਘਾਂ ਵਿਖੇ ਗੱਤਕਾ ਮੁਕਾਬਲੇ ਕਰਵਾਏ ਗਏ, ਜਿਸ ਵਿਚ ੨੪ ਟੀਮਾਂ ਨੇ ਸਿੱਖ ਸ਼ਸਤਰ ਕਲਾ ਦਾ ਬਾਖੂਬੀ ਪ੍ਰਗਟਾਵਾ ਕੀਤਾ। ਬੀਤੇ ਕੱਲ੍ਹ ਤੋਂ ਆਰੰਭ ਹੋਏ ਇਨ੍ਹਾਂ ਮੁਕਾਬਲਿਆਂ ਦੇ ਅੱਜ ਦੂਸਰੇ ਦਿਨ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਮੱਲ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਤੇ ਜਨਰਲ ਸਕੱਤਰ ਸ. ਅਮਰਜੀਤ ਸਿੰਘ ਚਾਵਲਾ ਉਚੇਚੇ ਤੌਰ 'ਤੇ ਪਹੁੰਚੇ। ਇਸ ਮੌਕੇ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਅਜੋਕੀ ਸਿੱਖ ਨੌਜੁਆਨੀ ਨੂੰ ਸਿੱਖ ਮਾਰਸ਼ਲ ਆਰਟ ਗੱਤਕਾ ਦੀ ਸਿਖਲਾਈ ਲੈਣ ਲਈ ਅਪੀਲ ਕੀਤੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਇਸ ਸਮੇਂ ਆਪਣੇ ਸੰਬੋਧਨ ਵਿਚ ਕਿਹਾ ਕਿ ਸਿੱਖ ਵਿਰਾਸਤ ਦੀ ਸ਼ਾਨਾਮੱਤੀ ਸ਼ਸਤਰ ਕਲਾ ਨੂੰ ਸੰਭਾਲਣ ਲਈ ਬਾਬਾ ਬਲਬੀਰ ਸਿੰਘ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਨਿਰੰਤਰ ਯਤਨਸ਼ੀਲ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਵੱਲੋਂ ਹਰ ਸਾਲ ਹੋਲਾ ਮਹੱਲਾ ਮੌਕੇ ਗੱਤਕਾ ਮੁਕਾਬਲੇ ਕਰਵਾ ਕੇ ਸੰਗਤ ਨੂੰ ਖਾਲਸਾਈ ਸ਼ਾਨ ਦੇ ਰੂਬਰੂ ਕੀਤਾ ਜਾਂਦਾ ਹੈ, ਜਿਸ ਨਾਲ ਨੌਜੁਆਨੀ ਅੰਦਰ ਯੁੱਧ ਕਲਾ ਦੇ ਪ੍ਰਤੀਕ ਗੱਤਕਾ ਪ੍ਰਤੀ ਖਿੱਚ ਪੈਦਾ ਹੁੰਦੀ ਹੈ। ਨਿਰਸੰਦੇਹ ਅਜਿਹੇ ਉਪਰਾਲੇ ਵਰਤਮਾਨ ਸਿੱਖ ਨੌਜੁਆਨੀ ਨੂੰ ਆਪਣੀਆਂ ਵਿਰਾਸਤੀ ਜੜ੍ਹਾਂ ਨਾਲ ਜੋੜਨ ਲਈ ਵਡਮੁੱਲੀ ਭੂਮਿਕਾ ਅਦਾ ਕਰਦੇ ਹਨ। ਉਨ੍ਹਾਂ ਗੱਤਕੇ ਦੀ ਪ੍ਰਫੁੱਲਤਾ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਤਰ੍ਹਾਂ ਦਾ ਸਹਿਯੋਗ ਕਰਨ ਦੀ ਗੱਲ ਵੀ ਕਹੀ। ਸ਼੍ਰੋਮਣੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਵੱਲੋਂ ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ, ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ, ਸਿੰਘ ਸਾਹਿਬ ਗਿਆਨੀ ਮੱਲ ਸਿੰਘ ਤੇ ਹੋਰ ਪ੍ਰਮੁੱਖ ਸ਼ਖਸੀਅਤਾਂ ਦਾ ਧੰਨਵਾਦ

ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਬਾਬਾ ਬਲਬੀਰ ਸਿੰਘ, ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ, ਸਿੰਘ ਸਾਹਿਬ ਗਿਆਨੀ ਮੱਲ ਸਿੰਘ, ਸ. ਅਮਰਜੀਤ ਸਿੰਘ ਚਾਵਲਾ ਤੇ ਹੋਰਾਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੂੰ ਉਨ੍ਹਾਂ ਦੇ ਪੰਥਕ ਤੇ ਸਾਹਿਤਕ ਯੋਗਦਾਨ ਲਈ ਅਕਾਲੀ ਬਾਬਾ ਫੂਲਾ ਸਿੰਘ ਐਵਾਰਡ ਨਾਲ ਸਨਮਾਨਿਤ ਕੀਤਾ।

ਇਸ ਮੌਕੇ ਬਾਬਾ ਅਵਤਾਰ ਸਿੰਘ ਸੁਰਸਿੰਘ ਸੰਪ੍ਰਦਾਇ ਬਿਧੀ ਚੰਦ, ਸ. ਹਰਭਜਨ ਸਿੰਘ ਮਨਾਵਾਂ, ਸ. ਸੁਖਦੇਵ ਸਿੰਘ ਭੂਰਾ ਕੋਹਨਾ ਤੇ ਡਾ. ਪਰਮਜੀਤ ਸਿੰਘ ਸਰੋਆ ਐਡੀ: ਸਕੱਤਰ, ਸ. ਕੁਲਵਿੰਦਰ ਸਿੰਘ ਰਮਦਾਸ ਮੀਤ ਸਕੱਤਰ ਮੀਡੀਆ, ਸ. ਹਰਭਜਨ ਸਿੰਘ ਪਬਲੀਸਿਟੀ ਅਸਿਸਟੈਂਟ, ਬਾਬਾ ਗੱਜਣ ਸਿੰਘ, ਬਾਬਾ ਨਾਗਰ ਸਿੰਘ, ਬਾਬਾ ਨਾਰੰਗ ਸਿੰਘ, ਬਾਬਾ ਮਾਨ ਸਿੰਘ, ਬਾਬਾ ਵੱਸਣ ਸਿੰਘ, ਬਾਬਾ ਤਰਸੇਮ ਸਿੰਘ, ਬਾਬਾ ਰਘਬੀਰ ਸਿੰਘ, ਬਾਬਾ ਸ਼ਿੰਦਾ ਸਿੰਘ, ਬਾਬਾ ਤਾਰਾ ਸਿੰਘ, ਬਾਬਾ ਜੋਗਾ ਸਿੰਘ ਕਰਨਾਲ, ਬਾਬਾ ਅਜੀਤ ਸਿੰਘ, ਬਾਬਾ ਅਵਤਾਰ ਸਿੰਘ, ਬਾਬਾ ਮਨਮੋਹਣ ਸਿੰਘ ਬਾਰਨ, ਬਾਬਾ ਮੇਜਰ ਸਿੰਘ ਸੋਢੀ, ਬਾਬਾ ਬਲਦੇਵ ਸਿੰਘ, ਬਾਬਾ ਲਾਲ ਸਿੰਘ, ਬਾਬਾ ਬਚਨ ਸਿੰਘ ਦਿੱਲੀ ਵਾਲੇ, ਬਾਬਾ ਕੁਲਵਿੰਦਰ ਸਿੰਘ, ਬਾਬਾ ਗੁਲਜ਼ਾਰ ਸਿੰਘ, ਸ. ਭਗਵਾਨ ਸਿੰਘ ਜੌਹਲ, ਗਿਆਨੀ ਤਰਸੇਮ ਸਿੰਘ ਮੋਰਾਂਵਾਲੀ, ਸ. ਹਰਮੀਤ ਸਿੰਘ ਇੰਚਾਰਜ ਗੱਤਕਾ, ਸ. ਸੁਪ੍ਰੀਤ ਸਿੰਘ ਗੱਤਕਾ ਕੋਚ, ਸ. ਗੁਰਤੇਜ ਸਿੰਘ ਖਾਲਸਾ ਪ੍ਰਧਾਨ ਸ਼੍ਰੋਮਣੀ ਗੱਤਕਾ ਫੈਡਰੇਸ਼ਨ, ਸ. ਗੁਰਪ੍ਰੀਤ ਸਿੰਘ ਖਾਲਸਾ, ਸ. ਸਤਪਾਲ ਸਿੰਘ ਬਾਗੀ, ਸ. ਜਗਦੀਸ਼ ਸਿੰਘ ਬਰਾੜ, ਸ. ਚਤਰ ਸਿੰਘ ਯੂ.ਐਸ.ਏ. ਆਦਿ ਹਾਜ਼ਰ ਸਨ। *੧੨ ਮਾਰਚ*

## ਸ਼੍ਰੋਮਣੀ ਕਮੇਟੀ ਕਰੇਗੀ ਅੰਤਰਰਾਸ਼ਟਰੀ ਪੱਧਰ 'ਤੇ ਨਾਮਣਾ ਖੱਟਣ ਵਾਲੇ ਗੁਰਸਿੱਖ ਖਿਡਾਰੀਆਂ ਦਾ ਸਨਮਾਨ

ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਖੇਡਾਂ 'ਚ ਅੰਤਰਰਾਸ਼ਟਰੀ ਪੱਧਰ 'ਤੇ ਨਾਮਣਾ ਖੱਟਣ ਵਾਲੇ ਗੁਰਸਿੱਖ ਖਿਡਾਰੀਆਂ ਨੂੰ ਸਨਮਾਨਿਤ ਕਰਨ ਦੇ ਫੈਸਲੇ ਨੂੰ ਅਮਲ ਵਿਚ ਲਿਆਉਣ ਲਈ ਕਾਰਵਾਈ ਆਰੰਭ ਦਿੱਤੀ ਹੈ। ਇਸ ਸਬੰਧ ਵਿਚ ਨਾਵਾਂ ਦੀ ਚੋਣ ਕਰਨ ਲਈ ਗਠਿਤ ਕੀਤੀ ਗਈ ਸਬ-ਕਮੇਟੀ ਦੀ ਪਹਿਲੀ ਮੀਟਿੰਗ ਅੱਜ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਫਤਿਹਗੜ੍ਹ ਸਾਹਿਬ ਸਥਿਤ ਮਾਤਾ ਗੁਜਰੀ ਕਾਲਜ ਵਿਖੇ ਹੋਈ। ਇਸ ਮੀਟਿੰਗ ਵਿਚ ਸ. ਜੈਪਾਲ ਸਿੰਘ ਅਰਜੁਨ ਐਵਾਰਡੀ (ਬੌਕਸਿੰਗ) ਐੱਸ.ਐੱਸ.ਪੀ., ਪੀ.ਐੱਸ.ਪੀ.ਸੀ.ਐੱਲ. ਪਟਿਆਲਾ, ਡਾ. ਗੁਰਦੀਪ ਕੋਰ ਰੰਧਾਵਾ ਅੰਤਰਰਾਸ਼ਟਰੀ ਖਿਡਾਰਨ ਹੈਂਡਬਾਲ ਤੇ ਡਾਇਰੈਕਟਰ ਸਪੋਰਟਸ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਡਾ. ਪਰਮਿੰਦਰ ਕੌਰ ਰੰਧਾਵਾ ਨੈਸ਼ਨਲ ਖਿਡਾਰਨ (ਬਾਸਕਟਬਾਲ) ਐਸੋਸੀਏਟ ਪ੍ਰੋਫੈਸਰ ਮਾਤਾ ਗੁਜਰੀ ਕਾਲਜ ਅਤੇ ਅਸਿਸਟੈਂਟ ਡਾਇਰੈਕਟਰ ਸਪੋਰਟਸ ਐਂਡ ਕਲਚਰ ਸ਼੍ਰੋਮਣੀ ਕਮੇਟੀ ਸ਼ਾਮਲ ਹੋਏ। ਮੀਟਿੰਗ ਵਿਚ ਸਬ ਕਮੇਟੀ ਦੇ ਮੈਂਬਰਾਂ ਵੱਲੋਂ ਸਨਮਾਨਿਤ ਕੀਤੇ ਜਾਣ ਵਾਲੇ ਖਿਡਾਰੀਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਸਬ ਕਮੇਟੀ ਦੇ ਮੈਂਬਰਾਂ ਅਨੁਸਾਰ ਓਲਪਿਕਸ ਅਤੇ ਏਸ਼ੀਆਈ ਖੇਡਾਂ ਵਿਚ ੨੦੧੪ ਤੋਂ ਲੈ ਕੇ ੨੦੧੭ ਤੱਕ ਅੰਤਰਰਾਸ਼ਟਰੀ ਪੱਧਰ ਤੇ ਨਾਮਣਾ ਖੱਟਣ ਵਾਲੇ ਗੁਰਸਿੱਖ ਖਿਡਾਰੀ ਖਾਸਕਰ ਜਿਹੜੇ ਹੁਣ ਤੱਕ ਸਿੱਖੀ ਸਰੂਪ ਵਿਚ ਹੋਣਗੇ ਦੇ ਨਾਂਵਾਂ ਦੀ ਚੋਣ ਕੀਤੀ ਜਾਵੇਗੀ।

ਇਸ ਸਬੰਧ ਵਿਚ ਦਫਤਰ ਸ਼੍ਰੋਮਣੀ ਕਮੇਟੀ ਤੋਂ ਜਾਰੀ ਇੱਕ ਪ੍ਰੈੱਸ ਬਿਆਨ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਕੌਮਾਂਤਰੀ ਪੱਧਰ ਤੇ ਵਿਸ਼ੇਸ਼ ਪ੍ਰਾਪਤੀਆਂ ਕਰਨ ਵਾਲੇ ਗੁਰਸਿੱਖ ਖਿਡਾਰੀਆਂ ਨੂੰ ਸਨਮਾਨਿਤ ਕਰਨ ਦੇ ਫੈਸਲੇ ਤਹਿਤ ਬਣਾਈ ਗਈ ਸਬ-ਕਮੇਟੀ ਵੱਲੋਂ ਕੀਤੀ ਗਈ ਰਿਪੋਰਟ ਅਨੁਸਾਰ ਖਿਡਾਰੀਆਂ ਨੂੰ ਸਨਮਾਨ ਲਈ ਚੁਣਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਕਾਰਜ ਨਾਲ ਜਿੱਥੇ ਖਿਡਾਰੀ ਸਿੱਖੀ ਸਰੂਪ ਨਾਲ ਜੁੜਨਗੇ, ਉਥੇ ਹੋਰ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਵੀ ਸਾਰਥਿਕ ਨਤੀਜੇ ਸਾਹਮਣੇ ਆਉਣਗੇ। *੧੫ ਮਾਰਚ*

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਰਿਆਣਾ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦ ਨੂੰ ਸਮਰਪਿਤ ਹਰ ਸਾਲ ਕਰਵਾਏਗੀ ਸਮਾਗਮ

ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਕੌਮ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਹਰਿਆਣਾ ਰਾਜ ਅੰਦਰ ਸਥਿਤ ਕਿਲ੍ਹਾ ਲੋਹਗੜ੍ਹ ਨੂੰ ਸਿੱਖ ਰਾਜ ਦੀ ਸਭ ਤੋਂ ਪਹਿਲੀ ਰਾਜਧਾਨੀ ਸਥਾਪਿਤ ਕਰਨ ਦੇ ਦਿਹਾੜੇ ਨੂੰ ਸਮਰਪਿਤ ਸਮਾਗਮ ਹਰ ਸਾਲ ਖਾਲਸਾਈ ਸ਼ਾਨ-ਓ-ਸ਼ੌਕਤ ਨਾਲ ਮਨਾਇਆ ਕਰੇਗੀ। ਇਹ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਕੀਤਾ। ਉਨ੍ਹਾਂ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਕੌਮ ਦਾ ਉਹ ਮਹਾਨਾਇਕ ਹੈ ਜਿਸਨੇ ਜ਼ਾਲਮ ਮੁਗ਼ਲ ਰਾਜ ਨੂੰ ਭਾਰੀ ਹਾਰ ਦੇ ਕੇ ਸਿੱਖ ਰਾਜ ਸਥਾਪਤ ਕਰਕੇ ਕਿਲ੍ਹਾ ਲੋਹਗੜ੍ਹ ਨੂੰ ਇਸਦੀ ਪਹਿਲੀ ਰਾਜਧਾਨੀ ਬਣਾਇਆ ਸੀ। ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਹਾਲ ਹੀ ਵਿਚ ਹਰਿਆਣਾ ਸੂਬੇ ਅੰਦਰ ਸਥਿਤ ਇਤਿਹਾਸਕ ਅਸਥਾਨਾਂ ਦਾ ਦੌਰਾ ਕਰਨ ਉਪਰੰਤ ਦੱਸਿਆ ਕਿ ਸਿੱਖ ਇਤਿਹਾਸ ਅੰਦਰ ਬਾਬਾ ਬੰਦਾ ਸਿੰਘ ਬਹਾਦਰ ਦਾ ਅਹਿਮ ਯੋਗਦਾਨ ਰਿਹਾ ਹੈ, ਜਿਸਦੇ ਇਤਿਹਾਸ ਨੂੰ ਸੰਗਤ ਅਤੇ ਖਾਸਕਰ ਨੌਜੁਆਨਾਂ ਤਕ ਪਹੁੰਚਾਉਣ ਦੀ ਵੱਡੀ ਲੋੜ ਹੈ। ਉਨ੍ਹਾਂ ਹੋਰ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਹਰਿਆਣਾ ਰਾਜ ਵਿਚ ਚੱਲ ਰਹੇ ਵਿਦਿਅਕ ਅਦਾਰਿਆਂ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਸਿੱਖ ਵਿਰਾਸਤ ਅਤੇ ਸਿੱਖ ਸੱਭਿਆਚਾਰ ਨਾਲ ਜੋੜਨ ਲਈ ਨਿਰੰਤਰ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਸੂਬੇ ਅੰਦਰ ਚੱਲ ਰਹੇ ਸਕੂਲ/ਕਾਲਜ ਉਥੋਂ ਦੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਮਹੱਤਵਪੂਰਨ ਭੂਮਿਕਾ ਨਿਭਾਅ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੫੦ ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮੁੱਚੇ ਕਾਲਜਾਂ ਅੰਦਰ ਵਿਸ਼ੇਸ਼ ਸੈਮੀਨਾਰ ਆਯੋਜਿਤ ਕੀਤੇ ਜਾ ਰਹੇ ਹਨ ਅਤੇ ਇਸੇ ਲੜੀ ਤਹਿਤ ਹੀ ਹਰਿਆਣਾ ਰਾਜ ਅੰਦਰ ਸਥਿਤ ਕਾਲਜਾਂ ਵਿਚ ਵੀ ਵਿਸ਼ੇਸ਼ ਪ੍ਰੋਗਰਾਮ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ੨੧ ਮਾਰਚ ਨੂੰ ਖਾਲਸਾ ਕਾਲਜ ਗੜ੍ਹਦੀਵਾਲਾ ਵਿਖੇ ਕਰਵਾਏ ਜਾ ਰਹੇ ਖਾਲਸਾਈ ਸੱਭਿਆਚਾਰਕ ਉਤਸਵ ਵਿਚ ਵੀ ਹਰਿਆਣਾ ਦੇ ਵਿਦਿਅਕ ਅਦਾਰਿਆਂ ਵਿਚੋਂ ਵਿਦਿਆਰਥੀ ਭਾਗ ਲੈਣ ਲਈ ਪੁੱਜਣਗੇ, ਜਿਨ੍ਹਾਂ ਦੀ ਤਿਆਰੀ ਲਈ ਕਾਲਜਾਂ ਦੇ ਅਧਿਆਪਕ ਵਿਸ਼ੇਸ਼ ਰੁਚੀ ਲੈ ਰਹੇ ਹਨ।

*੧੯ ਮਾਰਚ*

# ਅਮਰੀਕਾ 'ਚ ਅਪ੍ਰੈਲ ਮਹੀਨੇ ਨੂੰ 'ਸਿੱਖ ਪਛਾਣ ਜਾਗਰੂਕਤਾ ਤੇ ਪ੍ਰਸ਼ੰਸਾ' ਵਜੋਂ ਮਨਾਉਣ ਦੇ ਫੈਸਲੇ ਦੀ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਕੀਤੀ ਸ਼ਲਾਘਾ

ਅੰਮ੍ਰਿਤਸਰ- ਅਮਰੀਕਾ ਦੇ ਸੂਬੇ ਡੇਲਵੇਅਰ ਦੀ ਵਿਧਾਨ ਸਭਾ ਵੱਲੋਂ ਅਪ੍ਰੈਲ ਮਹੀਨੇ ਨੂੰ 'ਸਿੱਖ ਪਛਾਣ ਜਾਗਰੂਕਤਾ ਤੇ ਪ੍ਰਸ਼ੰਸਾ' ਵਜੋਂ ਮਨਾਉਣ ਦਾ ਫੈਸਲਾ ਸਿੱਖਾਂ ਲਈ ਬਹੁਤ ਮਹੱਤਤਾ ਰੱਖਣ ਵਾਲਾ ਹੈ, ਜਿਸ ਨਾਲ ਵਿਦੇਸ਼ਾਂ ਅੰਦਰ ਸਿੱਖ ਪਛਾਣ ਨੂੰ ਹੋਰ ਬਲ ਮਿਲਣ ਦੇ ਨਾਲ-ਨਾਲ ਸਿੱਖਾਂ ਵਿਰੁੱਧ ਹੁੰਦੇ ਨਸਲੀ ਹਮਲੇ ਵੀ ਯਕੀਨਨ ਘੱਟਣਗੇ। ਇਹ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਇਥੇ ਜਾਰੀ ਬਿਆਨ ਵਿਚ ਕੀਤਾ ਹੈ। ਉਨ੍ਹਾਂ ਆਖਿਆ ਕਿ ਅਮਰੀਕਾ ਦੀ ਡੇਲਵੇਅਰ ਵਿਧਾਨ ਸਭਾ ਵੱਲੋਂ ਸਰਬਸੰਮਤੀ ਨਾਲ ਪਾਸ ਕੀਤੇ ਗਏ ਇਸ ਮਤੇ ਵਿਚ ਡੇਲਵੇਅਰ ਸਰਕਾਰ ਵੱਲੋਂ ਸਿੱਖਾਂ ਨਾਲ ਖੜ੍ਹੇ ਹੋਣ ਦੀ ਗੱਲ ਕਹਿਣਾ ਸਿੱਖ ਕੌਮ ਲਈ ਵੱਡੇ ਮਾਣ ਵਾਲੀ ਗੱਲ ਹੈ। ਪ੍ਰੋ: ਬਡੂੰਗਰ ਨੇ ਕਿਹਾ ਕਿ ਸਿੱਖ ਕੌਮ ਮਿਹਨਤੀ ਕੌਮ ਵਜੋਂ ਮਾਨਤਾ ਰੱਖਦੀ ਹੈ ਅਤੇ ਦੇਸ਼-ਵਿਦੇਸ਼ ਅੰਦਰ ਵਿਸ਼ੇਸ਼ ਪ੍ਰਾਪਤੀਆਂ ਦੁਆਰਾ ਇਸ ਨੇ ਥੋੜੇ ਸਮੇਂ ਵਿਚ ਹੀ ਆਪਣੀ ਨਿਵੇਕਲੀ ਹੋਂਦ ਦਰਜ ਕਰਵਾਈ ਹੈ। ਉਨ੍ਹਾਂ ਕਿਹਾ ਕਿ ਅੱਜ ਕਈ ਵਿਕਸਤ ਦੇਸ਼ਾਂ ਅੰਦਰ ਸਿੱਖ ਸ਼ਖਸੀਅਤਾਂ ਸਨਮਾਨਿਤ ਅਹੁਦਿਆਂ 'ਤੇ ਵੀ ਕਾਰਜਸ਼ੀਲ ਹਨ।

ਵੱਖ-ਵੱਖ ਦੇਸ਼ਾਂ ਦੀ ਤਰੱਕੀ ਵਿਚ ਸਿੱਖਾਂ ਦੇ ਵੱਡੇ ਯੋਗਦਾਨ ਦੀ ਸਰਾਹਨਾ ਕਰਦਿਆਂ ਪ੍ਰੋ: ਬਡੂੰਗਰ ਨੇ ਆਖਿਆ ਕਿ ਸਿੱਖ ਜਿੱਥੇ ਵੀ ਜਾਂਦੇ ਹਨ ਆਪਣੇ ਸੱਭਿਆਚਾਰ ਅਤੇ ਸੰਸਕਾਰਾਂ ਦੀ ਅਮੀਰੀ ਕਾਰਨ ਮਨੁੱਖੀ ਹਮਦਰਦੀ, ਸੇਵਾ ਅਤੇ ਮਿਲਵਰਤਨ ਦੀ ਭਾਵਨਾ ਨਾਲ ਵਿਚਰਦੇ ਹਨ। ਅਜਿਹੇ ਵਿਚ ਅਮਰੀਕਾ ਦੇ ਡੈਲਵੇਅਰ ਰਾਜ ਸੰਘ ਨੇ ਸਵਾਗਤਯੋਗ ਫੈਸਲਾ ਕਰਕੇ ਸਿੱਖਾਂ ਦਾ ਦਿਲ ਜਿੱਤਿਆ ਹੈ। ਉਨ੍ਹਾਂ ਇਕ ਵਾਰ ਫਿਰ ਇਸ ਫੈਸਲੇ ਦੀ ਪ੍ਰਸ਼ੰਸਾ ਕਰਦਿਆਂ ਭਵਿੱਖ ਵਿਚ ਵੀ ਅਜਿਹੀਆਂ ਹੀ ਮਨੁੱਖੀ ਏਕਤਾ ਅਤੇ ਸਦਭਾਵਨਾ ਵਾਲੀਆਂ ਪੈੜਾਂ ਸਿਰਜਣ ਦੀ ਆਸ ਪ੍ਰਗਟ ਕੀਤੀ। *੧੮ ਮਾਰਚ*

# ਸਿੱਖ ਇਤਿਹਾਸ ਦੀ ਅਮੀਰੀ ਸਬੰਧੀ ਨੌਜੁਆਨਾਂ ਨਾਲ ਵਿਚਾਰਾਂ ਦਾ ਅਦਾਨ-ਪ੍ਰਦਾਨ ਅੱਜ ਦੀ ਵੱਡੀ ਲੋੜ- ਪ੍ਰੋ: ਕਿਰਪਾਲ ਸਿੰਘ ਬਡੂੰਗਰ

ਗੜ੍ਹਦੀਵਾਲਾ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲਦੀਆਂ ਉਚੇਰੀ ਵਿਦਿਅਕ ਸੰਸਥਾਵਾਂ ਦਾ ਤੀਸਰਾ ਖਾਲਸਾਈ ਸੱਭਿਆਚਾਰਕ ਉਤਸਵ ਅੱਜ ਖਾਲਸਾ ਕਾਲਜ ਗੜ੍ਹਦੀਵਾਲਾ ਵਿਖੇ ਆਰੰਭ ਹੋਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੫੦ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਸ ਦੋ ਰੋਜ਼ਾ ਉਤਸਵ ਦਾ ਉਦਘਾਟਨ ਮੁੱਖ ਮਹਿਮਾਨ ਵਜੋਂ ਪਹੁੰਚੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਕੀਤਾ, ਜਦਕਿ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਭਾਈ ਗੁਰਚਰਨ ਸਿੰਘ ਗਰੇਵਾਲ ਅੰਤ੍ਰਿੰਗ ਮੈਂਬਰ ਸ਼੍ਰੋਮਣੀ ਕਮੇਟੀ, ਡਾ. ਗੁਰਮੋਹਨ ਸਿੰਘ ਵਾਲੀਆ ਵਾਈਸ ਚਾਂਸਲਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ, ਮੈਂਬਰ ਸ਼੍ਰੋਮਣੀ ਕਮੇਟੀ ਸ. ਸੁਰਿੰਦਰ ਸਿੰਘ ਭੁਲੇਵਾਲ ਰਾਠਾਂ, ਸ. ਹਰਜਿੰਦਰ ਸਿੰਘ ਧਾਮੀ, ਸ. ਚਰਨਜੀਤ ਸਿੰਘ ਜੱਸੋਵਾਲ, ਬੀਬੀ ਰਣਜੀਤ ਕੌਰ ਮਾਹਲਪੁਰ ਤੇ ਸ. ਤਾਰਾ ਸਿੰਘ ਸੱਲ੍ਹਾਂ ਨੇ ਸ਼ਿਰਕਤ ਕੀਤੀ।

ਇਸ ਮੌਕੇ ਬੋਲਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਸਾਡੇ ਜੀਵਨ ਲਈ ਦਸਵੇਂ ਪਾਤਸ਼ਾਹ ਜੀ ਦਾ ਜੀਵਨ ਰਾਹ-ਦਸੇਰਾ ਹੈ। ਉਨ੍ਹਾਂ ਦੇ ਆਦਰਸ਼ਕ ਜੀਵਨ ਤੋਂ ਸਿੱਖ ਬੱਚਿਆਂ ਨੂੰ ਜਾਣੂੰ ਕਰਵਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਿਰੰਤਰ ਯਤਨਸ਼ੀਲ ਹੈ। ਇਸੇ ਤਹਿਤ ਹੀ ਇਸ ਖਾਲਸਾਈ ਸਭਿਆਚਾਰਕ ਉਤਸਵ ਦਾ ਆਯੋਜਨ ਕੀਤਾ ਗਿਆ ਹੈ। ਪ੍ਰੋ: ਬਡੂੰਗਰ ਨੇ ਕਿਹਾ ਕਿ ਇਸ ਸਮਾਗਮ ਵਿਚ ਗੁਰਮਤਿ ਸੱਭਿਆਚਾਰ ਨੂੰ ਵਿਦਿਆਰਥੀਆਂ ਅੰਦਰ ਦ੍ਰਿੜ੍ਹ ਕਰਵਾਉਣ ਲਈ ਬੱਚਿਆਂ ਵੱਲੋਂ ਕੀਤੀਆਂ ਗਈਆਂ ਵੱਖ-ਵੱਖ ਪੇਸ਼ਕਾਰੀਆਂ ਨੇ ਸਿੱਖ ਸੱਭਿਆਚਾਰ ਦੀ ਤਸਵੀਰ ਪੇਸ਼ ਕੀਤੀ ਹੈ। ਖਾਸਕਰ ਸਿੱਖ ਸੱਭਿਆਚਾਰ ਦੀਆਂ ਅਲੋਪ ਹੋ ਰਹੀਆਂ ਵੰਨਗੀਆਂ ਦੀ ਵਿਦਿਆਰਥੀਆਂ ਵੱਲੋਂ ਕੀਤੀ ਗਈ ਸਫਲ ਪੇਸ਼ਕਾਰੀ ਨੂੰ ਸਲਾਹੁੰਦਿਆਂ ਉਨ੍ਹਾਂ ਕਿਹਾ ਕਿ ਜੇਕਰ ਬੱਚਿਆਂ ਨੂੰ ਆਪਣੇ ਵਿਰਸੇ ਤੇ ਸਿੱਖ ਰਹਿਣੀ ਨਾਲ ਜੋੜਨ ਦੇ ਸੁਹਿਰਦ ਉਪਰਾਲੇ ਕੀਤੇ ਜਾਣ ਤਾਂ ਨਿਰਸੰਦੇਹ ਹੀ ਸਿੱਟੇ ਸਾਰਥਕ ਨਿਕਲਦੇ ਹਨ। ਉਨ੍ਹਾਂ ਕਿਹਾ ਕਿ ਆਪਣੇ ਬੱਚਿਆਂ ਨੂੰ ਗੁਰਸਿੱਖੀ ਜੀਵਨ-ਜਾਚ ਨਾਲ ਜੋੜਨਾ ਬੇਹੱਦ ਜ਼ਰੂਰੀ ਹੈ ਤਾਂ ਜੋ ਉਨ੍ਹਾਂ ਦਾ ਜੀਵਨ ਗੁਣਾਂ ਦਾ ਧਾਰਨੀ ਬਣਿਆ ਰਹੇ ਅਤੇ ਉਹ ਵਿਵਹਾਰਕ ਜੀਵਨ ਦੇ ਨਾਲ-ਨਾਲ ਨੈਤਿਕ ਤੇ ਅਧਿਆਤਮਕ ਪੱਖ ਤੋਂ ਵੀ ਮਜ਼ਬੂਤ ਹੋ ਸਕਣ। ਉਨ੍ਹਾਂ ਸਿੱਖ ਇਤਿਹਾਸ ਦੀ ਅਮੀਰੀ ਸਬੰਧੀ ਨੌਜੁਆਨਾਂ ਨਾਲ ਵਿਚਾਰਾਂ ਦੇ ਅਦਾਨ-ਪ੍ਰਦਾਨ ਦੀ ਜ਼ਰੂਰਤ ਨੂੰ ਅੱਜ ਦੀ ਵੱਡੀ ਲੋੜ ਦੱਸਦਿਆਂ ਕਿਹਾ ਕਿ ਅਕਾਦਮਿਕ ਵਿਦਿਆ ਦੇ ਨਾਲ-ਨਾਲ ਧਾਰਮਿਕ ਤੇ ਨੈਤਿਕ ਸਿੱਖਿਆ ਹੀ ਸੰਪੂਰਨ ਸ਼ਖਸੀਅਤ ਉਸਾਰੀ ਦਾ ਅਸਲ ਸੂਤਰ ਹੈ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਆਖਿਆ ਕਿ ਦਸਮ ਪਾਤਸ਼ਾਹ ਜੀ ਦੇ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਪ੍ਰੇਰਨਾ ਦਾ ਸੋਮਾ ਹਨ ਜਿਨਾਂ ਤੋਂ ਬੱਚਿਆਂ ਤੇ ਨੌਜੁਆਨਾਂ ਨੂੰ ਜਾਣੂ ਕਰਵਾਉਣ ਲਈ ਸਿੱਖ ਸੰਸਥਾਵਾਂ, ਵਿਦਿਅਕ ਅਦਾਰਿਆਂ ਤੇ ਮਾਪਿਆਂ ਨੂੰ ਸੰਯੁਕਤ ਉਪਰਾਲੇ ਕਰਨੇ ਬੇਹੱਦ ਲਾਜ਼ਮੀ ਹਨ।

ਇਸ ਤੋਂ ਪਹਿਲਾਂ ਖਾਲਸਾ ਕਾਲਜ ਗੜ੍ਹਦੀਵਾਲਾ ਦੇ ਪ੍ਰਿੰਸੀਪਲ ਡਾ. ਸਤਵਿੰਦਰ ਸਿੰਘ ਢਿੱਲੋਂ ਨੇ ਆਈਆਂ ਹੋਈਆਂ ਪ੍ਰਮੁੱਖ ਸ਼ਖਸੀਅਤਾਂ ਤੇ ਹਾਜ਼ਰੀਨ ਨੂੰ ਜੀ ਆਇਆਂ ਆਖਿਆ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ

ਡਾਇਰੈਕਟਰ ਵਿਦਿਆ ਡਾ. ਧਰਮਿੰਦਰ ਸਿੰਘ ਉੱਭਾ ਨੇ ਸਮਾਗਮ ਦੇ ਮਨੋਰਥ ਬਾਰੇ ਚਾਨਣਾ ਪਾਇਆ।

ਖ਼ਾਲਸਾਈ ਸੱਭਿਆਚਾਰਕ ਉਤਸਵ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ੩੬ ਕਾਲਜਾਂ ਦੇ ਤਕਰੀਬਨ ੧੨੦੦ ਵਿਦਿਆਰਥੀਆਂ ਨੇ ਵੱਖ-ਵੱਖ ਖਾਲਸਾਈ ਵੰਨਗੀਆਂ ਵਿਚ ਭਾਗ ਲਿਆ। ਵੱਖ-ਵੱਖ ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਜਿਥੇ ਧਾਰਮਿਕ ਨਾਟਕਾਂ ਦਾ ਮੰਚਨ ਕੀਤਾ ਗਿਆ ਉਥੇ ਸ਼ਬਦ ਗਾਇਨ, ਤੰਤੀ ਸਾਜ਼ ਵਾਦਨ, ਤਬਲਾ ਵਾਦਕ, ਧਾਰਮਿਕ ਕਵਿਤਾ, ਨਿਬੰਧ ਲੇਖਨ, ਸਲੋਗਨ ਲੇਖਨ, ਚਿੱਤਰਕਾਰੀ, ਕਲਾਜ਼ ਮੇਕਿੰਗ, ਕਲੇਅ ਮਾਡਲਿੰਗ, ਪੋਸਟਰ ਮੇਕਿੰਗ ਤੇ ਧਾਰਮਿਕ ਕੁਇਜ਼ ਮੁਕਾਬਲੇ ਕਰਵਾਏ ਗਏ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਐਡੀ: ਸਕੱਤਰ ਡਾ. ਪਰਮਜੀਤ ਸਿੰਘ ਸਰੋਆ, ਮੀਤ ਸਕੱਤਰ ਮੀਡੀਆ ਸ. ਕੁਲਵਿੰਦਰ ਸਿੰਘ ਰਮਦਾਸ, ਡਾ. ਪਰਮਵੀਰ ਸਿੰਘ, ਸ. ਉਪਕਾਰ ਸਿੰਘ ਰੰਧਾਵਾ ਸਾਬਕਾ ਮੰਤਰੀ, ਡਾ. ਨਿਰਮਲ ਸਿੰਘ ਜੌੜਾ, ਡਾ. ਗੁਰਭਜਨ ਸਿੰਘ ਗਿੱਲ, ਜਥੇਦਾਰ ਰਜਿੰਦਰ ਸਿੰਘ ਨੰਗਲ, ਜਥੇਦਾਰ ਗੁਰਦੀਪ ਸਿੰਘ ਦਾਰਾਪੁਰ, ਸ੍ਰੀ ਤਿਲਕ ਰਾਜ, ਸ. ਫਕੀਰ ਸਿੰਘ ਸੋਹਤਾ, ਡਾ. ਗੁਰਚਰਨ ਸਿੰਘ ਲਾਂਬਾ, ਕਰਨਲ ਆਤਮਜੀਤ ਸਿੰਘ, ਡਾ. ਜਤਿੰਦਰ ਸਿੰਘ ਸਿੱਧੂ, ਡਾ. ਕਸ਼ਮੀਰ ਸਿੰਘ, ਡਾ. ਪ੍ਰੀਤਮਹਿੰਦਰਪਾਲ ਸਿੰਘ, ਡਾ. ਕੁਲਦੀਪ ਸਿੰਘ ਬੱਲ, ਬੀਬੀ ਨਵਜੋਤ ਕੌਰ, ਡਾ. ਜਤਿੰਦਰ ਕੌਰ, ਡਾ. ਸਾਹਿਬ ਸਿੰਘ, ਡਾ. ਗੁਰਵੀਰ ਸਿੰਘ ਡਾ. ਰਜਿੰਦਰ ਕੌਰ, ਡਾ. ਸਤਿੰਦਰ ਸਿੰਘ ਮਾਨ, ਵੱਡੀ ਗਿਣਤੀ 'ਚ ਸਕੂਲਾਂ/ਕਾਲਜਾਂ ਦਾ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ। *੨੧ ਮਾਰਚ*

# ਸ਼੍ਰੋਮਣੀ ਕਮੇਟੀ ਦੇ ਸੇਵਾ-ਮੁਕਤ ਮੁਲਾਜ਼ਮਾਂ ਦੇ ਤਜ਼ਰਬੇ ਤੋਂ ਨਵੇਂ ਮੁਲਾਜ਼ਮ ਸੇਧ ਲੈਣ- ਪ੍ਰੋ. ਬਡੂੰਗਰ

## ਸੇਵਾ-ਮੁਕਤ ਮੁਲਾਜ਼ਮਾਂ ਲਈ ਦਿੱਤੇ ਦਫ਼ਤਰ ਦਾ ਪ੍ਰੋ. ਬਡੂੰਗਰ ਨੇ ਕੀਤਾ ਉਦਘਾਟਨ

ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੇਵਾ-ਮੁਕਤ ਮੁਲਾਜ਼ਮਾਂ ਪਾਸ ਸੰਸਥਾ ਦੇ ਕੰਮਕਾਜ ਦਾ ਵਿਸ਼ਾਲ ਤਜ਼ਰਬਾ ਹੈ, ਜਿਸ ਤੋਂ ਨਵੇਂ ਮੁਲਾਜ਼ਮਾਂ ਨੂੰ ਸੇਧ ਪ੍ਰਾਪਤ ਕਰਨੀ ਚਾਹੀਦੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਸੇਵਾ-ਮੁਕਤ ਕਰਮਚਾਰੀ ਐਸੋਸੀਏਸ਼ਨ ਨੂੰ ਦਿੱਤੇ ਗਏ ਦਫਤਰ ਦਾ ਉਦਘਾਟਨ ਕਰਨ ਤੋਂ ਪਹਿਲਾਂ ਆਪਣੇ ਸੰਬੋਧਨ ਵਿੱਚ ਕੀਤਾ। ਉਨ੍ਹਾਂ ਕਿਹਾ ਕਿ ਸੇਵਾ-ਮੁਕਤ ਮੁਲਾਜ਼ਮਾਂ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੂਰੀ ਤਰ੍ਹਾਂ ਖੜੀ ਹੈ ਅਤੇ ਇਨ੍ਹਾਂ ਪਾਸੋਂ ਸਮੇਂ-ਸਮੇਂ ਤੇ ਸੁਚਾਰੂ ਪ੍ਰਬੰਧ ਸਬੰਧੀ ਸਲਾਹ ਲਈ ਜਾਵੇਗੀ। ਪ੍ਰੋ. ਬਡੂੰਗਰ ਨੇ ਕਿਹਾ ਕਿ ਸੇਵਾ-ਮੁਕਤ ਹੋਣਾ ਸਰਵਿਸ ਨਿਯਮਾਂ ਦਾ ਹਿੱਸਾ ਹੈ ਪਰ ਜਿਹੜੇ ਮੁਲਾਜ਼ਮਾਂ ਦੀ ਸੰਸਥਾਗਤ ਸੋਚ ਹੁੰਦੀ ਹੈ ਉਹ ਸੇਵਾ-ਮੁਕਤ ਹੋਣ ਤੋਂ ਬਾਅਦ ਵੀ ਸੰਸਥਾ ਦੇ ਹਿੱਤ ਵਿੱਚ ਹਮੇਸ਼ਾ ਸਾਰਥਿਕ ਸੁਝਾਅ ਦਿੰਦੇ ਰਹਿੰਦੇ ਹਨ।

ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪਣੇ ਸੇਵਾ-ਮੁਕਤ ਮੁਲਾਜ਼ਮਾਂ ਦੀ ਮੰਗ 'ਤੇ ਮੌਜੂਦਾ ਮੁਲਾਜ਼ਮਾਂ ਵਾਂਗ ਹੀ ਮੈਡੀਕਲ ਬੀਮਾ ਦੀ ਸਹੂਲਤ ਦੇਣ ਦਾ ਫੈਸਲਾ ਕੀਤਾ ਗਿਆ ਹੈ। ਪ੍ਰੋ. ਬਡੂੰਗਰ ਵੱਲੋਂ ਇਸ ਮੌਕੇ ਸੇਵਾ-ਮੁਕਤ ਕਰਮਚਾਰੀ ਐਸੋਸੀਏਸ਼ਨ ਨੂੰ ੧ ਲੱਖ ਰੁਪਏ ਦੀ ਸਹਾਇਤਾ ਦੇਣ ਦਾ ਐਲਾਨ ਵੀ ਕੀਤਾ ਗਿਆ ਤਾਂ ਜੋ ਉਹ ਪੰਥਕ ਕਾਰਜਾਂ ਲਈ ਸੇਵਾਵਾਂ ਨਿਰਵਿਘਨ ਨਿਭਾਅ ਸਕਣ। ਇਸ ਮੌਕੇ ਸੇਵਾ-ਮੁਕਤ ਮੁਲਾਜ਼ਮਾਂ ਵੱਲੋਂ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦਾ ਸਨਮਾਨ ਵੀ ਕੀਤਾ ਗਿਆ ਅਤੇ ਸੇਵਾ-ਮੁਕਤ ਕਰਮਚਾਰੀ ਐਸੋਸੀਏਸ਼ਨ ਵੱਲੋਂ ਪ੍ਰੋ. ਬਡੂੰਗਰ ਨੂੰ ਸੰਸਥਾ ਦੀ ਬੇਹਤਰੀ ਲਈ ਹਰ ਤਰ੍ਹਾਂ ਦੇ ਸਹਿਯੋਗ ਦੀ ਵਚਨਬੱਧਤਾ ਦਾ ਪ੍ਰਗਟਾਵਾ ਵੀ ਕੀਤਾ ਗਿਆ। ਇਸ ਉਪਰੰਤ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਸੇਵਾ-ਮੁਕਤ ਕਰਮਚਾਰੀ ਐਸੋਸੀਏਸ਼ਨ ਦੀ ਮੰਗ 'ਤੇ ਦਿੱਤੇ ਗਏ ਦਫਤਰ ਦਾ ਰਸਮੀ ਉਦਘਾਟਨ ਕੀਤਾ ਜੋ ਗੁਰੂ ਰਾਮਦਾਸ ਨਿਵਾਸ ਦੇ ਕਮਰਾ ਨੰਬਰ ੭੪ ਵਿੱਚ ਬਣਾਇਆ ਗਿਆ ਹੈ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਸ. ਸੁਰਜੀਤ ਸਿੰਘ ਭਿੱਟੇਵਡ, ਮੈਂਬਰ ਬੀਬੀ ਕਿਰਨਜੋਤ ਕੌਰ, ਸ. ਜਰਨੈਲ ਸਿੰਘ ਡੋਗਰਾਂਵਾਲਾ, ਮੈਂਬਰ ਧਰਮ ਪ੍ਰਚਾਰ ਕਮੇਟੀ ਸ. ਅਜਾਇਬ ਸਿੰਘ ਅਭਿਆਸੀ, ਮੁੱਖ ਸਕੱਤਰ ਸ. ਹਰਚਰਨ ਸਿੰਘ, ਸਕੱਤਰ ਡਾ. ਰੂਪ ਸਿੰਘ, ਵਧੀਕ ਸਕੱਤਰ ਸ. ਹਰਭਜਨ ਸਿੰਘ ਮਨਾਵਾਂ, ਸ. ਸੁਖਦੇਵ ਸਿੰਘ ਭੂਰਾ ਕੋਹਨਾ ਤੇ ਡਾ. ਪਰਮਜੀਤ ਸਿੰਘ ਸਰੋਆ, ਮੀਤ ਸਕੱਤਰ ਸ. ਕੁਲਵਿੰਦਰ ਸਿੰਘ 'ਰਮਦਾਸ', ਸ. ਸਿਮਰਜੀਤ ਸਿੰਘ, ਸ. ਜਗਜੀਤ ਸਿੰਘ, ਸਾਬਕਾ ਸਕੱਤਰ ਸ. ਸਤਬੀਰ ਸਿੰਘ, ਸ. ਰਘਬੀਰ ਸਿੰਘ, ਸ. ਹਰਬੇਅੰਤ ਸਿੰਘ ਤੇ ਸ. ਕੁਲਵੰਤ ਸਿੰਘ, ਸਾਬਕਾ ਵਧੀਕ ਸਕੱਤਰ ਸ. ਰਣਜੀਤ ਸਿੰਘ, ਸ. ਗੁਰਦਰਸ਼ਨ ਸਿੰਘ, ਸ. ਸੰਤੋਖ ਸਿੰਘ, ਸ. ਕੁਲਦੀਪ ਸਿੰਘ ਬਾਵਾ, ਸ. ਦਿਲਬਾਗ ਸਿੰਘ, ਸ. ਅੰਗਰੇਜ ਸਿੰਘ, ਸ. ਭੁਪਿੰਦਰਪਾਲ ਸਿੰਘ ਤੇ ਸ. ਗੁਰਚਰਨ ਸਿੰਘ ਘਰਿੰਡਾ, ਸਾਬਕਾ ਮੀਤ ਸਕੱਤਰ ਸ. ਓਂਕਾਰ ਸਿੰਘ, ਸ. ਬਲਬੀਰ ਸਿੰਘ, ਸ. ਤਰਵਿੰਦਰ ਸਿੰਘ, ਸ. ਗੁਰਬਚਨ ਸਿੰਘ ਮਾਹੀਆ, ਸ. ਅਜਾਇਬ ਸਿੰਘ, ਸ. ਅਮਰਜੀਤ ਸਿੰਘ, ਸ. ਗੁਰਚਰਨ ਸਿੰਘ, ਸ. ਗੁਰਬਚਨ ਸਿੰਘ ਸਾਬਕਾ ਸੂਚਨਾ ਅਧਿਕਾਰੀ, ਸਾਬਕਾ ਮੈਨੇਜਰ ਸ. ਰਮਿੰਦਰਬੀਰ ਸਿੰਘ, ਸ. ਅਜਾਇਬ ਸਿੰਘ ਤੇ ਸ. ਰਾਜ ਸਿੰਘ ਆਦਿ ਹਾਜ਼ਰ ਸਨ।

*੨੨ ਮਾਰਚ*

## ਬੱਚਿਆਂ ਲਈ ਸਕੂਲੀ ਵਿੱਦਿਆ ਦੇ ਨਾਲ-ਨਾਲ ਆਪਣੇ ਇਤਿਹਾਸ ਨਾਲ ਜੁੜਨਾ ਬੇਹੱਦ ਜ਼ਰੂਰੀ- ਪ੍ਰੋ. ਕਿਰਪਾਲ ਸਿੰਘ ਬਡੂੰਗਰ

ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਕਮੇਟੀ) ਵੱਲੋਂ ਨਵੰਬਰ-ਦਸੰਬਰ ੨੦੧੫ ਅਤੇ ਜਨਵਰੀ ੨੦੧੬ ਵਿੱਚ ਲਈ ਗਈ ਧਾਰਮਿਕ ਪ੍ਰੀਖਿਆ 'ਚ ਚੰਗੀਆਂ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਇਨਾਮ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਬੱਚਿਆਂ ਲਈ ਸਕੂਲੀ ਵਿੱਦਿਆ ਉਨ੍ਹਾਂ ਦੇ ਅਗਲੇਰੇ ਭਵਿੱਖ ਲਈ ਜਿੰਨੀ ਜ਼ਰੂਰੀ ਹੈ, ਉਨ੍ਹਾਂ ਹੀ ਬਹੁਪੱਖੀ ਸ਼ਖਸੀਅਤ ਦੇ ਵਿਕਾਸ ਲਈ ਇਤਿਹਾਸ ਨਾਲ ਜੁੜਨਾ ਅਹਿਮ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲੰਮੇ ਸਮੇਂ ਤੋਂ ਧਾਰਮਿਕ ਪ੍ਰੀਖਿਆ ਲੈ ਰਹੀ ਹੈ ਜਿਸ ਦਾ ਮਕਸਦ ਬੱਚਿਆਂ ਨੂੰ ਉਨ੍ਹਾਂ ਦੇ ਸੁਨਹਿਰੀ ਇਤਿਹਾਸ ਤੋਂ ਜਾਣੂੰ ਕਰਵਾਉਣਾ ਹੈ। ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਬੱਚਿਆਂ ਨੂੰ ਵਿੱਦਿਆ ਦੇ ਨਾਲ-ਨਾਲ ਧਰਮ ਵਿੱਚ ਹੋਰ ਦ੍ਰਿੜ ਹੋਣ ਲਈ ਪ੍ਰੇਰਿਤ ਵੀ ਕੀਤਾ।

ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਕਮੇਟੀ) ਵੱਲੋਂ ਲਈ ਗਈ ਧਾਰਮਿਕ ਪ੍ਰੀਖਿਆ ਦੇ ਦਰਜੇ ਪਹਿਲੇ , ਦੂਜੇ, ਤੀਜੇ ਅਤੇ ਚੌਥੇ ਵਿੱਚ ਚੰਗੀਆਂ ਪੁਜੀਸ਼ਨਾਂ ਲੈਣ ਵਾਲੇ ਬੱਚਿਆਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਦਰਜਾ ਪਹਿਲਾ ਵਿੱਚ ਮਾਤਾ ਗੁਜਰੀ ਪਬਲਿਕ ਸਕੂਲ, ਅਮੀਪੁਰ (ਗੁਰਦਾਸਪੁਰ) ਦੀ ਵਿਦਿਆਰਥਣ ਦਿਲਪ੍ਰੀਤ ਕੌਰ ਨੇ ਪਹਿਲਾ ਸਥਾਨ, ਬਾਬਾ ਗੁਰਮੁੱਖ ਸਿੰਘ ਉੱਤਮ ਸਿੰਘ ਸੀਨੀਅਰ ਸੈਕੰਡਰੀ ਸਕੂਲ, ਖਡੂਰ ਸਾਹਿਬ (ਤਰਨ ਤਾਰਨ) ਦੀ ਵਿਦਿਆਰਥਣ ਸਿਮਰਨਪ੍ਰੀਤ ਕੌਰ ਨੇ ਦੂਜਾ ਸਥਾਨ ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਅਟਾਰੀ, ਅੰਮ੍ਰਿਤਸਰ ਦੀ ਵਿਦਿਆਰਥਣ ਐਵਨਪ੍ਰੀਤ ਕੌਰ ਅਤੇ ਸਟੈਂਡਰਡ ਪਬਲਿਕ ਹਾਈ ਸਕੂਲ, ਧੂਲਕਾ, ਤਹਿਸੀਲ ਬਾਬਾ ਬਕਾਲਾ ਦੀ ਵਿਦਿਆਰਥਣ ਪ੍ਰਭਪ੍ਰੀਤ ਕੌਰ ਨੇ ਸਾਂਝੇ ਤੌਰ 'ਤੇ ਤੀਜਾ ਸਥਾਨ ਹਾਸਲ ਕੀਤਾ। ਉਨ੍ਹਾਂ ਦੱਸਿਆ ਕਿ ਦਰਜਾ ਦੂਜਾ ਵਿੱਚ ਗੁਰੂ ਨਾਨਕ ਦੇਵ ਅਕੈਡਮੀ ਓਠੀਆਂ ਤਹਿਸੀਲ, ਬਟਾਲਾ (ਗੁਰਦਾਸਪੁਰ) ਦੀ ਵਿਦਿਆਰਥਣ ਮਨਜੋਤ ਕੌਰ ਨੇ ਪਹਿਲਾ ਸਥਾਨ, ਬਾਬਾ ਸ੍ਰੀ ਚੰਦ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਗਾਹਲੜੀ (ਗੁਰਦਾਸਪੁਰ) ਦੀ ਵਿਦਿਆਰਥਣ ਹਰਜੀਤ ਕੌਰ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਮਾਡਰਨ ਸਕੂਲ ਮਾੜੀ ਪੰਨਵਾਂ (ਗੁਰਦਾਸਪੁਰ) ਦੀ ਵਿਦਿਆਰਥਣ ਦਮਨਪ੍ਰੀਤ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ, ਤੀਜਾ ਸਥਾਨ ਜਪਿੰਦਰਾ ਪਬਲਿਕ ਸਕੂਲ, ਰਿਊਨਾ ਨੀਵਾਂ (ਫਤਹਿਗੜ੍ਹ ਸਾਹਿਬ) ਦੀ ਵਿਦਿਆਰਥਣ ਰਮਨਦੀਪ ਬਾਵਾ ਤੇ ਸੈਂਟਰਲ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬਰਿਆਰ (ਘੁਮਾਣ) ਤਹਿਸੀਲ ਬਟਾਲਾ (ਗੁਰਦਾਸਪੁਰ) ਦੀ ਵਿਦਿਆਰਥਣ ਕੋਮਲਪ੍ਰੀਤ

ਕੌਰ ਨੇ ਹਾਸਲ ਕੀਤਾ। ਤੀਜੇ ਦਰਜੇ ਵਿੱਚ ਪਹਿਲਾ ਸਥਾਨ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵੂਮੈਨ, ਝਾੜ ਸਾਹਿਬ ਤਹਿਸੀਲ ਸਮਰਾਲਾ, ਲੁਧਿਆਣਾ ਦੀ ਵਿਦਿਆਰਥਣ ਗੁਰਜੀਤ ਕੌਰ ਨੇ ਹਾਸਲ ਕੀਤਾ। ਦੂਜਾ ਸਥਾਨ ਇਸੇ ਕਾਲਜ ਦੀ ਵਿਦਿਆਰਥਣ ਅਮਨਦੀਪ ਕੌਰ ਨੇ ਪ੍ਰਾਪਤ ਕੀਤਾ। ਤੀਜਾ ਸਥਾਨ ਖਾਲਸਾ ਕਾਲਜ ਗੜ੍ਹਦੀਵਾਲਾ, ਹੁਸ਼ਿਆਰਪੁਰ ਦੇ ਵਿਦਿਆਰਥੀ ਮਨਪ੍ਰੀਤ ਨੇ ਹਾਸਲ ਕੀਤਾ। ਦਰਜਾ ਚੌਥਾ ਵਿੱਚ ਪਹਿਲਾ ਸਥਾਨ ਖਾਲਸਾ ਕਾਲਜ ਗੜ੍ਹਦੀਵਾਲਾ, ਹੁਸ਼ਿਆਰਪੁਰ ਦੇ ਵਿਦਿਆਰਥੀ ਸ. ਮਨਦੀਪ ਸਿੰਘ ਨੇ ਹਾਸਲ ਕੀਤਾ। ਦੂਜਾ ਸਥਾਨ ਬੀ.ਏ.ਐਮ.ਖਾਲਸਾ ਕਾਲਜ, ਗੜ੍ਹਸ਼ੰਕਰ, ਹੁਸ਼ਿਆਰਪੁਰ ਦੀਆਂ ਵਿਦਿਆਰਥਣਾਂ ਕਿਰਨਪ੍ਰੀਤ ਕੌਰ ਤੇ ਮਨਦੀਪ ਕੌਰ ਨੇ ਹਾਸਲ ਕੀਤਾ। ਤੀਜਾ ਸਥਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ (ਪੰਜਾਬ ਵਿਭਾਗ) ਅੰਮ੍ਰਿਤਸਰ ਦੀ ਵਿਦਿਆਰਥਣ ਕਰਨਦੀਪ ਕੌਰ ਤੇ ਬਾਬਾ ਆਇਆ ਸਿੰਘ ਰਿਆੜਕੀ ਕਾਲਜ, ਤੁਗਲਵਾਲਾ, ਗੁਰਦਾਸਪੁਰ ਦੀ ਵਿਦਿਆਰਥਣ ਚੰਨਪ੍ਰੀਤ ਕੌਰ ਨੇ ਪ੍ਰਾਪਤ ਕੀਤਾ। ਇਸ ਮੌਕੇ ਅੰਤ੍ਰਿੰਗ ਕਮੇਟੀ ਮੈਂਬਰ ਸ. ਸੁਰਜੀਤ ਸਿੰਘ ਭਿੱਟੇਵਡ, ਬੀਬੀ ਕਿਰਨਜੋਤ ਕੌਰ ਤੇ ਸ. ਜਰਨੈਲ ਸਿੰਘ ਡੋਗਰਾਂਵਾਲਾ ਮੈਂਬਰ, ਡਾ. ਰੂਪ ਸਿੰਘ ਸਕੱਤਰ, ਸ. ਹਰਭਜਨ ਸਿੰਘ ਮਨਾਵਾਂ ਵਧੀਕ ਸਕੱਤਰ, ਸ. ਕੁਲਵਿੰਦਰ ਸਿੰਘ ਰਮਦਾਸ, ਸ. ਸਿਮਰਜੀਤ ਸਿੰਘ ਤੇ ਸ. ਜਗਜੀਤ ਸਿੰਘ ਮੀਤ ਸਕੱਤਰ ਅਤੇ ਹੋਰ ਹਾਜ਼ਰ ਸਨ। *੨੨ ਮਾਰਚ*

# ਢਾਡੀ ਅਤੇ ਕਵੀਸ਼ਰ ਸਾਹਿਬਾਨ ਦਾ ਸਿੱਖ ਕੌਮ ਦੇ ਪ੍ਰਚਾਰ-ਪ੍ਰਸਾਰ 'ਚ ਮਹੱਤਵਪੂਰਨ ਯੋਗਦਾਨ- ਬਾਬਾ ਬੂਟਾ ਸਿੰਘ

## ਢਾਡੀ ਤੇ ਕਵੀਸ਼ਰ ਸਭਾ ਵੱਲੋਂ ਭਾਈ ਗੁਰਦਾਸ ਹਾਲ ਵਿਖੇ ਗੁਰਮਤਿ ਸਮਾਗਮ

ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਅਤੇ ਪ੍ਰਸਿੱਧ ਢਾਡੀ ਗਿਆਨੀ ਬਲਦੇਵ ਸਿੰਘ ਐਮ.ਏ. ਦੇ ਵਿਸ਼ੇਸ਼ ਯਤਨਾਂ ਨਾਲ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਢਾਡੀ ਸਭਾ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਵੀਸ਼ਰ ਸਭਾ ਵੱਲੋਂ ਭਾਈ ਗੁਰਦਾਸ ਹਾਲ ਵਿਖੇ ਇਕ ਗੁਰਮਤਿ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਬਾਬਾ ਬੂਟਾ ਸਿੰਘ, ਅੰਤ੍ਰਿੰਗ ਮੈਂਬਰ ਸ. ਬਲਵਿੰਦਰ ਸਿੰਘ ਵੇਈਂਪੂਈਂ ਅਤੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਮਨਜੀਤ ਸਿੰਘ ਉਚੇਚੇ ਤੌਰ 'ਤੇ ਸ਼ਾਮਲ ਹੋਏ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਬਾਬਾ ਬੂਟਾ ਸਿੰਘ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਢਾਡੀ ਅਤੇ ਕਵੀਸ਼ਰ ਸਾਹਿਬਾਨ ਦਾ ਸਿੱਖ ਕੌਮ ਦੇ ਪ੍ਰਚਾਰ-ਪ੍ਰਸਾਰ ਵਿੱਚ ਮਹੱਤਵਪੂਰਨ ਯੋਗਦਾਨ ਹੈ। ਉਨ੍ਹਾਂ ਆਖਿਆ ਕਿ ਸੰਗਤਾਂ ਅੰਦਰ ਜੋਸ਼ ਪੈਦਾ ਕਰਨ ਲਈ ਢਾਡੀ ਵਾਰਾਂ ਵਿਸ਼ੇਸ਼ ਅਹਿਮੀਅਤ ਰੱਖਦੀਆਂ ਹਨ। ਵੱਖ-ਵੱਖ ਥਾਵਾਂ ਤੇ ਜਾ ਕੇ ਅਨੇਕਾਂ ਮੁਸ਼ਕਿਲ ਹਾਲਾਤਾਂ ਵਿੱਚ ਵੀ ਢਾਡੀ ਕਵੀਸ਼ਰਾਂ ਵੱਲੋਂ ਸਿੱਖੀ ਦੇ ਪ੍ਰਚਾਰ ਲਈ ਸੇਵਾ ਨਿਭਾਈ ਜਾਂਦੀ ਹੈ ਜੋ ਗੁਰੂ ਘਰ ਪ੍ਰਤੀ ਸਮਰਪਣ ਭਾਵਨਾ ਦਾ ਪ੍ਰਗਟਾਵਾ ਹੈ। ਉਨ੍ਹਾਂ ਹਾਜ਼ਰ ਢਾਡੀ ਕਵੀਸ਼ਰਾਂ ਨੂੰ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਨ੍ਹਾਂ ਦੇ ਨਾਲ ਹੈ ਅਤੇ ਧਰਮ ਪ੍ਰਚਾਰ ਖੇਤਰ ਵਿੱਚ ਢਾਡੀ ਕਵੀਸ਼ਰਾਂ ਦੀਆਂ ਲੋੜਾਂ ਅਨੁਸਾਰ ਹਮੇਸ਼ਾ ਕਾਰਜਸ਼ੀਲ ਰਹੇਗੀ। ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਮਨਜੀਤ ਸਿੰਘ ਨੇ ਢਾਡੀ ਕਵੀਸ਼ਰਾਂ ਨੂੰ ਢਾਡੀ ਸੋਹਣ ਸਿੰਘ ਸੀਤਲ ਜਿਹੀਆਂ ਮਹਾਨ ਸ਼ਖ਼ਸੀਅਤਾਂ ਦੇ ਜੀਵਨ ਤੋਂ ਪ੍ਰੇਰਨਾ ਲੈਣ ਦੀ ਅਪੀਲ ਕੀਤੀ। ਇਸ ਮੌਕੇ ਢਾਡੀ ਅਤੇ ਕਵੀਸ਼ਰ ਸਭਾ ਵੱਲੋਂ ਬਾਬਾ ਬੂਟਾ ਸਿੰਘ ਜੂਨੀਅਰ ਮੀਤ ਪ੍ਰਧਾਨ, ਸ. ਬਲਵਿੰਦਰ ਸਿੰਘ ਵੇਈਂਪੂਈਂ ਅੰਤ੍ਰਿੰਗ ਕਮੇਟੀ ਮੈਂਬਰ, ਭਾਈ ਮਨਜੀਤ ਸਿੰਘ ਮੈਂਬਰ ਤੇ ਬਾਬਾ ਸੱਜਣ ਸਿੰਘ ਗੁਰੂ ਕੀ ਬੇਰ ਨੂੰ ਸਨਮਾਨਿਤ ਕੀਤਾ ਗਿਆ।

ਇਸ ਸਮੇਂ ਸ. ਸੁਖਵਿੰਦਰ ਸਿੰਘ ਝਬਾਲ ਸਾਬਕਾ ਮੈਂਬਰ, ਸ. ਕੁਲਵਿੰਦਰ ਸਿੰਘ ਰਮਦਾਸ ਮੀਤ ਸਕੱਤਰ ਸ਼੍ਰੋਮਣੀ ਕਮੇਟੀ, ਭਾਈ ਗੁਰਿੰਦਰਪਾਲ ਸਿੰਘ ਬੈਂਕਾ, ਭਾਈ ਜੋਗਾ ਸਿੰਘ ਭਾਗੋਵਾਲ, ਭਾਈ ਸੁਲੱਖਣ ਸਿੰਘ ਰਿਆੜ, ਭਾਈ ਦਲਬੀਰ ਸਿੰਘ ਜੌੜਸਿੰਘਵਾਲਾ, ਭਾਈ ਕੇਵਲ ਸਿੰਘ ਮਹਿਤਾ, ਭਾਈ ਦਲਬੀਰ ਸਿੰਘ ਧੂਲਕਾ, ਭਾਈ ਅਜੀਤ

ਸਿੰਘ ਦਰਦੀ, ਭਾਈ ਗੁਰਨਾਮ ਸਿੰਘ ਕਲਾਨੌਰ, ਭਾਈ ਗੁਰਨਾਮ ਸਿੰਘ ਮੱਲੀਆਂ (ਸਾਰੇ ਕਵੀਸ਼ਰ), ਭਾਈ ਨਿਰਮਲ ਸਿੰਘ ਜੇਠੂਵਾਲ, ਭਾਈ ਹਰਪਾਲ ਸਿੰਘ ਢੰਡ, ਭਾਈ ਕੇਵਲ ਸਿੰਘ ਕੋਮਲ, ਭਾਈ ਦਲਬੀਰ ਸਿੰਘ ਅਰਸ਼ੀ, ਭਾਈ ਗੁਲਜ਼ਾਰ ਸਿੰਘ ਖੇੜਾ, ਭਾਈ ਅਜੈਬ ਸਿੰਘ ਢਿਲੋਂ ਤੇ ਭਾਈ ਹਰਭਜਨ ਸਿੰਘ ਚੰਗਿਆੜਾ (ਸਾਰੇ ਢਾਡੀ) ਆਦਿ ਹਾਜ਼ਰ ਸਨ। *੨੪ ਮਾਰਚ*

# ਪੱਛਮੀ ਆਸਟ੍ਰੇਲੀਆ ਦੇ ਸਕੂਲਾਂ 'ਚ ਸਿੱਖ ਇਤਿਹਾਸ ਪੜ੍ਹਾਉਣ ਦਾ ਫੈਸਲਾ ਪ੍ਰਸੰਸਾਯੋਗ- ਪ੍ਰੋ. ਕਿਰਪਾਲ ਸਿੰਘ ਬਡੂੰਗਰ

ਅੰਮ੍ਰਿਤਸਰ- ਪ੍ਰੋ.ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੱਛਮੀ ਆਸਟ੍ਰੇਲੀਆ ਦੇ ਸਕੂਲਾਂ ਵਿੱਚ ਸਿੱਖ ਇਤਿਹਾਸ ਪੜਾਉਣ ਲਈ ਸਥਾਨਕ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲੇ ਦੀ ਪ੍ਰਸ਼ੰਸਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਬੱਤ ਦਾ ਭਲਾ ਮੰਗਣ ਵਾਲੀ ਸਿੱਖ ਕੌਮ ਦੇ ਸ਼ਾਨਾਮੱਤੇ ਇਤਿਹਾਸ, ਫ਼ਲਸਫੇ ਅਤੇ ਸਿੱਖ ਕੌਮ ਦੇ ਸੂਰਬੀਰ ਯੋਧਿਆ ਵੱਲੋਂ ਕੀਤੀਆਂ ਗਈਆਂ ਕੁਰਬਾਨੀਆਂ ਤੋਂ ਵਿਦਿਆਰਥੀਆਂ ਨੂੰ ਜਾਣੂੰ ਕਰਵਾਉਣ ਹਿੱਤ ਆਸਟ੍ਰੇਲੀਆ ਸਰਕਾਰ ਵੱਲੋਂ ਆਪਣੇ ਸਕੂਲਾਂ ਦੇ ਸਿਲੇਬਸ ਵਿੱਚ ਸਿੱਖ ਇਤਿਹਾਸ ਨੂੰ ਸ਼ਾਮਲ ਕਰਨ ਦਾ ਉਪਰਾਲਾ ਸਮੁੱਚੀ ਕੌਮ ਲਈ ਮਾਣ ਵਾਲੀ ਗੱਲ ਹੈ।

ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਸਿੱਖ ਧਰਮ ਦੀਆਂ ਮਹਾਨ ਸ਼ਖਸੀਅਤਾਂ ਵੱਲੋਂ ਇਤਿਹਾਸ ਵਿੱਚ ਪਾਏ ਗਏ ਸ਼ਾਨਾਮੱਤੇ ਯੋਗਦਾਨ ਨੂੰ ਸਕੂਲੀ ਵਿਦਿਆਰਥੀਆਂ ਤੱਕ ਪਹੁੰਚਾਣ ਦਾ ਆਸਟ੍ਰੇਲੀਆ ਸਰਕਾਰ ਦਾ ਫੈਸਲਾ ਨਿਰਸੰਦੇਹ ਹੀ ਵਿਦਿਆਰਥੀਆਂ ਅੰਦਰ ਕੌਮੀ ਜਜ਼ਬਾ, ਤਿਆਗ, ਅਣਖ, ਦਲੇਰੀ, ਸਦਭਾਵਨਾ, ਸੇਵਾ ਜਿਹੇ ਗੁਣਾਂ ਨੂੰ ਦ੍ਰਿੜ ਕਰਵਾਏਗਾ। ਉਨ੍ਹਾਂ ਕਿਹਾ ਕਿ ਇਸ ਉੱਦਮ ਸਦਕਾ ਆਪਸੀ ਮਿਲਵਰਤਨ ਦੀ ਭਾਵਨਾ ਵਧੇਗੀ ਅਤੇ ਸਿੱਖ ਵਿਦਿਆਰਥੀਆਂ ਉਪਰ ਹੁੰਦੇ ਨਸਲੀ ਹਮਲਿਆਂ ਦੇ ਰੁਝਾਨ ਨੂੰ ਵੀ ਠੱਲ੍ਹ ਪਵੇਗੀ।

ਉਨ੍ਹਾਂ ਕਿਹਾ ਕਿ ਆਸਟ੍ਰੇਲੀਆ ਵਿੱਚ ਵੱਸਦੇ ਸਿੱਖਾਂ ਨੇ ਉਥੋਂ ਦੀ ਆਰਥਿਕ ਤਰੱਕੀ ਵਿੱਚ ਆਪਣਾ ਅਹਿਮ ਯੋਗਦਾਨ ਪਾਇਆ ਹੈ ਅਤੇ ਆਪਣੀ ਅੱਡਰੀ ਪਹਿਚਾਣ ਬਣਾਉਂਦਿਆਂ ਆਸਟ੍ਰੇਲੀਆ ਅੰਦਰ ਕਈ ਸਨਮਾਨਯੋਗ ਪਦ ਹਾਸਲ ਕੀਤੇ ਹਨ। ਜਿਸ ਦੇ ਮੱਦੇਨਜ਼ਰ ਪੱਛਮੀ ਆਸਟ੍ਰੇਲੀਆ ਦੀ ਸਰਕਾਰ ਵੱਲੋਂ ਚੁੱਕੇ ਗਏ ਇਸ ਇਤਿਹਾਸਕ ਕਦਮ ਨਾਲ ਆਸਟ੍ਰੇਲੀਆ ਵਿੱਚ ਵੱਸਦੇ ਸਿੱਖ ਭਾਈਚਾਰੇ ਨੂੰ ਹੋਰ ਮਜ਼ਬੂਤੀ ਪ੍ਰਾਪਤ ਹੋਵੇਗੀ। *੨੪ ਮਾਰਚ*

# ਪ੍ਰੋ. ਬਡੂੰਗਰ ਦੀ ਅਗਵਾਈ 'ਚ ਸ਼੍ਰੋਮਣੀ ਕਮੇਟੀ ਵੱਖ-ਵੱਖ ਖੇਤਰਾਂ ਵਿੱਚ ਕਰ ਰਹੀ ਹੈ ਮਿਸਾਲੀ ਕਾਰਜ- ਭਾਈ ਗਰੇਵਾਲ

ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਦੇ ਨਾਲ-ਨਾਲ ਵਿੱਦਿਆ ਤੇ ਸਿਹਤ ਸਹੂਲਤਾਂ ਸਮੇਤ ਸਮਾਜ ਭਲਾਈ ਦੇ ਕਾਰਜਾਂ ਨੂੰ ਬਾਖੂਬੀ ਨਿਭਾਅ ਰਹੀ ਹੈ। ਇਸ ਸਬੰਧ ਵਿੱਚ ਵੱਖ-ਵੱਖ ਯੋਜਨਾਵਾਂ ਨੂੰ ਅਮਲ ਵਿੱਚ ਲਿਆ ਕੇ ਹਰ ਪੱਖ ਤੋਂ ਸੁਹਿਰਦ ਯਤਨ ਕੀਤੇ ਜਾ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿੰਗ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਦਫ਼ਤਰ ਸ਼੍ਰੋਮਣੀ ਕਮੇਟੀ ਤੋਂ ਜਾਰੀ ਇਕ ਬਿਆਨ ਵਿੱਚ ਕੀਤਾ ਹੈ।

ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜ ਸ਼ੈਲੀ ਸਬੰਧੀ ਕੀਤੇ ਜਾ ਰਹੇ ਕੂੜ ਪ੍ਰਚਾਰ ਨੂੰ ਨਿਰਆਧਾਰ ਦੱਸਦਿਆਂ ਕਿਹਾ ਕਿ ਇਹ ਵਰਤਾਰਾ ਸਿੱਖਾਂ ਦੀ ਮਹਾਨ ਸੰਸਥਾ ਨੂੰ ਢਾਹ ਲਗਾਉਣ ਦੀਆਂ ਸੋਚੀਆਂ ਸਮਝੀਆਂ ਚਾਲਾਂ ਦਾ ਹਿੱਸਾ ਹੈ। ਭਾਈ ਗਰੇਵਾਲ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਪ੍ਰਸਿੱਧ ਸਿੱਖ ਚਿੰਤਕ ਹੋਣ ਦੇ ਨਾਤੇ ਇਮਾਨਦਾਰਾਨਾ ਤੇ ਪੰਥਕ ਸੋਚ ਰੱਖਦੇ ਹਨ।

ਉਨ੍ਹਾਂ ਕਿਹਾ ਕਿ ਪ੍ਰੋ. ਬਡੂੰਗਰ ਨੇ ਪ੍ਰਧਾਨਗੀ ਸੇਵਾ ਸੰਭਾਲਣ ਦੇ ਪਹਿਲੇ ਦਿਨ ਤੋਂ ਹੀ ਸ਼੍ਰੋਮਣੀ ਕਮੇਟੀ ਦੇ ਹਰ ਵਿਭਾਗ ਦੀ ਕਾਰਜ ਸ਼ੈਲੀ ਦਾ ਮੁਲਾਂਕਣ ਕਰਕੇ ਨਵੀਆਂ ਸੇਧਾਂ ਅਨੁਸਾਰ ਕਾਰਜ ਆਰੰਭੇ ਹਨ, ਜਿਸ ਦੀ ਸ਼ਲਾਘਾ ਪਹਿਲੇ ਦਿਨ ਤੋਂ ਹੀ ਹਰ ਵਰਗ ਵੱਲੋਂ ਕੀਤੀ ਜਾ ਰਹੀ ਹੈ। ਧਰਮ ਪ੍ਰਚਾਰ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਦਸਮ ਪਾਤਸ਼ਾਹ ਜੀ ਦੇ ਸਾਹਿਬਜਾਦਿਆਂ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੀ ਅਗਵਾਈ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਸਕੂਲੀ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਣ ਦਾ ਵਿਸ਼ੇਸ਼ ਉਪਰਾਲਾ ਕੀਤਾ ਗਿਆ, ਜਿਸ ਵਿੱਚ ਢਾਈ ਲੱਖ ਦੇ ਲਗਭਗ ਬੱਚਿਆਂ ਦੇ ਹਿੱਸਾ ਲਿਆ। ਇਸ ਤੋਂ ਇਲਾਵਾ ਕਾਲਜ ਪੱਧਰ ਦੇ ਨੌਜਵਾਨਾਂ ਦਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਿੱਖ ਨੌਜਵਾਨ ਚੇਤਨਾ ਸਮਾਗਮ ਆਯੋਜਿਤ ਕੀਤਾ ਗਿਆ।

ਉਨ੍ਹਾਂ ਆਖਿਆ ਕਿ ਪ੍ਰੋ.ਬਡੂੰਗਰ ਵੱਲੋਂ ਸਿੱਖ ਕੌਮ ਅੰਦਰ ਇਕਜੁੱਟਤਾ ਤੇ ਇਕਸੁਰਤਾ ਲਈ ਵੀ ਵਿਸ਼ੇਸ਼ ਯਤਨ ਆਰੰਭੇ ਗਏ ਹਨ। ਇਸ ਤੋਂ ਇਲਾਵਾ ਵਾਤਾਵਰਨ ਦੀ ਸ਼ੁੱਧਤਾ ਲਈ ਉਪਰਾਲੇ ਕਰਨੇ, ਸਰਾਵਾਂ ਆਨਲਾਈਨ ਕਰਨੀਆਂ, ਲੰਗਰਾਂ 'ਚ ਸਰਬਲੋਹ ਦੇ ਬਰਤਨ ਵਰਤਣ ਦਾ ਰੁਝਾਨ ਮੁੜ ਸੁਰਜੀਤ ਕਰਨਾ, ਮੁਲਾਜ਼ਮਾਂ ਲਈ ਗੁਰਮਤਿ ਟ੍ਰੇਨਿੰਗ ਸਕੂਲ ਚਲਾਉਣੇ, ਵਿੱਦਿਅਕ ਅਦਾਰਿਆਂ ਦਾ ਅਕਾਦਮਿਕ ਆਡਿਟ ਕਰਨ ਜਿਹੇ ਅਨੇਕਾਂ ਫੈਸਲੇ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੀ ਸੁਹਿਰਦ ਸੋਚ ਦੀ ਪ੍ਰਤੀਨਿਧਤਾ ਕਰਦੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਕੌਮ ਦੀ ਨੁਮਾਇੰਦਾ ਸੰਸਥਾ ਹੈ ਜੋ ਸੰਗਤਾਂ ਦੀਆਂ ਭਾਵਨਾਵਾਂ 'ਤੇ ਖਰਾ ਉਤਰਨ ਲਈ ਲਗਾਤਾਰ ਕਾਰਜਸ਼ੀਲ ਹੈ। ਉਨ੍ਹਾਂ ਅਪੀਲ ਕੀਤੀ ਕਿ ਸਮੁੱਚੀਆਂ ਸਿੱਖ ਸੰਗਤਾਂ ਅਤੇ ਸਿੱਖ ਜਥੇਬੰਦੀਆਂ ਇਕਮੁੱਠ ਹੋ ਕੇ ਸਿੱਖੀ ਦੀ ਚੜ੍ਹਦੀ ਕਲਾ, ਪ੍ਰਚਾਰ-ਪ੍ਰਸਾਰ ਅਤੇ ਸੁੱਚਜੇ ਪ੍ਰਬੰਧਾਂ ਲਈ ਸਹਿਯੋਗ ਦੇਣ। *੨੪ ਮਾਰਚ*

# ਵਾਤਾਵਰਨ ਸਬੰਧੀ ਸਿੱਖਿਆ ਗੁਰਬਾਣੀ ਤੋਂ ਵੱਧ ਹੋਰ ਕੋਈ ਨਹੀਂ ਦੇ ਸਕਦਾ- ਪ੍ਰੋ. ਕਿਰਪਾਲ ਸਿੰਘ ਬਡੂੰਗਰ

## ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਗੁਰਤਾਗੱਦੀ ਦਿਵਸ ਵਾਤਾਵਰਨ ਸੰਭਾਲ ਵੱਜੋਂ ਮਨਾਇਆ ਗਿਆ

ਸ੍ਰੀ ਕੀਰਤਪੁਰ ਸਾਹਿਬ- ਸਥਾਨਕ ਗੁਰਦੁਆਰਾ ਸ਼ੀਸ਼ਮਹਿਲ ਸਾਹਿਬ, ਨੌਲੱਖਾ ਬਾਗ ਵਿਖੇ ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਵਾਤਾਵਰਣ ਸੰਭਾਲ ਦਿਵਸ ਦੇ ਰੂਪ ਵਿਚ ਵਿਸ਼ਾਲ ਪੱਧਰ 'ਤੇ ਮਨਾਇਆ ਗਿਆ। ਇਸ ਮੌਕੇ ਵਿਸ਼ਾਲ ਗੁਰਮਤਿ ਗਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜੱਥੇਦਾਰ ਸਿੰਘ ਸਾਹਿਬ ਗਿਆਨੀ ਮੱਲ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਮੈਂਬਰ ਪਾਰਲੀਮੈਂਟ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸ. ਅਮਰਜੀਤ ਸਿੰਘ ਚਾਵਲਾ, ਵਾਤਾਵਰਣ ਪ੍ਰੇਮੀ ਬਾਬਾ ਬਲਬੀਰ ਸਿੰਘ ਸੀਚੇਵਾਲ ਸਮੇਤ ਵੱਖ-ਵੱਖ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਸੰਗਤ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਮਨੁੱਖੀ ਜੀਵਨ ਵਿਚ ਸ਼ੁੱਧ ਵਾਤਾਵਰਣ ਦੀ ਵਿਸ਼ੇਸ਼ ਅਹਿਮੀਅਤ ਹੈ। ਉਨ੍ਹਾਂ ਆਖਿਆ ਕਿ ਸਾਨੂੰ ਵਾਤਾਵਰਣ ਸਬੰਧੀ ਸਿੱਖਿਆ ਗੁਰਬਾਣੀ ਤੋਂ ਵਧੀਆ ਹੋਰ ਕੋਈ ਨਹੀਂ ਦੇ ਸਕਦਾ। ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਦਾ ਦਰਜਾ ਦੇ ਕੇ ਗੁਰਬਾਣੀ ਨੇ ਸਾਨੂੰ ਵਾਤਾਵਰਨ ਬਾਰੇ ਸੁਚੇਤ ਕੀਤਾ ਹੈ। ਇਸ ਲਈ ਸਾਨੂੰ ਵਾਤਾਵਰਣ ਦੀ ਸੰਭਾਲ ਗੁਰੂ, ਪਿਤਾ ਤੇ ਮਾਤਾ ਦੀ ਤਰ੍ਹਾਂ ਹੀ ਕਰਨੀ ਚਾਹੀਦੀ ਹੈ। ਪਰ ਮਨੁੱਖ ਵੱਲੋਂ ਕੀਤੀ ਜਾ ਰਹੀ

ਕੁਦਰਤੀ ਸਰੋਤਾਂ ਦੀ ਬੇਕਦਰੀ ਬੇਹੱਦ ਚਿੰਤਾ ਪੈਦਾ ਕਰ ਰਹੀ ਹੈ। ਉਨ੍ਹਾਂ ਆਖਿਆ ਕਿ ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਜੀਵਨ ਵਾਤਾਵਰਣ ਦੀ ਸੰਭਾਲ ਲਈ ਸਾਡਾ ਮਾਰਗ ਦਰਸ਼ਨ ਕਰਦਾ ਹੈ, ਜਿਸ ਤੋਂ ਸੇਧ ਪ੍ਰਾਪਤ ਕਰ ਕੇ ਸਾਨੂੰ ਦੂਸ਼ਿਤ ਹੋ ਰਹੇ ਵਾਤਾਰਣ ਨੂੰ ਬਚਾਉਣ ਲਈ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਵਾਤਾਵਰਣ ਸੰਭਾਲ ਸਬੰਧੀ ਇੱਕ ਵਿਭਾਗ ਵੀ ਕਾਇਮ ਕੀਤਾ ਗਿਆ ਹੈ। ਇਸੇ ਤਰ੍ਹਾਂ ਹੀ ਕਮੇਟੀ ਦੇ ਵਿਦਿਅਕ ਅਦਾਰਿਆਂ ਅੰਦਰ ਵਿਦਿਆਰਥੀਆਂ ਨੂੰ ਵਾਤਾਵਰਣ ਦੀ ਸਾਂਭ ਸੰਭਾਲ ਪ੍ਰਤੀ ਸੁਚੇਤ ਕਰਨ ਲਈ ਪ੍ਰੋਗਰਾਮ ਉਲੀਕੇ ਗਏ ਹਨ। ਪ੍ਰੋ. ਬਡੂੰਗਰ ਨੇ ਕਿਹਾ ਕਿ ਕੀਰਤਪੁਰ ਸਾਹਿਬ ਵਿਖੇ ਹਰ ਸਾਲ ਗੁਰੂ ਹਰਿਰਾਇ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਵਾਤਾਵਾਰਣ ਸੰਭਾਲ ਦਿਵਸ ਦੇ ਰੂਪ ਵਿਚ ਇਸੇ ਤਰ੍ਹਾਂ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ। ਉਨ੍ਹਾਂ ਗੁਰਦੁਆਰਾ ਸ੍ਰੀ ਪਤਾਲਪੁਰੀ ਸਾਹਿਬ ਵਿਖੇ ਸੰਗਤ ਦੀ ਸਹੂਲਤ ਲਈ ਇੱਕ ਸਰਾਂ ਦੀ ਉਸਾਰੀ ਦਾ ਐਲਾਨ ਵੀ ਕੀਤਾ।

ਇਸ ਮੌਕੇ ਮੈਂਬਰ ਪਾਰਲੀਮੈਂਟ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸ. ਅਮਰਜੀਤ ਸਿੰਘ ਚਾਵਲਾ, ਬਾਬਾ ਬਲਬੀਰ ਸਿੰਘ ਸੀਚੇਵਾਲ ਵਾਤਾਵਰਣ ਪ੍ਰੇਮੀ, ਸ. ਸੁਰਿੰਦਰ ਸਿੰਘ ਕੂਕਲ ਡਾਇਰੈਕਟਰ ਵਾਤਾਵਰਣ ਪੀਏਯੂ, ਸ੍ਰੀ ਪੀ.ਐਲ. ਕਲੇਰ ਜੰਗਲਾਤ ਵਿਭਾਗ ਨੇ ਵੀ ਸੰਬੋਧਨ ਕੀਤਾ ਅਤੇ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਲਈ ਸੰਗਤ ਨੂੰ ਪ੍ਰੇਰਨਾ ਕੀਤੀ।

ਸਮਾਗਮ ਦੌਰਾਨ ਪਿੰਡ ਘੰੜੂਆਂ ਨਿਵਾਸੀ ਭਾਈ ਨਛੱਤਰ ਸਿੰਘ ਤੇ ਭਾਈ ਉਜਾਗਰ ਸਿੰਘ ਜਿਨ੍ਹਾਂ ਦੇ ਵਡੇਰੇ ਗੁਰੂ ਹਰਿਰਾਇ ਸਾਹਿਬ ਦੇ ਸਮੇਂ ਤੋਂ ਪਹਿਲਾਂ ਦੇ ਸਰਬਲੋਹ ਦੇ ਬਰਤਨ ਤਿਆਰ ਕਰ ਰਹੇ ਹਨ ਦੇ ਪਰਿਵਾਰਕ ਮੈਂਬਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਨ੍ਹਾਂ ਵਿਚ ਸ. ਜਸਵੰਤ ਸਿੰਘ, ਸ੍ਰੀ ਭਰਖਰਾਜ, ਸ. ਦਲਜੀਤ ਸਿੰਘ, ਸ. ਅਵਤਾਰ ਸਿੰਘ, ਸ. ਬਲਬੀਰ ਸਿੰਘ ਅਤੇ ਸ. ਭਾਗ ਸਿੰਘ ਸ਼ਾਮਿਲ ਸਨ। ਇਸ ਮੌਕੇ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੂੰ ਵੀ ਸ. ਅਮਰਜੀਤ ਸਿੰਘ ਚਾਵਲਾ ਤੇ ਹੋਰਾਂ ਵੱਲੋਂ ਸਨਮਾਨਿਤ ਕੀਤਾ ਗਿਆ।

ਇਸ ਤੋਂ ਪਹਿਲਾਂ ਗੁਰਦੁਆਰਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਅਖੰਡਪਾਠ ਸਾਹਿਬ ਦੇ ਭੋਗ ਪਾਏ ਗਏ। ਭਾਈ ਦਲਜਿੰਦਰ ਸਿੰਘ ਅਤੇ ਭਾਈ ਕਮਲਜੀਤ ਸਿੰਘ ਦੇ ਰਾਗੀ ਜੱਥੇ ਵੱਲੋਂ ਸ਼ਬਦ ਕੀਰਤਨ ਕੀਤਾ ਗਿਆ। ਇਸ ਮੌਕੇ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਖਾਲਸਾ ਖਾਲਜ ਦੇ ਵਿਦਿਆਰਥੀਆਂ ਨੇ ਵੀ ਵਾਤਾਵਰਣ ਸਬੰਧੀ ਸ਼ਬਦ ਗਾਇਨ ਕੀਤਾ। ਇਸ ਸਮੇਂ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਬਾਬਾ ਬਲਬੀਰ ਸਿੰਘ ਸੀਚੇਵਾਲ, ਸ. ਅਮਰਜੀਤ ਸਿੰਘ ਚਾਵਲਾ ਤੇ ਬਾਬਾ ਸੁਖਵਿੰਦਰ ਸਿੰਘ ਭੂਰੀ ਵਾਲਿਆਂ ਵੱਲੋਂ ਨੌਲੱਖਾ ਬਾਗ ਵਿਖੇ ਸਾਂਝੇ ਰੂਪ ਵਿਚ ੧੫ ਕਿਸਮ ਦੇ ਔਸ਼ਧੀ ਬੂਟੇ ਵੀ ਲਗਾਏ ਗਏ।

ਸਮਾਗਮ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਪ੍ਰਿੰਸੀਪਲ ਸੁਰਿੰਦਰ ਸਿੰਘ, ਸ. ਚਰਨਜੀਤ ਸਿੰਘ ਕਾਲੇਵਾਲ, ਬੀਬੀ ਪਰਮਜੀਤ ਕੌਰ ਲਾਂਡਰਾ, ਸਾਬਕਾ ਮੈਂਬਰ ਸ. ਜਗੀਰ ਸਿੰਘ, ਬਾਬਾ ਲਾਭ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ, ਬਾਬਾ ਜਰਨੈਲ ਸਿੰਘ, ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵੱਲੋਂ ਬਾਬਾ ਗੁਰਪ੍ਰੀਤ ਸਿੰਘ, ਬਾਬਾ ਨਾਹਰ ਸਿੰਘ ਬਿੱਧੀ ਚੰਦ, ਬਾਬਾ ਸੁਖਵਿੰਦਰ ਸਿੰਘ ਭੂਰੀ ਵਾਲੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਸ. ਹਰਚਰਨ ਸਿੰਘ, ਸਕੱਤਰ ਸ. ਅਵਤਾਰ ਸਿੰਘ, ਵਧੀਕ ਸਕੱਤਰ ਸ. ਪਰਮਜੀਤ ਸਿੰਘ ਸਰੋਆ, ਮੀਤ ਸਕੱਤਰ ਸ. ਕੁਲਵਿੰਦਰ ਸਿੰਘ ਰਮਦਾਸ, ਸ. ਸਿਮਰਜੀਤ ਸਿੰਘ ਕੰਗ, ਸ. ਚਾਨਣ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਸ. ਰੇਸ਼ਮ ਸਿੰਘ, ਮੀਤ ਮੈਨੇਜਰ ਸ. ਅਮਰਜੀਤ ਸਿੰਘ ਅਤੇ ਸ. ਕਰਮਜੀਤ ਸਿੰਘ, ਪ੍ਰਿੰਸੀਪਲ ਸ. ਕਸ਼ਮੀਰ ਸਿੰਘ, ਭਾਈ ਫੂਲਾ ਸਿੰਘ ਜੀ ਹੈੱਡ ਗ੍ਰੰਥੀ, ਸ. ਮਨਜਿੰਦਰ ਸਿੰਘ ਬਰਾੜ, ਬੀਬੀ ਕੁਲਵਿੰਦਰ ਕੌਰ ਜ਼ਿਲ੍ਹਾ ਪ੍ਰਧਾਨ ਇਸਤਰੀ ਅਕਾਲੀ ਦਲ, ਸ. ਰਾਮ ਸਿੰਘ ਭਿੰਡਰ ਅਤੇ ਵੱਡੀ ਗਿਣਤੀ ਵਿਚ ਸੰਗਤ ਹਾਜ਼ਰ ਸੀ। *੨੬ ਮਾਰਚ*

# ਚੰਡੀਗੜ੍ਹ 'ਚ ਪੰਜਾਬੀ ਭਾਸ਼ਾ ਨੂੰ ਬਣਦਾ ਮਾਣ ਦਿਵਾਉਣ ਅਤੇ ਗੁਰਦੁਆਰਾ ਸ੍ਰੀ ਕਲਗੀਧਰ ਨਿਵਾਸ ਨੂੰ ਪ੍ਰਾਪਟੀ ਟੈਕਸ ਮੁਕਤ ਕਰਵਾਉਣ ਲਈ ਸ਼੍ਰੋਮਣੀ ਕਮੇਟੀ ਦੇ ਵਫਦ ਨੇ ਰਾਜਪਾਲ ਸੌਂਪਿਆ ਮੰਗ ਪੱਤਰ

ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੰਜ ਮੈਂਬਰੀ ਵਫਦ ਵੱਲੋਂ ਪੰਜਾਬ ਦੇ ਰਾਜਪਾਲ ਸ੍ਰੀ ਵੀ.ਪੀ. ਬਦਨੌਰ ਨਾਲ ਮੁਲਾਕਾਤ ਕੀਤੀ ਗਈ। ਇਸ ਵਫਦ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ, ਜਨਰਲ ਸਕੱਤਰ ਸ. ਅਮਰਜੀਤ ਸਿੰਘ ਚਾਵਲਾ, ਮੈਂਬਰ ਬੀਬੀ ਹਰਜਿੰਦਰ ਕੌਰ, ਸਕੱਤਰ ਡਾ. ਰੂਪ ਸਿੰਘ ਅਤੇ ਵਧੀਕ ਸਕੱਤਰ ਡਾ. ਪਰਮਜੀਤ ਸਿੰਘ ਸਰੋਆ ਸ਼ਾਮਿਲ ਸਨ। ਇਸ ਵਫਦ ਨੇ ਇੱਕ ਮੈਮੋਰੰਡਮ ਰਾਜਪਾਲ ਨੂੰ ਸੌਂਪਿਆ ਜਿਸ ਵਿਚ ਮੰਗ ਕੀਤੀ ਗਈ ਕਿ ਚੰਡੀਗੜ੍ਹ ਵਿਚ ਪੰਜਾਬੀ ਭਾਸ਼ਾ ਨਾਲ ਹੋ ਰਹੇ ਵਿਤਕਰੇ ਨੂੰ ਖਤਮ ਕੀਤਾ ਜਾਵੇ ਅਤੇ ਗੁਰਦੁਆਰਾ ਸ੍ਰੀ ਕਲਗੀਧਰ ਨਿਵਾਸ, ਪਲਾਟ-੬, ਸੈਕਟਰ ੨੭-ਬੀ, ਚੰਡੀਗੜ੍ਹ 'ਤੇ ਲਾਏ ਗਏ ਭਾਰੀ ਜੁਰਮਾਨੇ ਨੂੰ ਮਾਫ ਕਰ ਕੇ ਵਾਪਿਸ ਕੀਤਾ ਜਾਵੇ ਅਤੇ ਅੱਗੇ ਤੋਂ ਪ੍ਰਾਪਰਟੀ ਟੈਕਸ ਤੋਂ ਮੁਕਤ ਕੀਤਾ ਜਾਵੇ। ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਰਾਜਪਾਲ ਨੂੰ ਦੱਸਿਆ ਕਿ ਪੰਜਾਬ ਦੀ ਧਰਤੀ ਗੁਰੂਆਂ ਮਹਾਂਪੁਰਖਾਂ ਦੀ ਚਰਨ ਛੋਹ ਨਾਲ ਪਵਿੱਤਰ ਹੈ ਅਤੇ ਇਥੋਂ ਦੇ ਵਾਸੀਆਂ ਦੀ ਮਾਂ ਬੋਲੀ ਪੰਜਾਬੀ ਹੈ। ਦੇਸ਼ ਦੀ ਵੰਡ ਤੇ ਪ੍ਰਾਂਤਕ ਵੰਡ ਤੋਂ ਪਹਿਲਾਂ ਇਹ ਸਮੁੱਚਾ ਇਲਾਕਾ ਪੰਜਾਬੀ ਬੋਲਦਾ ਸੀ। ਪਰ ਅੱਜ ਪੰਜਾਬ ਤੋਂ ਅਲੱਗ ਹੋਏ ਪ੍ਰਾਂਤ ਹਰਿਆਣਾ ਅਤੇ ਕੇਂਦਰੀ ਪ੍ਰਦੇਸ਼ ਚੰਡਗੜ੍ਹ ਵਿਚ ਪੰਜਾਬੀ ਬੋਲੀ ਨੂੰ ਬਣਦਾ ਮਾਣ ਸਤਿਕਾਰ ਨਹੀਂ ਦਿੱਤਾ ਜਾ ਰਿਹਾ ਜਦੋਂ ਕਿ ਇੱਥੋਂ ਦੇ ੯੦ ਫੀਸਦੀ ਵਾਸੀ ਪੰਜਾਬੀ ਬੋਲਦੇ ਹਨ। ਇਸ ਲਈ ਚੰਡੀਗੜ੍ਹ ਵਿਚ ਪੰਜਾਬੀ ਨੂੰ ਬਣਦਾ ਸਤਿਕਾਰ ਦਿੱਤਾ ਜਾਵੇ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਚੁਣੀ ਹੋਈ ਸੰਸਥਾ ਹੈ ਜੋ ਗੁਰਦੁਆਰਾ ਐਕਟ ੧੯੨੫ ਅਧੀਨ ਰਹਿ ਕੇ ਕੰਮ ਕਰਦੀ ਹੈ। ਗੁਰਦੁਆਰਾ ਸ੍ਰੀ ਕਲਗੀਧਰ ਨਿਵਾਸ, ਚੰਡੀਗੜ੍ਹ ਦੀ ਦੇਖ-ਰੇਖ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵਲੋਂ ਕੀਤੀ ਜਾਂਦੀ ਹੈ। ਇਸ ਦੀ ਇਮਾਰਤ ੧੯੮੨ ਈ: ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਬਣਾਈ ਗਈ ਸੀ। ਉਨ੍ਹਾਂ ਕਿਹਾ ਕਿ ਸਿੱਖ ਗੁਰਦੁਆਰਾ ਸਾਹਿਬਾਨ ਵਿਚ ਹਰ ਇੱਕ ਲਈ ਮੁਫਤ ਲੰਗਰ, ਰਿਹਾਇਸ਼, ਲਾਇਬ੍ਰੇਰੀ ਅਤੇ ਡਿਸਪੈਂਸਰੀ ਦਾ ਪ੍ਰਬੰਧ ਹੁੰਦਾ ਹੈ। ਗੁਰਦੁਆਰਾ ਸ੍ਰੀ ਕਲਗੀਧਰ ਨਿਵਾਸ ਦੀ ਇਮਾਰਤ ਵੀ ਲੋਕ ਭਲਾਈ ਦੇ ਕੰਮਾਂ ਲਈ ਵਰਤੀ ਜਾਂਦੀ ਹੈ ਅਤੇ ਇਸ ਵਿਚ ਕਿਸੇ ਵੀ ਤਰ੍ਹਾਂ ਦਾ ਵਪਾਰਿਕ ਕੰਮ ਨਹੀਂ ਕੀਤਾ ਜਾਂਦਾ। ਪਰ ਮਿਊਂਸਪਿਲ ਕਾਰਪੋਰੇਸ਼ਨ ਚੰਡੀਗੜ੍ਹ ਵਲੋਂ ਸਾਲ ੨੦੦੪ ਤੋਂ ਗੁਰਦੁਆਰਾ ਸ੍ਰੀ ਕਲਗੀਧਰ ਨਿਵਾਸ ਨੂੰ ਭਾਰੀ ਮਾਤਰਾ ਵਿਚ ਪ੍ਰਾਪਟੀ ਟੈਕਸ ਲਗਾ ਕੇ ਪੱਤਰ ਭੇਜੇ ਜਾ ਰਹੇ ਹਨ। ਜਦੋਂ ਕਿ ਪੰਜਾਬ ਸਰਕਾਰ ਦੇ ੧੭-੦੮-੧੯੯੩ ਦੇ ਗਜ਼ਟ ਰਾਹੀਂ ਸਥਾਨਕ ਸਰਕਾਰਾ ਵਲੋਂ ਮਸਜਿਦ, ਮੰਦਰ, ਚਰਚ, ਧਰਮਸ਼ਾਲਾ ਅਤੇ ਗੁਰਦੁਆਰੇ ਨੂੰ ਪੂਰਨ ਤੌਰ 'ਤੇ ਪ੍ਰਾਪਰਟੀ ਟੈਕਸ ਤੋਂ ਛੋਟ ਦਿੱਤੀ ਹੋਈ ਹੈ। ਲੇਕਿਨ ਕਾਰਪੋਰੇਸ਼ਨ ਵਲੋਂ ਭਾਰੀ ਜੁਰਮਾਨਾ ਵਸੂਲ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਜੁਰਮਾਨੇ ਨੂੰ ਮਾਫ ਕਰਕੇ ਵਾਪਿਸ ਕਰਨ ਅਤੇ ਅੱਗੇ ਤੋਂ ਪ੍ਰਾਪਟੀ ਟੈਕਸ ਨਾ ਲਗਾਉਣ ਦੀ ਮੰਗ ਕੀਤੀ ਗਈ ਹੈ। ਪ੍ਰੋ: ਕਿਰਪਾਲ ਸਿੰਘ ਬਡੂੰਗਰ ਅਨੁਸਾਰ ਮਾਨਯੋਗ ਰਾਜਪਾਲ ਵੀ.ਪੀ ਬਦਨੋਰ ਨੇ ਉਨ੍ਹਾਂ ਦੇ ਮਸਲਿਆਂ ਨੂੰ ਸੁਣਕੇ ਜਲਦੀ ਤੋਂ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ ਹੈ।

*੨੭ ਮਾਰਚ*

# ਸਾਕਾ ਨਕੋਦਰ 'ਚ ਸ਼ਹੀਦ ਹੋਣ ਵਾਲੇ ਸਿੱਖ ਨੌਜਵਾਨਾਂ ਦੀ ਕੁਰਬਾਨੀ ਸਮੁੱਚੀ ਕੌਮ ਲਈ ਪ੍ਰੇਰਨਾ ਸਰੋਤ

ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ

ਸ਼ਹੀਦ ਕੌਮ ਦਾ ਵੱਡਮੁੱਲਾ ਸਰਮਾਇਆ ਹੁੰਦੇ ਹਨ, ਇਸ ਲਈ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਵਿਸਾਰਨਾ ਨਹੀਂ ਚਾਹੀਦਾ ਤੇ ਉਨ੍ਹਾਂ ਵੱਲੋਂ ਕੀਤੀਆਂ ਮਿਸਾਲੀ ਕੁਰਬਾਨੀਆਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ।

ਅੱਜ ਗੁਰਦੁਆਰਾ ਭੋਰੇਵਾਲਾ ਪਿੰਡ ਲਿੱਤਰਾਂ (ਨਕੋਦਰ) ਨੇੜੇ ਜਲੰਧਰ ਵਿਖੇ ੪ ਫਰਵਰੀ ੧੯੮੬ ਨੂੰ ਨਕੋਦਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਲਈ ਸ਼ਹੀਦ ਹੋਣ ਵਾਲੇ ਚਾਰ ਸਿੱਖ ਨੌਜਵਾਨਾਂ ਜਿਨ੍ਹਾਂ ਵਿੱਚ ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾ, ਸ਼ਹੀਦ ਭਾਈ ਹਰਮਿੰਦਰ ਸਿੰਘ ਸ਼ਾਮ ਚੁਰਾਸੀ, ਸ਼ਹੀਦ ਭਾਈ ਬਲਧੀਰ ਸਿੰਘ ਫੌਜੀ ਰਾਮਗੜ੍ਹ ਤੇ ਸ਼ਹੀਦ ਭਾਈ ਝਲਮਣ ਸਿੰਘ ਦੀ ੩੧ਵੀਂ ਯਾਦ ਨੂੰ ਸਮਰਪਿਤ ਆਯੋਜਿਤ ਕੀਤੇ ਗਏ ਗੁਰਮਤਿ ਸਮਾਗਮ ਦੌਰਾਨ ਉਚੇਚੇ ਤੌਰ ਤੇ ਸ਼ਰਧਾਂਜਲੀ ਦੇਣ ਲਈ ਪੁੱਜੇ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਗੁਰੂ ਗ੍ਰੰਥ ਤੇ ਗੁਰੂ ਪੰਥ ਦੀ ਸ਼ਾਨ ਨੂੰ ਬਹਾਲ ਰੱਖਣ ਹਿਤ ਸਾਕਾ ਨਕੋਦਰ ਵਿੱਚ ਸ਼ਹੀਦ ਹੋਣ ਵਾਲੇ ੪ ਸਿੱਖ ਨੌਜਵਾਨਾਂ ਦੀ ਅਦੁੱਤੀ ਕੁਰਬਾਨੀ ਸਮੁੱਚੀ ਕੌਮ ਲਈ ਪ੍ਰੇਰਨਾ ਦਾ ਸਰੋਤ ਹੈ। ਜਿਸ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਵੱਲੋਂ ਸਾਕਾ ਨਕੋਦਰ ਵਿੱਚ ਸ਼ਹੀਦ ਹੋਣ ਵਾਲੇ ਚਾਰੇ ਸਿੱਖ ਨੌਜਵਾਨਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਸੁਸ਼ੋਭਿਤ ਕਰਨ ਦਾ ਫੈਸਲਾ ਅੰਤ੍ਰਿੰਗ ਕਮੇਟੀ ਵੱਲੋਂ ਕੀਤਾ ਗਿਆ ਹੈ ਤਾਂ ਕਿ ਸਾਡੀ ਆਉਣ ਵਾਲੀਆਂ ਪੀੜੀਆਂ ਇਨ੍ਹਾਂ ਦੀਆਂ ਕੁਰਬਾਨੀਆਂ ਤੋਂ ਸੇਧ ਲੈ ਸਕਣ। ਇਸ ਦੌਰਾਨ ਉਨ੍ਹਾਂ ਨੇ ਸ਼ਹੀਦ ਹੋਏ ਚਾਰ ਸਿੱਖ ਨੌਜਵਾਨਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਵੀ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਸ. ਸ਼ਿੰਗਾਰਾ ਸਿੰਘ ਲੋਹੀਆਂ, ਡਾ. ਪਰਮਜੀਤ ਸਿੰਘ ਸਰੋਆ ਵਧੀਕ ਸਕੱਤਰ, ਸ. ਹਰਪਾਲ ਸਿੰਘ ਚੀਮਾ, ਸ. ਕੰਵਰਪਾਲ ਸਿੰਘ, ਸ. ਪਰਮਜੀਤ ਸਿੰਘ ਟਾਂਡਾ, ਸ. ਮਨਜੀਤ ਸਿੰਘ, ਸ.ਹਰਜੋਤ ਸਿੰਘ, ਸ. ਗੁਰਵਿੰਦਰ ਸਿੰਘ, ਸ. ਬਲਦੇਵ ਸਿੰਘ ਤੇ ਸਮੇਤ ਕਈ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ। *੨੮ ਮਾਰਚ*

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਸਮਲ ਯਾਰ ਪੰਡਾਰਾ ਮੈਂਬਰ ਨੈਸ਼ਨਲ ਅਸੈਂਬਲੀ ਪਾਕਿਸਤਾਨ ਨਤਮਸਤਕ ਹੋਏ

ਅੰਮ੍ਰਿਤਸਰ- ਅਸਮਲ ਯਾਰ ਪੰਡਾਰਾ ਮੈਂਬਰ ਨੈਸ਼ਨਲ ਅਸੈਂਬਲੀ ਆਫ ਪਾਕਿਸਤਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਿਕ ਹੋਏ ਤੇ ਉਨ੍ਹਾਂ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਦਾ ਆਨੰਦ ਮਾਣਿਆ। ਦਫ਼ਤਰ ਸ਼੍ਰੋਮਣੀ ਕਮੇਟੀ ਵਿਖੇ ਸ. ਸੁਖਦੇਵ ਸਿੰਘ ਭੂਰਾਕੋਹਨਾ ਨਿੱਜੀ ਸਕੱਤਰ ਨੇ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਸਮਲ ਯਾਰ ਪੰਡਾਰਾ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਤੇ ਧਾਰਮਿਕ ਪੁਸਤਕਾਂ ਦਾ ਸੈਟ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ ਅਸਮਲ ਯਾਰ ਪੰਡਾਰਾ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਕੇ ਮਨ ਨੂੰ ਸਕੂਨ ਮਿਲਿਆ ਹੈ। ਉਨ੍ਹਾਂ ਕਿਹਾ ਕਿ ਮੈਂ ਧੰਨਤਾਯੋਗ ਹਾਂ ਕਿ ਮੈਨੂੰ ਇਸ ਪਾਵਨ ਅਸਥਾਨ ਦੇ ਮੁੜ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਨ੍ਹਾਂ ਮਾਨਯੋਗ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਨਮਾਨਿਤ ਕਰਨ 'ਤੇ ਤਹਿ ਦਿਲੋਂ ਧੰਨਵਾਦ ਵੀ ਕੀਤਾ। ਇਸ ਮੌਕੇ ਸ. ਸੁਲੱਖਣ ਸਿੰਘ ਮੈਨੇਜਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ. ਸਕੱਤਰ ਸਿੰਘ ਤੇ ਸ. ਜਗਜੀਤ ਸਿੰਘ ਮੀਤ ਸਕੱਤਰ ਤੇ ਸ. ਰਜਿੰਦਰ ਸਿੰਘ ਰੂਬੀ ਮੈਨੇਜਰ ਗੁਰਦੁਆਰਾ ਸਤਲਾਣੀ ਸਾਹਿਬ ਆਦਿ ਹਾਜ਼ਰ ਸਨ। *੨ ਮਾਰਚ*

# ਸ. ਗੁਰਦੇਵ ਸਿੰਘ ਬਾਦਲ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ

ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ.ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਪੰਜਾਬ ਦੀ ਸਿਆਸਤ ਵਿੱਚ ਸ. ਗੁਰਦੇਵ ਸਿੰਘ ਬਾਦਲ ਨੇ ਵਡਮੁੱਲਾ ਯੋਗਦਾਨ ਪਾਇਆ ਹੈ, ਜਿਸ ਨੂੰ ਭੁਲਾਇਆ

ਨਹੀਂ ਜਾ ਸਕਦਾ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਪੰਜਾਬ ਨੂੰ ਵੱਡਾ ਘਾਟਾ ਪਿਆ ਹੈ। ਪ੍ਰੋ.ਬਡੂੰਗਰ ਨੇ ਆਖਿਆ ਕਿ ਪੰਜਾਬ ਦੀ ਸਿਆਸਤ ਵਿੱਚ ਲੰਮਾ ਸਮਾਂ ਵਿਚਰੇ ਸਾਬਕਾ ਕੈਬਨਿਟ ਮੰਤਰੀ ਸ. ਗੁਰਦੇਵ ਸਿੰਘ ਬਾਦਲ ਪੰਜਾਬ ਅਤੇ ਪੰਜਾਬੀਆਂ ਦੀ ਬਿਹਤਰੀ ਲਈ ਨਿਰੰਤਰ ਕਾਰਜਸ਼ੀਲ ਰਹੇ ਹਨ। ਉਹ ਜ਼ਮੀਨ ਨਾਲ ਜੁੜੇ ਹੋਏ ਆਗੂ ਸਨ ਅਤੇ ਲੋਕਾਂ ਦੇ ਦੁੱਖ-ਸੁੱਖ ਵਿੱਚ ਹਮੇਸ਼ਾ ਭਾਈਵਾਲ ਰਹਿੰਦੇ ਸਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਪੰਜਾਬ ਦੇ ਹੱਕਾਂ-ਹਿੱਤਾਂ ਲਈ ਉਨ੍ਹਾਂ ਨੇ ਵੱਧ ਚੜ੍ਹ ਕੇ ਹਿੱਸਾ ਪਾਇਆ। ਅਜਿਹੇ ਲੋਕ ਆਗੂ ਦੇ ਅਕਾਲ ਚਲਾਣਾ ਕਰ ਜਾਣ ਨਾਲ ਪੰਜਾਬ ਇਕ ਤਜ਼ਰਬੇਕਾਰ ਅਤੇ ਲੋਕ ਭਾਵਨਾਵਾਂ ਨੂੰ ਸਮਝਣ ਵਾਲੇ ਆਗੂ ਤੋਂ ਵਿਰਵਾ ਹੋ ਗਿਆ ਹੈ।

ਉਨ੍ਹਾਂ ਕਿਹਾ ਕਿ ਪਰਮਾਤਮਾ ਵਿਛੁੜੀ ਰੂਹ ਨੂੰ ਆਪਣੇ ਚਰਨਾਂ ਨਾਲ ਜੋੜਨ ਅਤੇ ਪਰਿਵਾਰ ਤੇ ਸਨੇਹੀਆਂ ਨੂੰ ਭਾਣਾ ਮੰਨਣ ਦੀ ਸ਼ਕਤੀ ਦੇਣ। ਉਨ੍ਹਾਂ ਸ.ਬਾਦਲ ਦੇ ਪਰਿਵਾਰ ਨਾਲ ਦਿਲੀ ਦੁੱਖ ਦਾ ਪ੍ਰਗਟਾਵਾ ਵੀ ਕੀਤਾ। *੨੮ ਮਾਰਚ*

## ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਸ਼੍ਰੋਮਣੀ ਕਮੇਟੀ ਮੈਂਬਰ ਸ. ਸ਼ੇਰ ਸਿੰਘ ਮੰਡਵਾਲਾ ਦੇ ਸਪੁੱਤਰ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਇਜ਼ਹਾਰ ਕੀਤਾ

ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਸ਼੍ਰੋਮਣੀ ਕਮੇਟੀ ਮੈਂਬਰ ਸ. ਸ਼ੇਰ ਸਿੰਘ ਮੰਡਵਾਲਾ ਦੇ ਨੌਜਵਾਨ ਸਪੁੱਤਰ ਸ. ਜਗਮੀਤ ਸਿੰਘ ਦੇ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ। ਬੀਤੇ ਕੱਲ੍ਹ ਕੈਨੇਡਾ ਦੇ ਸ਼ਹਿਰ ਕੈਲਗਰੀ ਵਿਖੇ ਸ. ਜਗਮੀਤ ਸਿੰਘ ਦੀ ਸੜਕ ਹਾਦਸੇ ਵਿੱਚ ਹੋਈ ਮੌਤ ਨੂੰ ਦੁੱਖਦਾਈ ਦੱਸਦਿਆਂ ਪ੍ਰੋ. ਬਡੂੰਗਰ ਨੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਕਰਤਾ ਪੁਰਖ ਦੇ ਭਾਣੇ ਨੂੰ ਕੋਈ ਟਾਲ ਨਹੀਂ ਸਕਦਾ, ਪਰ ਦੁਨਿਆਵੀਂ ਰਿਸ਼ਤਿਆਂ ਕਾਰਨ ਮਨੁੱਖ ਦੇ ਅਕਾਲ ਚਲਾਣੇ 'ਤੇ ਉਸ ਦੇ ਪਰਿਵਾਰ ਅਤੇ ਸਬੰਧੀਆਂ ਨੂੰ ਡੂੰਘਾ ਸਦਮਾ ਪੁੱਜਦਾ ਹੈ। ਉਨ੍ਹਾਂ ਕਿਹਾ ਕਿ ਪਰਮਾਤਮਾ ਵਿਛੁੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਰਿਵਾਰ ਤੇ ਸਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਦੇਣ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸ. ਅਮਰਜੀਤ ਸਿੰਘ ਚਾਵਲਾ, ਅੰਤ੍ਰਿੰਗ ਕਮੇਟੀ ਮੈਂਬਰ ਭਾਈ ਰਾਮ ਸਿੰਘ ਤੇ ਸ. ਸੁਰਜੀਤ ਸਿੰਘ ਭਿੱਟੇਵਡ, ਮੁੱਖ ਸਕੱਤਰ ਸ. ਹਰਚਰਨ ਸਿੰਘ, ਸਕੱਤਰ ਡਾ. ਰੂਪ ਸਿੰਘ, ਸ. ਅਵਤਾਰ ਸਿੰਘ ਤੇ ਸ. ਮਨਜੀਤ ਸਿੰਘ, ਵਧੀਕ ਸਕੱਤਰ ਸ. ਹਰਭਜਨ ਸਿੰਘ ਮਨਾਵਾਂ, ਸ. ਸੁਖਦੇਵ ਸਿੰਘ ਭੂਰਾਕੋਹਨਾ (ਨਿੱਜੀ ਸਕੱਤਰ), ਡਾ. ਪਰਮਜੀਤ ਸਿੰਘ ਸਰੋਆ, ਮੀਤ ਸਕੱਤਰ ਸ. ਕੁਲਵਿੰਦਰ ਸਿੰਘ ਰਮਦਾਸ ਤੇ ਸ. ਸਿਮਰਜੀਤ ਸਿੰਘ ਨੇ ਵੀ ਸ. ਜਗਮੀਤ ਸਿੰਘ ਦੇ ਅਕਾਲ ਚਲਾਣੇ 'ਤੇ ਅਫਸੋਸ ਦਾ ਪ੍ਰਗਟਾਵਾ ਕੀਤਾ। *੨੮ ਮਾਰਚ*

■

**ਅੰਮ੍ਰਿਤ ਸੰਚਾਰ**

*ਸ੍ਰੀ ਅਕਾਲ ਤਖ਼ਤ ਸਹਿਬ ਵਿਖੇ ਹਰ ਬੁੱਧਵਾਰ ਤੇ ਐਤਵਾਰ ਨੂੰ ਦੁਪਹਿਰ ੧੨ ਵਜੇ ਅੰਮ੍ਰਿਤ-ਸੰਚਾਰ ਹੁੰਦਾ ਹੈ। ਅੰਮ੍ਰਿਤ ਅਭਿਲਾਖੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਅੰਮ੍ਰਿਤਪਾਨ ਕਰ ਕੇ ਗੁਰੂ ਵਾਲੇ ਬਣਨ।*

# ਧਰਮ ਪ੍ਰਚਾਰ ਕਮੇਟੀ ਦੀਆਂ ਸੇਵਾ ਸਰਗਰਮੀਆਂ

## ਸਿੱਖ ਮਿਸ਼ਨ ਹਰਿਆਣਾ ਵੱਲੋਂ ਅੰਮ੍ਰਿਤ-ਸੰਚਾਰ

ਇੰਚਾਰਜ ਸਿੱਖ ਮਿਸ਼ਨ ਹਰਿਆਣਾ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਮਿਸ਼ਨ ਵੱਲੋਂ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮਾਂ ਦਾ ਵੇਰਵਾ:-

੪ ਦਸੰਬਰ, ੨੦੧੬ ਨੂੰ ਗੁਰਦੁਆਰਾ ਸੀਸ ਗੰਜ ਸਾਹਿਬ, ਪਾਤਸ਼ਾਹੀ ੯ਵੀਂ, ਤਰਾਵੜੀ, ਕਰਨਾਲ ੬੯ ਪ੍ਰਾਣੀ।
੧੦ ਫਰਵਰੀ, ੨੦੧੭ ਨੂੰ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ, ਏਲਨਾਬਾਦ (ਸਿਰਸਾ) ੬੭ ਪ੍ਰਾਣੀ।
੧੪ ਫਰਵਰੀ, ੨੦੧੭ ਨੂੰ ਗੁਰਦੁਆਰਾ ਸਾਹਿਬ ਪਿੰਡ ਭੂਸਲਾ, (ਕੈਥਲ) ੨੨ ਪ੍ਰਾਣੀ।
੧੯ ਫਰਵਰੀ, ੨੦੧੭ ਨੂੰ ਗੁਰਦੁਆਰਾ ਸਾਹਿਬ ਗੋਬਿੰਦ ਨਗਰ, (ਅੰਬਾਲਾ ਕੈਂਟ) ੧੦ ਪ੍ਰਾਣੀ।

## ਸਿੱਖ ਮਿਸ਼ਨ ਉਤਰਾਖੰਡ ਵੱਲੋਂ ਅੰਮ੍ਰਿਤ-ਸੰਚਾਰ

ਭਾਈ ਹਰਜਿੰਦਰ ਸਿੰਘ ਇੰਚਾਰਜ, ਸਿੱਖ ਮਿਸ਼ਨ ਕਾਸ਼ੀਪੁਰ (ਉਤਰਾਖੰਡ) ਵੱਲੋਂ ਪੁੱਜੀ ਰਿਪੋਰਟ ਅਨੁਸਾਰ ਮਿਸ਼ਨ ਵੱਲੋਂ ਖਾਲਸਾ ਗਰੁੱਪ ਰੁਦਰਪੁਰ ਦੇ ਸਹਿਯੋਗ ਨਾਲ ਗੁਰਦੁਆਰਾ ਸਿੰਘ ਸਭਾ, ਗੋਲ ਮਾਰਕੀਟ, ਰੁਦਰਪੁਰ ਵਿਖੇ ੨ ਅਕਤੂਬਰ, ੨੦੧੬ ਨੂੰ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ੫੮ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣੇ। ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ.ਪ੍ਰ. ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਕਕਾਰ ਭੇਟਾ-ਰਹਿਤ ਦਿੱਤੇ ਗਏ।

## ਜ਼ਿਲ੍ਹਾ ਜਲੰਧਰ ਵਿਖੇ ਅੰਮ੍ਰਿਤ-ਸੰਚਾਰ ਸਮਾਗਮ

ਭਾਈ ਹਰਜੀਤ ਸਿੰਘ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਸਿੰਘ ਸਭਾ, ਪਿੰਡ ਖਾਨਪੁਰ ਢੱਡਾ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਵਿਖੇ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ.ਪ੍ਰ. ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ੪ ਦਸੰਬਰ, ੨੦੧੬ ਨੂੰ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੁੱਜੇ ਪੰਜ ਪਿਆਰੇ ਸਾਹਿਬਾਨ ਨੇ ੧੦ ਪ੍ਰਾਣੀਆਂ ਨੂੰ ਖੰਡੇ-ਬਾਟੇ ਦੀ ਪਾਹੁਲ ਛਕਾ ਕੇ ਗੁਰੂ ਵਾਲੇ ਬਣਾਇਆ।

## ਜ਼ਿਲ੍ਹਾ ਕਪੂਰਥਲਾ ਵਿਖੇ ਗੁਰਮਤਿ ਸਮਾਗਮ

ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ.ਪ੍ਰ. ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਗੁਰਦੁਆਰਾ ਕਲਗੀਧਰ ਸਿੰਘ ਸਭਾ, ਪਿੰਡ ਪ੍ਰਵੇਜ ਨਗਰ, ਜ਼ਿਲ੍ਹਾ ਕਪੂਰਥਲਾ ਵਿਖੇ ੨੯ ਨਵੰਬਰ, ੨੦੧੬ ਨੂੰ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਹੁੰਚੇ ਪੰਜ ਪਿਆਰੇ ਸਾਹਿਬਾਨ ਨੇ ਖੰਡੇ-ਬਾਟੇ ਦੀ ਪਾਹੁਲ ਤਿਆਰ ਕਰਕੇ ੧੯ ਪ੍ਰਾਣੀਆਂ ਨੂੰ ਅੰਮ੍ਰਿਤ-ਪਾਨ ਕਰਵਾ ਕੇ ਗੁਰੂ ਵਾਲੇ ਬਣਾਇਆ। ਇਸ ਮੌਕੇ ਪ੍ਰਚਾਰਕ ਭਾਈ ਹਰਜੀਤ ਸਿੰਘ ਨੇ ਸੰਗਤਾਂ ਨੂੰ ਗੁਰਬਾਣੀ ਕਥਾ ਦੁਆਰਾ ਨਿਹਾਲ ਕੀਤਾ। ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ.ਪ੍ਰ. ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਸੰਗਤਾਂ ਨੂੰ ਧਾਰਮਿਕ ਸਾਹਿਤ ਵੀ ਦਿੱਤਾ ਗਿਆ। ■

ਈ-ਮੇਲ :
info@sgpc.net

੧ੴ ਵਾਹਿਗੁਰੂ ਜੀ ਕੀ ਫ਼ਤਹ ॥

187/7-16/5000
2553957
2553958
2553959
ਫੈਕਸ – 0183-2553919

# ਦਫ਼ਤਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 32306 (ਰਜਿਸਟਰਡ-ਏ.ਡੀ.) ਮਿਤੀ 04-03-17

ਸਮੂੰਹ ਮੈਂਬਰ ਸਾਹਿਬਾਨ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

ਪ੍ਰਯੋਜਨ:-ਜਨਰਲ ਇਕੱਤਰਤਾ ੧੬ ਚੇਤ ਸੰਮਤ ਨਾਨਕਸ਼ਾਹੀ ੫੪੯ (ਮੁਤਾਬਿਕ ੨੯ ਮਾਰਚ ੨੦੧੭) ਲਈ ਏਜੰਡਾ (ਬਜਟਸ, ਸਪਲੀਮੈਂਟਰੀ ਬਜਟਸ)

ਸ੍ਰੀ ਮਾਨ ਜੀ,

ਮਾਨਯੋਗ ਪ੍ਰਧਾਨ ਸਾਹਿਬ ਦੀ ਆਗਿਆ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਨਰਲ ਇਕੱਤਰਤਾ (ਬਜਟ ਸਮਾਗਮ) ੧੬ ਚੇਤ ਸੰਮਤ ਨਾਨਕਸ਼ਾਹੀ ੫੪੯ (ਮੁਤਾਬਿਕ ੨੯ ਮਾਰਚ ੨੦੧੭) ਦਿਨ ਬੁੱਧਵਾਰ ਨੂੰ ਬਾਅਦ ਦੁਪਹਿਰ ੧.੦੦ ਵਜ੍ਹੇ ਤੇਜਾ ਸਿੰਘ ਸਮੁੰਦਰੀ ਹਾਲ,ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਿਖੇ ਹੋਣਾ ਨੀਯਤ ਹੋਇਆ ਹੈ। ਆਪ ਜੀ ਨੇ ਨੀਯਤ ਸਮੇਂ ਸਿਰ ਇਕੱਤਰਤਾ ਵਿੱਚ ਸ਼ਾਮਿਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ।

ਏਜੰਡਾ ਹੇਠ ਲਿਖੇ ਅਨੁਸਾਰ ਹੈ:-

(੧) (ੳ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,ਟਰੱਸਟ ਫੰਡ, ਵਿਦਿਆ ਫੰਡ ਅਤੇ ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਬਜਟਸ ਸਾਲ ੨੦੧੭-੨੦੧੮ ਵਿਚਾਰ ਲਈ।

(ਅ) ਸਿੱਖ ਗੁਰਦੁਆਰਾ ਐਕਟ ੧੯੨੫ ਦੀ ਧਾਰਾ ੮੫ ਦੇ ਸਮੂੰਹ ਗੁਰਦੁਆਰਾ ਸਾਹਿਬਾਨ ਦੇ ਬਜਟਸ ਸਾਲ ੨੦੧੭-੨੦੧੮ ਵਿਚਾਰ ਲਈ।

(ੲ) ਵਿਦਿਅਕ ਅਦਾਰੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਸਮੂੰਹ ਕਾਲਜਾਂ ਅਤੇ ਸਕੂਲਾਂ ਦੇ ਬਜਟਸ ਸਾਲ ੨੦੧੭-੨੦੧੮ ਵਿਚਾਰ ਲਈ।

(ਸ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਧੇ ਪ੍ਰਬੰਧ ਅਧੀਨ ਚੱਲ ਰਹੇ ਅਦਾਰੇ ਅਤੇ ਪ੍ਰਿੰਟਿੰਗ ਪ੍ਰੈਸਾਂ ਦੇ ਬਜਟਸ ਸਾਲ ੨੦੧੭-੨੦੧੮ ਵਿਚਾਰ ਲਈ।

(੨) ਸਪਲੀਮੈਂਟਰੀ ਬਜਟਸ ਸਾਲ ੨੦੧੫-੨੦੧੬ ਅਤੇ ੨੦੧੬-੨੦੧੭ ਪ੍ਰਵਾਨਗੀ ਲਈ।

(੩) ਫੁੱਟਕਲ ਜਿਸ ਦੀ ਪ੍ਰਧਾਨ ਸਾਹਿਬ ਆਗਿਆ ਦੇਣ।

ਨੋਟ:- ਏਜੰਡੇ ਦੀ ਆਈਟਮ ਨੰਬਰ ੧ ਅਤੇ ੨ ਅਨੁਸਾਰ ਬਜਟ ਸਾਲ ੨੦੧੭-੨੦੧੮ ਅਤੇ ਸਪਲੀਮੈਂਟਰੀ ਬਜਟਸ ਸਾਲ ੨੦੧੫-੨੦੧੬ ਅਤੇ ੨੦੧੬-੨੦੧੭ ਦੀਆਂ ਕਾਪੀਆਂ ਵੱਖਰੀਆਂ ਭੇਜੀਆਂ ਜਾ ਰਹੀਆਂ ਹਨ।

ਗੁਰੂ ਪੰਥ ਦਾ ਦਾਸ,

(ਹਰਚਰਨ ਸਿੰਘ)
ਮੁੱਖ ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

ਕਾਰਵਾਈ

# ਬਜ਼ਟ ਸਮਾਗਮ ੨੯ ਮਾਰਚ ੨੦੧੭ ਦੀ ਕਾਰਵਾਈ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰਜਿਸਟਰਡ ਏ.ਡੀ. ਪੱਤਰ ਨੰਬਰ ੩੨੩੦੬, ਮਿਤੀ ੦੪-੦੩-੨੦੧੭ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਜ਼ਟ ਸਮਾਗਮ ਦੀ ਇਕੱਤਰਤਾ ੧੬ ਚੇਤ ਸੰਮਤ ਨਾਨਕਸ਼ਾਹੀ ੫੪੯ (ਮੁਤਾਬਿਕ ੨੯ ਮਾਰਚ ੨੦੧੭) ਦਿਨ ਬੁੱਧਵਾਰ ਨੂੰ ਬਾਅਦ ਦੁਪਹਿਰ ੧:੦੦ ਵਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ ਵਿਖੇ ਪ੍ਰੋ. ਕਿਰਪਾਲ ਸਿੰਘ ਜੀ ਬਡੂੰਗਰ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਹੇਠ ਅਰੰਭ ਹੋਈ। ਇਕੱਤਰਤਾ ਵਿਚ ਹੇਠ ਲਿਖੇ ਮੈਂਬਰ ਸਾਹਿਬਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸ਼ਾਮਲ ਹੋਏ :-

| ਸੀ.ਨੰ. | ਹਲਕਾ ਨੰ:/ਨਾਮ ਹਲਕਾ | | ਨਾਮ ਮੈਂਬਰ ਸਾਹਿਬਾਨ |
|---|---|---|---|
| **ਹਰਿਆਣਾ ਰਾਜ** | | | |
| ੧ | ੪/੧ | ਯਮੁਨਾ ਨਗਰ | ਸ. ਬਲਦੇਵ ਸਿੰਘ ਜੀ |
| ੨ | ੫ | ਕੁਰਕੁਸ਼ੇਤਰ | ਸ. ਹਰਭਜਨ ਸਿੰਘ ਜੀ |
| ੩ | ੯ | ਸਿਰਸਾ | ਸ. ਗੁਰਮੀਤ ਸਿੰਘ ਜੀ |
| ੪ | ੧੦ | ਡੱਬਵਾਲੀ | ਸ. ਜਗਸੀਰ ਸਿੰਘ ਜੀ |
| **ਪੰਜਾਬ ਰਾਜ** | | | |
| **ਜ਼ਿਲ੍ਹਾ ਮੁਕਤਸਰ ਸਾਹਿਬ** | | | |
| ੫ | ੧੧/੨ | ਮਲੋਟ | ਸ. ਬਿੱਕਰ ਸਿੰਘ ਜੀ |
| ੬ | ੧੨/੨ | ਗਿੱਦੜਬਾਹਾ | ਬੀਬੀ ਕਿਰਨਵੀਰ ਕੌਰ ਜੀ |
| ੭ | ੧੩ | ਦੋਦਾ | ਸ. ਨਵਤੇਜ ਸਿੰਘ ਜੀ |
| ੮ | ੧੪ | ਮੁਕਤਸਰ | ਸ. ਸੁਖਦਰਸ਼ਨ ਸਿੰਘ ਜੀ |
| **ਜ਼ਿਲ੍ਹਾ ਫਿਰੋਜ਼ਪੁਰ** | | | |
| ੦੯ | ੧੫/੧ | ਅਬੋਹਰ | ਸ. ਕੌਰ ਸਿੰਘ ਜੀ |
| ੧੦ | ੧੫/੨ | ਅਬੋਹਰ | ਬੀਬੀ ਪਰਮਿੰਦਰ ਕੌਰ ਜੀ |
| ੧੧ | ੧੭ | ਜਲਾਲਾਬਾਦ | ਸ. ਦਰਸ਼ਨ ਸਿੰਘ ਜੀ |
| ੧੨ | ੧੮ | ਮਮਦੋਟ | ਸ. ਪ੍ਰੀਤਮ ਸਿੰਘ ਜੀ |
| ੧੩ | ੧੯/੧ | ਫਿਰੋਜ਼ਪੁਰ | ਸ. ਦਰਸ਼ਨ ਸਿੰਘ ਜੀ |
| ੧੪ | ੧੯/੨ | ਫਿਰੋਜ਼ਪੁਰ | ਸ. ਬਲਵਿੰਦਰ ਸਿੰਘ ਜੀ |
| ੧੫ | ੨੦/੧ | ਤਲਵੰਡੀ ਭਾਈ | ਸ. ਸਤਪਾਲ ਸਿੰਘ ਜੀ |
| ੧੬ | ੨੦/੨ | ਤਲਵੰਡੀ ਭਾਈ | ਬੀਬੀ ਜਸਵਿੰਦਰ ਕੌਰ ਜੀ |
| ੧੭ | ੨੧ | ਜੀਰਾ | ਸ. ਗੁਰਮੀਤ ਸਿੰਘ ਜੀ |

**ਜ਼ਿਲ੍ਹਾ ਮੋਗਾ**

| | | | |
|---|---|---|---|
| ੧੮ | ੨੩/੧ | ਮੋਗਾ | ਸ. ਤੋਤਾ ਸਿੰਘ ਜੀ |
| ੧੯ | ੨੪/੧ | ਬੱਧਨੀ ਕਲਾਂ | ਸ. ਜਗਰਾਜ ਸਿੰਘ ਜੀ |
| ੨੦ | ੨੪/੨ | ਬੱਧਨੀ ਕਲਾਂ | ਬੀਬੀ ਨਰਿੰਦਰ ਕੌਰ ਜੀ |
| ੨੧ | ੨੫ | ਨਿਹਾਲ ਸਿੰਘ ਵਾਲਾ | ਸ. ਗੁਰਮੇਲ ਸਿੰਘ ਜੀ |
| ੨੨ | ੨੬ | ਬਾਘਾ ਪੁਰਾਣਾ | ਸ. ਸੁਖਹਰਪ੍ਰੀਤ ਸਿੰਘ ਜੀ |
| ੨੩ | ੨੭/੨ | ਘੱਲ ਕਲਾਂ | ਬੀਬੀ ਜਸਵਿੰਦਰ ਕੌਰ ਜੀ |

**ਜ਼ਿਲ੍ਹਾ ਫਰੀਦਕੋਟ**

| | | | |
|---|---|---|---|
| ੨੪ | ੨੮/੧ | ਫਰੀਦਕੋਟ | ਸ. ਲਖਬੀਰ ਸਿੰਘ ਜੀ |
| ੨੫ | ੨੮/੨ | ਫਰੀਦਕੋਟ | ਬੀਬੀ ਗੁਰਿੰਦਰ ਕੌਰ ਜੀ |
| ੨੬ | ੩੦ | ਜੈਤੋ | ਸ. ਸੁਖਦੇਵ ਸਿੰਘ ਜੀ |

**ਜ਼ਿਲ੍ਹਾ ਬਠਿੰਡਾ**

| | | | |
|---|---|---|---|
| ੨੭ | ੩੧/੧ | ਭਗਤਾ | ਸ. ਫੁੰਮਣ ਸਿੰਘ ਜੀ |
| ੨੮ | ੩੨/੧ | ਰਾਮਪੁਰਾ ਫੂਲ | ਸ. ਮੇਜਰ ਸਿੰਘ ਜੀ |
| ੨੯ | ੩੩ | ਬਠਿੰਡਾ | ਸ. ਸੁਖਦੇਵ ਸਿੰਘ ਜੀ |
| ੩੦ | ੩੪/੧ | ਬੱਲੂਆਣਾ | ਸ. ਅਮਰੀਕ ਸਿੰਘ ਜੀ |
| ੩੧ | ੩੪/੨ | ਬੱਲੂਆਣਾ | ਬੀਬੀ ਜੋਗਿੰਦਰ ਕੌਰ ਜੀ |
| ੩੨ | ੩੬ | ਮੌੜ | ਸ. ਗੁਰਤੇਜ ਸਿੰਘ ਜੀ |

**ਜ਼ਿਲ੍ਹਾ ਮਾਨਸਾ**

| | | | |
|---|---|---|---|
| ੩੩ | ੩੭ | ਸਰਦੂਲਗੜ੍ਹ | ਸ. ਸੁਰਜੀਤ ਸਿੰਘ ਜੀ |
| ੩੪ | ੩੮/੧ | ਮਾਨਸਾ | ਸ. ਮਿੱਠੂ ਸਿੰਘ ਜੀ |
| ੩੫ | ੩੮/੨ | ਮਾਨਸਾ | ਸ. ਬੂਟਾ ਸਿੰਘ ਜੀ |
| ੩੬ | ੩੯ | ਜੋਗਾ | ਸ. ਗੁਰਪ੍ਰੀਤ ਸਿੰਘ ਜੀ |
| ੩੭ | ੪੦/੧ | ਬੁਢਲਾਡਾ | ਸ. ਸੁਖਚੈਨ ਸਿੰਘ ਜੀ |
| ੩੮ | ੪੦/੨ | ਬੁਢਲਾਡਾ | ਬੀਬੀ ਜਸਵੀਰ ਕੌਰ ਜੀ |

**ਜ਼ਿਲ੍ਹਾ ਸੰਗਰੂਰ**

| | | | |
|---|---|---|---|
| ੩੯ | ੪੧ | ਮੂਨਕ | ਬੀਬੀ ਪਰਮਜੀਤ ਕੌਰ ਜੀ |
| ੪੦ | ੪੩/੧ | ਲੌਂਗੋਵਾਲ | ਸ. ਗੋਬਿੰਦ ਸਿੰਘ ਜੀ |
| ੪੧ | ੪੩/੨ | ਲੌਂਗੋਵਾਲ | ਸ. ਮਲਕੀਤ ਸਿੰਘ ਜੀ |
| ੪੨ | ੪੪ | ਬਰਨਾਲਾ | ਸ. ਪਰਮਜੀਤ ਸਿੰਘ ਜੀ |
| ੪੩ | ੪੫ | ਭਦੌੜ | ਸ. ਬਲਦੇਵ ਸਿੰਘ ਜੀ |
| ੪੪ | ੪੬/੧ | ਚੰਨਣਵਾਲ | ਸ. ਦਲਵਾਰ ਸਿੰਘ ਜੀ |
| ੪੫ | ੪੬/੨ | ਚੰਨਣਵਾਲ | ਸ. ਬਲਬੀਰ ਸਿੰਘ ਜੀ |
| ੪੬ | ੪੭/੧ | ਧੂਰੀ | ਸ. ਸੁਰਜੀਤ ਸਿੰਘ ਜੀ |

| | | | |
|---|---|---|---|
| ੪੭ | ੪੭/੨ | ਧੂਰੀ | ਬੀਬੀ ਸ਼ਰਨਜੀਤ ਕੌਰ ਜੀ |
| ੪੮ | ੪੮ | ਮਲੇਰਕੋਟਲਾ | ਸ. ਜੈਪਾਲ ਸਿੰਘ ਜੀ |
| ੪੯ | ੪੯ | ਅਮਰਗੜ੍ਹ | ਸ. ਭੁਪਿੰਦਰ ਸਿੰਘ ਜੀ |
| ੫੦ | ੫੧/੧ | ਦਿੜ੍ਹਬਾ | ਸ. ਹਰਦੇਵ ਸਿੰਘ ਜੀ |
| ੫੧ | ੫੧/੨ | ਦਿੜ੍ਹਬਾ | ਬੀਬੀ ਮਲਕੀਤ ਕੌਰ ਜੀ |
| **ਜ਼ਿਲ੍ਹਾ ਪਟਿਆਲਾ** | | | |
| ੫੨ | ੫੨ | ਸਮਾਣਾ | ਸ. ਨਿਰਮਲ ਸਿੰਘ ਜੀ |
| ੫੩ | ੫੩/੨ | ਨਾਭਾ | ਬੀਬੀ ਹਰਦੀਪ ਕੌਰ ਜੀ |
| ੫੪ | ੫੪ | ਭਾਦਸੋਂ | ਸ. ਸਤਵਿੰਦਰ ਸਿੰਘ ਜੀ |
| ੫੫ | ੫੫/੧ | ਡਕਾਲਾ | ਸ. ਜਰਨੈਲ ਸਿੰਘ ਜੀ |
| ੫੬ | ੫੫/੨ | ਡਕਾਲਾ | ਸ. ਲਾਭ ਸਿੰਘ ਜੀ |
| ੫੭ | ੫੬ | ਪਟਿਆਲਾ ਸ਼ਹਿਰ | ਸ. ਸਵਿੰਦਰ ਸਿੰਘ ਜੀ |
| ੫੮ | ੫੭/੧ | ਸਨੌਰ | ਸ. ਜਸਮੇਰ ਸਿੰਘ ਜੀ |
| **ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ** | | | |
| ੫੯ | ੬੧/੨ | ਬੱਸੀ ਪਠਾਣਾਂ | ਸ. ਅਵਤਾਰ ਸਿੰਘ ਜੀ |
| ੬੦ | ੬੨ | ਅਮਲੋਹ | ਸ. ਰਵਿੰਦਰ ਸਿੰਘ ਜੀ |
| **ਜ਼ਿਲ੍ਹਾ ਲੁਧਿਆਣਾ** | | | |
| ੬੧ | ੬੪ | ਪਾਇਲ | ਸ. ਰਘਬੀਰ ਸਿੰਘ ਜੀ |
| ੬੨ | ੬੫/੧ | ਦੋਰਾਹਾ | ਸ. ਚਰਨ ਸਿੰਘ ਜੀ |
| ੬੩ | ੬੫/੨ | ਦੋਰਾਹਾ | ਸ. ਹਰਪਾਲ ਸਿੰਘ ਜੀ |
| ੬੪ | ੬੬ | ਪੱਖੋਵਾਲ | ਸ. ਹਰਪ੍ਰੀਤ ਸਿੰਘ ਜੀ |
| ੬੫ | ੬੭ | ਰਾਏਕੋਟ | ਸ. ਜਗਜੀਤ ਸਿੰਘ ਜੀ |
| ੬੬ | ੬੮/੧ | ਜਗਰਾਉਂ | ਸ. ਗੁਰਚਰਨ ਸਿੰਘ ਜੀ |
| ੬੭ | ੭੨/੨ | ਲੁਧਿਆਣਾ (ਪੱਛਮੀ) | ਬੀਬੀ ਰਜਿੰਦਰ ਕੌਰ ਜੀ |
| ੬੮ | ੭੩ | ਲੁਧਿਆਣਾ (ਉਤਰੀ) | ਸ. ਕੰਵਲਇੰਦਰ ਸਿੰਘ ਜੀ |
| ੬੯ | ੭੪ | ਲੁਧਿਆਣਾ (ਦਿਹਾਤੀ) | ਸ. ਰਣਜੀਤ ਸਿੰਘ ਜੀ |
| ੭੦ | ੭੫/੨ | ਸਮਰਾਲਾ | ਬੀਬੀ ਹਰਜਿੰਦਰ ਕੌਰ ਜੀ |
| **ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ** | | | |
| ੭੧ | ੭੬/੨ | ਬਲਾਚੌਰ | ਸ. ਗੁਰਬਖਸ਼ ਸਿੰਘ ਜੀ |
| ੭੨ | ੭੭ | ਨਵਾਂ ਸ਼ਹਿਰ | ਸ. ਸੁਖਦੇਵ ਸਿੰਘ ਜੀ |
| **ਜ਼ਿਲ੍ਹਾ: ਜਲੰਧਰ** | | | |
| ੭੩ | ੮੦/੧ | ਸ਼ਾਹਕੋਟ | ਸ. ਸ਼ਿੰਗਾਰਾ ਸਿੰਘ ਜੀ |
| ੭੪ | ੮੧/੧ | ਆਦਮਪੁਰ | ਸ. ਪਰਮਜੀਤ ਸਿੰਘ ਜੀ |

| | | | |
|---|---|---|---|
| ੭੫ | ੮੧/੨ | ਆਦਮਪੁਰ | ਬੀਬੀ ਦਵਿੰਦਰ ਕੌਰ ਜੀ |
| ੭੬ | ੮੨ | ਜਲੰਧਰ | ਸ. ਕੁਲਵੰਤ ਸਿੰਘ ਜੀ |
| ੭੭ | ੮੩/੧ | ਕਰਤਾਰਪੁਰ | ਸ. ਰਣਜੀਤ ਸਿੰਘ ਜੀ |
| **ਜ਼ਿਲ੍ਹਾ ਕਪੂਰਥਲਾ** | | | |
| ੭੮ | ੮੪/੧ | ਫਗਵਾੜਾ | ਸ. ਸਰਵਣ ਸਿੰਘ ਜੀ |
| ੭੯ | ੮੪/੨ | ਫਗਵਾੜਾ | ਬੀਬੀ ਗੁਰਪ੍ਰੀਤ ਕੌਰ ਜੀ |
| ੮੦ | ੮੫ | ਕਪੂਰਥਲਾ | ਸ. ਜਰਨੈਲ ਸਿੰਘ ਜੀ |
| ੮੧ | ੮੬ | ਭੁਲੱਥ | ਬੀਬੀ ਜਗੀਰ ਕੌਰ ਜੀ |
| **ਜ਼ਿਲ੍ਹਾ: ਸ੍ਰੀ ਅੰਮ੍ਰਿਤਸਰ** | | | |
| ੮੨ | ੮੮/੧ | ਖਡੂਰ ਸਾਹਿਬ | ਸ. ਅਮਰਜੀਤ ਸਿੰਘ ਜੀ |
| ੮੩ | ੮੮/੨ | ਖਡੂਰ ਸਾਹਿਬ | ਸ. ਬਲਵਿੰਦਰ ਸਿੰਘ ਜੀ |
| ੮੪ | ੮੯ | ਨੌਸ਼ਹਿਰਾ ਪਨੂੰਆਂ | ਸ. ਗੁਰਬਚਨ ਸਿੰਘ ਜੀ |
| ੮੫ | ੯੦/੧ | ਪੱਟੀ | ਸ. ਖੁਸ਼ਵਿੰਦਰ ਸਿੰਘ ਜੀ |
| ੮੬ | ੯੦/੨ | ਪੱਟੀ | ਬੀਬੀ ਹਰਜਿੰਦਰ ਕੌਰ ਜੀ |
| ੮੭ | ੯੨ | ਭਿੱਖੀਵਿੰਡ | ਸ. ਮਨਜੀਤ ਸਿੰਘ ਜੀ |
| ੮੮ | ੯੪ | ਝਬਾਲ ਕਲਾਂ | ਸ. ਨਿਰਮਲ ਸਿੰਘ ਜੀ |
| ੮੯ | ੯੫/੧ | ਵੇਰਕਾ | ਸ. ਮਗਵਿੰਦਰ ਸਿੰਘ ਜੀ |
| ੯੦ | ੯੫/੨ | ਵੇਰਕਾ | ਸ. ਗੁਰਿੰਦਰਪਾਲ ਸਿੰਘ ਜੀ |
| ੯੧ | ੯੬ | ਅੰਮ੍ਰਿਤਸਰ (ਪੂਰਬੀ) | ਸ. ਹਰਜਾਪ ਸਿੰਘ ਜੀ |
| ੯੨ | ੯੭ | ਅੰਮ੍ਰਿਤਸਰ (ਕੇਂਦਰੀ) | ਸ. ਰਜਿੰਦਰ ਸਿੰਘ ਜੀ |
| ੯੩ | ੯੮/੧ | ਅੰਮ੍ਰਿਤਸਰ (ਪੱਛਮੀ) | ਸ. ਬਾਵਾ ਸਿੰਘ ਜੀ |
| ੯੪ | ੯੮/੨ | ਅੰਮ੍ਰਿਤਸਰ (ਪੱਛਮੀ) | ਬੀਬੀ ਕਿਰਨਜੋਤ ਕੌਰ ਜੀ |
| ੯੫ | ੯੯/੧ | ਚੋਗਾਵਾਂ | ਸ. ਸੁਰਜੀਤ ਸਿੰਘ ਜੀ |
| ੯੬ | ੯੯/੨ | ਚੋਗਾਵਾਂ | ਬੀਬੀ ਬਲਵਿੰਦਰ ਕੌਰ ਜੀ |
| ੯੭ | ੧੦੧/੧ | ਗੁਰੂ ਕਾ ਬਾਗ | ਸ. ਜੋਧ ਸਿੰਘ ਜੀ |
| ੯੮ | ੧੦੨/੧ | ਜੰਡਿਆਲਾ ਗੁਰੂ | ਸ. ਅਮਰਜੀਤ ਸਿੰਘ ਜੀ |
| ੯੯ | ੧੦੨/੨ | ਜੰਡਿਆਲਾ ਗੁਰੂ | ਸ. ਬਿਕਰਮਜੀਤ ਸਿੰਘ ਜੀ |
| ੧੦੦ | ੧੦੩ | ਮੱਤੇਵਾਲ | ਸ. ਭਗਵੰਤ ਸਿੰਘ ਜੀ |
| **ਜ਼ਿਲ੍ਹਾ: ਗੁਰਦਾਸਪੁਰ** | | | |
| ੧੦੧ | ੧੦੪ | ਸ੍ਰੀ ਹਰਿਗੋਬਿੰਦਪੁਰ | ਸ. ਸੁਰਜੀਤ ਸਿੰਘ ਜੀ |
| ੧੦੨ | ੧੦੫/੧ | ਬਟਾਲਾ | ਸ. ਗੁਰਿੰਦਰਪਾਲ ਸਿੰਘ ਜੀ |
| ੧੦੩ | ੧੦੫/੨ | ਬਟਾਲਾ | ਸ. ਗੁਰਨਾਮ ਸਿੰਘ ਜੀ |
| ੧੦੪ | ੧੦੬ | ਕਾਲਾ ਅਫਗਾਨਾ | ਸ. ਸੱਜਣ ਸਿੰਘ |

| | | | |
|---|---|---|---|
| ੧੦੫ | ੧੦੭/੧ | ਡੇਰਾ ਬਾਬਾ ਨਾਨਕ | ਸ. ਅਮਰੀਕ ਸਿੰਘ ਜੀ |
| ੧੦੬ | ੧੦੭/੨ | ਡੇਰਾ ਬਾਬਾ ਨਾਨਕ | ਬੀਬੀ ਜੋਗਿੰਦਰ ਕੌਰ ਜੀ |
| ੧੦੭ | ੧੦੮/੨ | ਧਾਰੀਵਾਲ | ਬੀਬੀ ਜਸਬੀਰ ਕੌਰ ਜੀ |
| ੧੦੮ | ੧੦੯ | ਗੁਰਦਾਸਪੁਰ | ਸ. ਸੇਵਾ ਸਿੰਘ ਜੀ |

**ਜ਼ਿਲ੍ਹਾ: ਹੁਸ਼ਿਆਰਪੁਰ**

| | | | |
|---|---|---|---|
| ੧੦੯ | ੧੧੧ | ਮੁਕੇਰੀਆਂ | ਸ. ਰਵਿੰਦਰ ਸਿੰਘ ਜੀ |
| ੧੧੦ | ੧੧੨ | ਦਸੂਹਾ | ਸ. ਤਾਰਾ ਸਿੰਘ ਜੀ |
| ੧੧੧ | ੧੧੩/੧ | ਸ਼ਾਮ ਚੁਰਾਸੀ | ਸ. ਹਰਜਿੰਦਰ ਸਿੰਘ ਜੀ |
| ੧੧੨ | ੧੧੪ | ਹੁਸ਼ਿਆਰਪੁਰ | ਸ. ਸੁਰਿੰਦਰ ਸਿੰਘ ਜੀ |
| ੧੧੩ | ੧੧੫/੧ | ਗੜ੍ਹਸ਼ੰਕਰ | ਸ. ਜੰਗ ਬਹਾਦਰ ਸਿੰਘ ਜੀ |
| ੧੧੪ | ੧੧੫/੨ | ਗੜ੍ਹਸ਼ੰਕਰ | ਬੀਬੀ ਰਣਜੀਤ ਕੌਰ ਜੀ |

**ਜ਼ਿਲ੍ਹਾ: ਰੋਪੜ**

| | | | |
|---|---|---|---|
| ੧੧੫ | ੧੧੬/੧ | ਸ੍ਰੀ ਅਨੰਦਪੁਰ ਸਾਹਿਬ | ਸ. ਅਮਰਜੀਤ ਸਿੰਘ ਜੀ |
| ੧੧੬ | ੧੧੬/੨ | ਸ੍ਰੀ ਅਨੰਦਪੁਰ ਸਾਹਿਬ | ਸ. ਸੁਰਿੰਦਰ ਸਿੰਘ ਜੀ |
| ੧੧੭ | ੧੧੭ | ਰੂਪ ਨਗਰ | ਸ. ਪਰਮਜੀਤ ਸਿੰਘ ਜੀ |

**ਜ਼ਿਲ੍ਹਾ: ਮੋਹਾਲੀ**

| | | | |
|---|---|---|---|
| ੧੧੮ | ੧੧੮ | ਮੋਰਿੰਡਾ | ਸ. ਅਜਮੇਰ ਸਿੰਘ ਜੀ |
| ੧੧੯ | ੧੧੯ | ਖਰੜ | ਸ. ਚਰਨਜੀਤ ਸਿੰਘ ਜੀ |
| ੧੨੦ | ੧੨੦/੨ | ਮੋਹਾਲੀ | ਬੀਬੀ ਪਰਮਜੀਤ ਕੌਰ ਜੀ |

**ਕੋਆਪਟਿਡ ਮੈਂਬਰ ਸਾਹਿਬਾਨ**

| | | | |
|---|---|---|---|
| ੧੨੧ | ੧ | ਪੰਜਾਬ | ਪ੍ਰੋ: ਕਿਰਪਾਲ ਸਿੰਘ ਜੀ 'ਬਡੂੰਗਰ' |
| ੧੨੨ | ੩ | ਪੰਜਾਬ | ਸ. ਕਰਨੈਲ ਸਿੰਘ ਜੀ |
| ੧੨੩ | ੪ | ਪੰਜਾਬ | ਸ. ਰਾਮ ਸਿੰਘ ਜੀ |
| ੧੨੪ | ੫ | ਪੰਜਾਬ | ਸ. ਜਗਤਾਰ ਸਿੰਘ ਜੀ |
| ੧੨੫ | ੯ | ਉੱਤਰ ਪ੍ਰਦੇਸ਼ | ਸ. ਚਰਨਜੀਤ ਸਿੰਘ ਜੀ |
| ੧੨੬ | ੧੦ | ਉੱਤਰ ਪ੍ਰਦੇਸ਼ | ਸ. ਸੁਖਮੀਤ ਸਿੰਘ ਜੀ |
| ੧੨੭ | ੧੩ | ਦਿੱਲੀ | ਸ. ਗੁਰਮਿੰਦਰ ਸਿੰਘ ਜੀ |

**ਹੈੱਡ ਮਨਿਸਟਰਜ਼ ਸਾਹਿਬਾਨ**

੧. ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

੨. ਸਿੰਘ ਸਾਹਿਬ ਗਿਆਨੀ ਗੁਰਮੁੱਖ ਸਿੰਘ ਜੀ, ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ (ਬਠਿੰਡਾ)।

੩. ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਜੀ, ਮੁੱਖ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।

ਬਜ਼ਟ ਸਮਾਗਮ ਦੇ ਆਰੰਭਤਾ ਦੀ ਅਰਦਾਸ ਭਾਈ ਰਾਜਦੀਪ ਸਿੰਘ ਅਰਦਾਸੀਆ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਨੇ ਕੀਤੀ ਅਤੇ ਆਰੰਭ ਦਾ ਹੁਕਮਨਾਮਾ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਜੀ ਮੁੱਖ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਨੇ ਲਿਆ। ਮੁੱਖ ਵਾਕ ਆਇਆ:-

**ਧਨਾਸਰੀ ਮਹਲਾ ੫**
**ਫਿਰਤ ਫਿਰਤ ਭੇਟੇ ਜਨ ਸਾਧੂ ਪੂਰੈ ਗੁਰਿ ਸਮਝਾਇਆ॥**
**ਆਨ ਸਗਲ ਬਿਧਿ ਕਾਂਮਿ ਨ ਆਵੈ ਹਰਿ ਹਰਿ ਨਾਮੁ ਧਿਆਇਆ॥੧॥**

*(ਪੰਨਾ ੬੭੬)*

**ਮੁੱਖ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ. ਹਰਚਰਨ ਸਿੰਘ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਗੋਦ ਵਿੱਚ ਮਿਲ ਬੈਠੇ ਸਿੰਘ ਸਾਹਿਬਾਨ, ਪ੍ਰਧਾਨ ਸਾਹਿਬ, ਮੈਂਬਰ ਸਾਹਿਬਾਨ, ਸ਼੍ਰੋਮਣੀ ਗੁ:ਪ੍ਰ:ਕਮੇਟੀ ਨੂੰ ਗੁਰ ਫ਼ਤਹਿ ਬੁਲਾਉਂਦਿਆਂ ਹਾਊਸ ਦੀ ਕਾਰਵਾਈ ਆਰੰਭ ਕੀਤੀ ਅਤੇ ਹਾਊਸ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਨੂੰ ਬਜ਼ਟ ਸਮਾਗਮ ਸਬੰਧੀ ਭੇਜੀ ਦਫ਼ਤਰ ਦੀ ਰਜਿਟਰਡ ਏ.ਡੀ. ਪੱਤ੍ਰਿਕਾ ਨੰਬਰ ੩੨੩੦੬, ਮਿਤੀ ੪-੩-੨੦੧੭ ਪੜ੍ਹ ਕੇ ਸੁਣਾਈ ਅਤੇ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ ਜਨਰਲ ਸਮਾਗਮ ੨੧ ਕੱਤਕ ਸੰਮਤ ਨਾਨਕਸ਼ਾਹੀ ੫੪੮ (ਮੁਤਾਬਿਕ ੦੫ ਨਵੰਬਰ ੨੦੧੬) ਦੀ ਕਾਰਵਾਈ ਜੋ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ ਮਾਸਿਕ ਪਰਚੇ ਗੁਰਦੁਆਰਾ ਗਜ਼ਟ ਮਹੀਨਾ ਦਸੰਬਰ ੨੦੧੬ ਵਿਚ ਛਾਪ ਕੇ ਸਮੂੰਹ ਮੈਂਬਰ ਸਾਹਿਬਾਨ ਨੂੰ ਭੇਜੀ ਜਾ ਚੁੱਕੀ ਹੈ ਦੀ ਪੁਸ਼ਟੀ ਲਈ ਹਾਊਸ ਨੂੰ ਬੇਨਤੀ ਕੀਤੀ।**

**ਮਤਾ ਨੰ: (੧)**

ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਜਨਰਲ ਇਕੱਤਰਤਾ ੨੧ ਕੱਤਕ ਸੰਮਤ ਨਾਨਕਸ਼ਾਹੀ ੫੪੮ ਮੁਤਾਬਿਕ ੦੫ ਨਵੰਬਰ, ੨੦੧੬ ਦੀ ਕਾਰਵਾਈ ਸ਼੍ਰੋਮਣੀ ਗੁ:ਪ੍ਰ:ਕਮੇਟੀ ਵੱਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਮਾਸਿਕ ਪੱਤਰ ਗੁਰਦੁਆਰਾ ਗਜ਼ਟ ਦੇ ਅੰਕ ਮਹੀਨਾ ਦਸੰਬਰ ੨੦੧੬ ਵਿਚ ਛਾਪ ਕੇ ਸਮੂਹ ਮੈਂਬਰ ਸਾਹਿਬਾਨ ਸ਼੍ਰੋਮਣੀ ਗੁ:ਪ੍ਰ:ਕਮੇਟੀ ਨੂੰ ਭੇਜੀ ਜਾ ਚੁੱਕੀ ਹੈ, ਪੁਸ਼ਟੀ ਲਈ, ਪੇਸ਼ ਹੋਣ ਤੇ ਹਵਾਲੇ ਵਾਲੀ ਕਾਰਵਾਈ ਦੇ ਦਰੁੱਸਤ ਲਿਖਿਆਂ ਦੀ ਹਾਊਸ ਵਿਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਵੱਲੋਂ ਜੈਕਾਰਿਆਂ ਦੀ ਗੂੰਜ ਵਿਚ ਸਰਬ ਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ ਉਪਰੰਤ ਪ੍ਰਧਾਨ ਸਾਹਿਬ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ ਤਸਦੀਕੀ ਦਸਤਖ਼ਤ ਕਰਵਾਕੇ ਕਾਰਵਾਈ ਕੰਨਫਰਮ ਕੀਤੀ ਗਈ।

**ਹਾਊਸ ਦੀ ਕਾਰਵਾਈ ਨੂੰ ਅੱਗੇ ਵਧਾਉਂਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਸਾਹਿਬ ਵੱਲੋਂ ਪਿਛਲੇ ਸਮੇਂ ਦੌਰਾਨ ਪੰਥ ਤੋਂ ਵਿਛੜੀਆਂ ਨਾਮਵਰ ਸਖ਼ਸ਼ੀਅਤਾਂ ਨੂੰ ਸ਼ਰਧਾਂਜਲੀ ਵਜੋਂ ਸ਼ੋਕ ਮਤੇ ਹਾਊਸ ਵਿੱਚ ਪੇਸ਼ ਕਰਨ ਲਈ ਪ੍ਰਧਾਨ ਸਾਹਿਬ ਜੀ ਨੂੰ ਬੇਨਤੀ ਕੀਤੀ। ਪ੍ਰਧਾਨ ਸਾਹਿਬ ਜੀ ਵੱਲੋਂ ਹੇਠ ਲਿਖੇ ਅਨੁਸਾਰ ਸ਼ੋਕ ਮਤੇ ਪੇਸ਼ ਕੀਤੇ, ਜਿਸ ਦੀ ਪ੍ਰਵਾਨਗੀ ਹਾਊਸ ਵਲੋਂ ਦਿੱਤੀ ਗਈ:-**

**ਮਤਾ ਨੰ: (੨)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦਾ ਅੱਜ ਦਾ ਇਹ ਇਜਲਾਸ ਸ. ਸੁਰਜੀਤ ਸਿੰਘ ਜੀ ਬਰਨਾਲਾ, ਉੱਘੇ ਸਿੱਖ ਸਿਆਸਤਦਾਨ ਦੇ ਅਕਾਲ ਚਲਾਣਾ ਕਰ ਜਾਣ ਤੇ ਡੂੰਘੇ ਦੁੱਖ ਦਾ ਇਜ਼ਹਾਰ ਕਰਦਾ ਹੈ। ਸ. ਸੁਰਜੀਤ ਸਿੰਘ ਜੀ ਬਰਨਾਲਾ ਨੇ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ, ਮੁੱਖ ਮੰਤਰੀ ਪੰਜਾਬ, ਵੱਖ-ਵੱਖ ਰਾਜਾਂ ਦੇ ਰਾਜਪਾਲ, ਕੇਂਦਰੀ ਖੇਤੀਬਾੜੀ ਮੰਤਰੀ ਵਜੋਂ ਲੰਮਾ ਸਮਾਂ ਸੇਵਾ ਨਿਭਾਈ। ਸ.ਸੁਰਜੀਤ ਸਿੰਘ ਜੀ ਬਰਨਾਲਾ ਨੇ ਅਕਾਲੀ ਲਹਿਰ ਅਤੇ ਪੰਥਕ ਮੋਰਚਿਆਂ ਵਿਚ ਵੱਡਾ ਯੋਗਦਾਨ ਪਾਇਆ। ਸ.ਸੁਰਜੀਤ ਸਿੰਘ ਜੀ ਬਰਨਾਲਾ ਪੰਥ ਪ੍ਰਸਤ, ਮਿਲਣਸਾਰ ਤੇ ਨੇਕ ਦਿਲ ਇਨਸਾਨ ਸਨ। ਉਨ੍ਹਾਂ ਦੇ ਅਕਾਲ ਚਲਾਣਾ ਕਰ ਜਾਣ ਕਾਰਨ ਪੰਥ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਅੱਜ ਦਾ ਇਜਲਾਸ ਸ.ਸੁਰਜੀਤ ਸਿੰਘ ਜੀ ਬਰਨਾਲਾ ਵੱਲੋਂ ਪੰਥ ਪ੍ਰਤੀ ਕੀਤੀਆਂ ਸੇਵਾਵਾਂ ਦੀ ਸ਼ਲਾਘਾ ਕਰਦਾ ਹੋਇਆ ਅਕਾਲ ਪੁਰਖ ਵਾਹਿਗੁਰੂ ਜੀ ਦੇ ਪਾਵਨ ਦਰ 'ਤੇ ਅਰਦਾਸ ਕਰਦਾ ਹੈ ਕਿ ਉਹ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਤੇ ਪਿੱਛੇ ਪ੍ਰੀਵਾਰ, ਸੱਜਣਾਂ, ਮਿੱਤਰਾਂ ਤੇ ਸਨੇਹੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

## ਮਤਾ ਨੰ: (੩)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦਾ ਅੱਜ ਦਾ ਇਹ ਇਜਲਾਸ ਸ.ਗੁਰਦੇਵ ਸਿੰਘ ਜੀ ਬਾਦਲ ਸਾਬਕਾ ਮੈਂਬਰ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਅਕਾਲ ਚਲਾਣਾ ਕਰ ਜਾਣ ਤੇ ਡੂੰਘੇ ਦੁੱਖ ਦਾ ਇਜ਼ਹਾਰ ਕਰਦਾ ਹੈ। ਸ.ਗੁਰਦੇਵ ਸਿੰਘ ਜੀ ਬਾਦਲ ਨੇ ਬਤੌਰ ਪੰਥਕ ਢਾਡੀ ਵਜੋਂ ਲੰਮਾ ਸਮਾਂ ਸੇਵਾ ਨਿਭਾਈ। ਸ.ਗੁਰਦੇਵ ਸਿੰਘ ਜੀ ਬਾਦਲ ਨੇ ਕੈਬਨਿਟ ਮੰਤਰੀ ਪੰਜਾਬ ਵਜੋਂ ਵੀ ਸੇਵਾ ਕੀਤੀ। ਪੰਥਕ ਮੋਰਚਿਆਂ ਵਿਚ ਵੱਡਾ ਯੋਗਦਾਨ ਪਾਇਆ। ਸ.ਗੁਰਦੇਵ ਸਿੰਘ ਜੀ ਬਾਦਲ ਪੰਥ ਪ੍ਰਸਤ, ਮਿਲਣਸਾਰ ਤੇ ਨੇਕ ਦਿਲ ਇਨਸਾਨ ਸਨ। ਉਨ੍ਹਾਂ ਦੇ ਅਕਾਲ ਚਲਾਣਾ ਕਰ ਜਾਣ ਕਾਰਨ ਪੰਥ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਅੱਜ ਦਾ ਇਜਲਾਸ ਸ.ਗੁਰਦੇਵ ਸਿੰਘ ਜੀ ਬਾਦਲ ਵੱਲੋਂ ਪੰਥ ਪ੍ਰਤੀ ਕੀਤੀਆਂ ਸੇਵਾਵਾਂ ਦੀ ਸ਼ਲਾਘਾ ਕਰਦਾ ਹੋਇਆ ਅਕਾਲ ਪੁਰਖ ਵਾਹਿਗੁਰੂ ਜੀ ਦੇ ਪਾਵਨ ਦਰ 'ਤੇ ਅਰਦਾਸ ਕਰਦਾ ਹੈ ਕਿ ਉਹ ਵਿੱਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਤੇ ਪਿੱਛੇ ਪ੍ਰੀਵਾਰ, ਸੱਜਣਾਂ, ਮਿੱਤਰਾਂ ਤੇ ਸਨੇਹੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

## ਮਤਾ ਨੰ: (੪)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦਾ ਅੱਜ ਦਾ ਇਹ ਇਜਲਾਸ ਸ.ਸੁਰਜੀਤ ਸਿੰਘ ਜੀ ਮਮੇਰਾ ਕਲਾਂ ਸਾਬਕਾ ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਕਾਲ ਚਲਾਣਾ ਕਰ ਜਾਣ ਤੇ ਡੂੰਘੇ ਦੁੱਖ ਦਾ ਇਜ਼ਹਾਰ ਕਰਦਾ ਹੈ। ਸ.ਸੁਰਜੀਤ ਸਿੰਘ ਜੀ ਮਮੇਰਾ ਕਲਾਂ ਪੰਥ ਪ੍ਰਸਤ, ਮਿਲਣਸਾਰ ਤੇ ਨੇਕ ਦਿਲ ਇਨਸਾਨ ਸਨ। ਉਨ੍ਹਾਂ ਦੇ ਅਕਾਲ ਚਲਾਣਾ ਕਰ ਜਾਣ ਕਾਰਨ ਪੰਥ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਅੱਜ ਦਾ ਇਜਲਾਸ ਸ.ਸੁਰਜੀਤ ਸਿੰਘ ਜੀ ਮਮੇਰਾ ਕਲਾਂ ਵੱਲੋਂ ਪੰਥ ਪ੍ਰਤੀ ਕੀਤੀਆਂ ਸੇਵਾਵਾਂ ਦੀ ਸ਼ਲਾਘਾ ਕਰਦਾ ਹੋਇਆ ਅਕਾਲ ਪੁਰਖ ਵਾਹਿਗੁਰੂ ਜੀ ਦੇ ਪਾਵਨ ਦਰ 'ਤੇ ਅਰਦਾਸ ਕਰਦਾ ਹੈ ਕਿ ਉਹ ਵਿੱਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਤੇ ਪਿੱਛੇ ਪ੍ਰੀਵਾਰ, ਸੱਜਣਾਂ, ਮਿੱਤਰਾਂ ਤੇ ਸਨੇਹੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

## ਮਤਾ ਨੰ: (੫)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦਾ ਅੱਜ ਦਾ ਇਹ ਇਜਲਾਸ ਬਾਬਾ ਮੱਖਣ ਸਿੰਘ ਮੁਖੀ ਤਰਨਾ ਦਲ ਨਿਹੰਗ ਸਿੰਘ ਜਥੇਬੰਦੀ ਦੇ ਅਕਾਲ ਚਲਾਣਾ ਕਰ ਜਾਣ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕਰਦਾ ਹੈ। ਬਾਬਾ ਮੱਖਣ ਸਿੰਘ ਨੇ ਲੰਮਾ ਸਮਾਂ ਨਿਹੰਗ ਸਿੰਘਾਂ ਦੇ ਤਰਨਾ ਦਲ ਦੇ ਮੁਖੀ ਵਜੋਂ ਸ਼ਲਾਘਾਯੋਗ ਸੇਵਾ ਨਿਭਾਈ। ਬਾਬਾ ਮੱਖਣ ਸਿੰਘ ਪੰਥ ਪ੍ਰਸਤ, ਮਿਲਣਸਾਰ ਤੇ ਨੇਕ ਦਿਲ ਇਨਸਾਨ ਸਨ। ਉਨ੍ਹਾਂ ਦੇ ਅਕਾਲ ਚਲਾਣਾ ਕਰ ਜਾਣ ਕਾਰਨ ਪੰਥ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਅੱਜ ਦਾ ਇਜਲਾਸ ਬਾਬਾ ਮੱਖਣ ਸਿੰਘ ਵੱਲੋਂ ਪੰਥ ਪ੍ਰਤੀ ਕੀਤੀਆਂ ਸੇਵਾਵਾਂ ਦੀ ਸ਼ਲਾਘਾ ਕਰਦਾ ਹੋਇਆ ਅਕਾਲ ਪੁਰਖ ਵਾਹਿਗੁਰੂ ਜੀ ਦੇ ਪਾਵਨ ਦਰ 'ਤੇ ਅਰਦਾਸ ਕਰਦਾ ਹੈ ਕਿ ਉਹ ਵਿੱਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਤੇ ਪਿੱਛੇ ਪ੍ਰੀਵਾਰ, ਸੱਜਣਾਂ, ਮਿੱਤਰਾਂ ਤੇ ਸਨੇਹੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

ਵਿਛੜੀਆਂ ਸਖਸ਼ੀਅਤਾਂ ਦੇ ਸਬੰਧ ਵਿੱਚ ਹਾਊਸ ਵਿੱਚ ਪੇਸ਼ ਕੀਤੇ ਗਏ ਸ਼ੋਕ ਮਤਿਆਂ ਤੋਂ ਬਾਅਦ ਪੰਜ ਵਾਰ ਮੂਲ ਮੰਤਰ ਸਾਹਿਬ ਦੇ ਜਾਪ ਕਰਨ ਉਪਰੰਤ ਮੁੱਖ ਸਕੱਤਰ ਸਾਹਿਬ ਵੱਲੋਂ ਬਜ਼ਟ ਪੇਸ਼ ਕਰਨ ਲਈ ਜਨਰਲ ਸਕੱਤਰ, ਸ਼੍ਰੋਮਣੀ ਗੁ:ਪ੍ਰ:ਕਮੇਟੀ ਨੂੰ ਬੇਨਤੀ ਕੀਤੀ ਗਈ।

ਜਨਰਲ ਸਕੱਤਰ ਸ. ਅਮਰਜੀਤ ਸਿੰਘ ਜੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਗੋਦ ਵਿੱਚ ਮਿਲ ਬੈਠੇ ਸਿੰਘ ਸਾਹਿਬਾਨ, ਪ੍ਰਧਾਨ ਸਾਹਿਬ ਅਤੇ ਮੈਂਬਰ ਸਾਹਿਬਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗੁਰੂ ਫ਼ਤਹਿ ਬਲਾਉਣ ਉਪਰੰਤ ਬਜ਼ਟ ਸਬੰਧੀ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ

ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਵਿੱਚ ਬਿਰਾਜਮਾਨ ਸਤਿਕਾਰਯੋਗ ਸਿੰਘ ਸਾਹਿਬਾਨ, ਪ੍ਰਧਾਨ ਸਾਹਿਬ ਅਤੇ ਮੈਂਬਰ ਸਾਹਿਬਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜੀਓ!

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਸਿੱਖ ਪੰਥ ਦੀ ਸਿਰਮੌਰ ਧਾਰਮਿਕ ਸੰਸਥਾ ਹੈ, ਜਿਸ ਦੀ ਬੁਨਿਆਦ ਸਿੱਖਾਂ ਦੀਆਂ ਕੁਰਬਾਨੀਆਂ ਤੇ ਸ਼ਹੀਦੀਆਂ 'ਤੇ ਰੱਖੀ ਗਈ ਹੈ। ਅੰਗਰੇਜ਼ ਸਾਮਰਾਜ ਦੇ ਵਿਰੁੱਧ ਇਕ ਲੰਮੇ ਸੰਘਰਸ਼ ਉਪ੍ਰੰਤ ਇਸ ਇਤਿਹਾਸਕ ਸੰਸਥਾ ਦੀ ਸਥਾਪਨਾ ਹੋਈ ਸੀ। ਸਿੱਖ ਪੰਥ ਨੂੰ ਮਾਣ ਹੈ ਕਿ ਪਿਛਲੇ ਸਮਿਆਂ ਦੌਰਾਨ ਸਿੱਖ ਪੰਥ ਦੀਆਂ ਬਹੁਤ ਮਹਾਨ, ਉੱਚੀਆਂ-ਸੁੱਚੀਆਂ ਤੇ ਕੁਰਬਾਨੀ ਵਾਲੀਆਂ ਸ਼ਖ਼ਸੀਅਤਾਂ ਨੇ ਇਸ ਮਹਾਨ ਸੰਸਥਾ ਦੀ ਰਹਿਨੁਮਾਈ ਕੀਤੀ ਹੈ। ਅੱਜ ਸਿੱਖ ਪੰਥ ਨੂੰ ਇਸ ਗੱਲ ਦਾ ਬਹੁਤ ਵੱਡਾ ਮਾਣ ਹੈ ਕਿ ਬਹੁਤ ਹੀ ਨੇਕ, ਇਮਾਨਦਾਰ, ਵਿਦਵਾਨ ਅਤੇ ਹਰ ਪੱਖ ਤੋਂ ਧਰਮ ਵਿੱਚ ਪਰਨਾਈ ਅਤੇ ਸਰਬ-ਪ੍ਰਵਾਨਿਤ ਸ਼ਖ਼ਸੀਅਤ ਪ੍ਰੋਫੈਸਰ ਕਿਰਪਾਲ ਸਿੰਘ ਜੀ ਬਡੂੰਗਰ ਨੂੰ ਇਸ ਮਹਾਨ ਜਥੇਬੰਦੀ ਦੀ ਜ਼ਿੰਮੇਵਾਰੀ ਦੀ ਸੇਵਾ ਸੌਂਪੀ ਗਈ ਹੈ।

ਲੰਬੇ ਅਰਸੇ ਬਾਅਦ ਸੁਪਰੀਮ ਕੋਰਟ ਦੇ ਫੈਸਲੇ ਤੋਂ ਪਿੱਛੋਂ, ੫ ਨਵੰਬਰ ੨੦੧੬ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਰਲ ਇਜਲਾਸ ਹੋਇਆ, ਜਿਸ ਵਿੱਚ ਮਾਨਯੋਗ ਪ੍ਰੋਫੈਸਰ ਕਿਰਪਾਲ ਸਿੰਘ ਜੀ ਬਡੂੰਗਰ ਅਤੇ ਮੌਜੂਦਾ ਅੰਤ੍ਰਿੰਗ ਕਮੇਟੀ ਨੂੰ ਪ੍ਰਬੰਧ ਦੇ ਰੂਪ ਵਿੱਚ ਸੇਵਾ ਸੌਂਪੀ ਗਈ ਅਤੇ ਅੱਜ ਇਸ ਦਾ ਪਲੇਠਾ ਬਜ਼ਟ ਇਜਲਾਸ ਹੋ ਰਿਹਾ ਹੈ। ਮੈਂ ਇਸ ਵਿੱਚ ਸ਼ਾਮਲ ਹੋਏ ਸਾਰੇ ਸਤਿਕਾਰਯੋਗ ਮੈਂਬਰ ਸਾਹਿਬਾਨ ਦਾ ਸਵਾਗਤ ਕਰਦਾ ਹਾਂ ਅਤੇ ਸਾਰਿਆਂ ਤੋਂ ਪੂਰਨ ਸਹਿਯੋਗ ਦੀ ਆਸ ਕਰਦਾ ਹਾਂ।

ਇਹ ਮਹਾਨ ਸੰਸਥਾ ਜਿੱਥੇ ਆਪਣੇ ਪਵਿੱਤਰ ਗੁਰਧਾਮਾਂ, ਤਖ਼ਤ ਸਾਹਿਬਾਨਾਂ ਅਤੇ ਇਤਿਹਾਸਕ ਅਸਥਾਨਾਂ ਦੀ ਸੇਵਾ-ਸੰਭਾਲ ਕਰਦੀ ਹੈ, ਉਥੇ ਧਰਮ ਪ੍ਰਚਾਰ ਕਰਨ ਦੇ ਨਾਲ-ਨਾਲ ਸਿੱਖਿਆ ਦੇ ਖੇਤਰ ਤੇ ਸਮਾਜ ਭਲਾਈ ਦੇ ਕੰਮਾਂ ਵਿੱਚ ਵੀ ਅਹਿਮ ਯੋਗਦਾਨ ਪਾਉਂਦੀ ਆ ਰਹੀ ਹੈ। ਮੌਜੂਦਾ ਸਮੇਂ ਅੰਦਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੂਰਾ ਯਤਨ ਕਰ ਰਹੀ ਹੈ ਕਿ ਉਹ ਖਾਲਸਾ ਪੰਥ ਦੀਆਂ ਆਸਾਂ ਤੇ ਉਮੀਦਾਂ ਅਨੁਸਾਰ ਕਾਰਜਸ਼ੀਲ ਹੋ ਸਕੇ, ਜਿਸ ਨੂੰ ਮੁੱਖ ਰੱਖ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਖੇਤਰ ਅੰਦਰ ਬੜੇ ਠੋਸ ਅਤੇ ਅਹਿਮ ਪ੍ਰੋਗਰਾਮ ਉਲੀਕੇ ਜਾ ਰਹੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ **ਸਭ ਤੋਂ ਅਹਿਮ ਨਿਸ਼ਾਨਾ ਆਪਣੀ ਕੌਮ ਦੀ ਨੌਜਵਾਨ ਪੀੜ੍ਹੀ ਨੂੰ ਆਪਣੇ ਧਰਮ ਪ੍ਰਤੀ ਸੁਚੇਤ ਕਰਨਾ** ਤੇ ਆਪਣੇ ਮਹਾਨ ਵਿਰਸੇ ਨਾਲ ਜੋੜ ਕੇ ਹਰ ਚੁਣੌਤੀ ਦੇ ਟਾਕਰੇ ਲਈ ਤਿਆਰ-ਬਰ-ਤਿਆਰ ਕਰਨਾ ਹੈ। ਇਸ ਦਿਸ਼ਾ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਈ ਪ੍ਰੋਗਰਾਮ ਕਰ ਚੁੱਕੀ ਹੈ ਤੇ ਕਈ ਨਵੇਂ ਪ੍ਰੋਗਰਾਮ ਹੋਰ ਉਲੀਕੇ ਜਾ ਰਹੇ ਹਨ। ਪ੍ਰਮੁੱਖ ਤੌਰ 'ਤੇ ੨੨ ਦਸੰਬਰ ੨੦੧੬ ਨੂੰ ਦਸਮੇਸ਼ ਪਿਤਾ ਜੀ ਦੇ ਸਾਹਿਬਜ਼ਾਦਿਆਂ ਦੇ ਮਹਾਨ ਸ਼ਹੀਦੀ ਦਿਵਸ ਨੂੰ ਸਮਰਪਿਤ ਸਮੁੱਚੇ ਪੰਜਾਬ, ਹਿਮਾਚਲ ਤੇ ਹਰਿਆਣਾ ਵਿੱਚ **ਗੁਰਬਾਣੀ ਦਿਵਸ** ਮਨਾਇਆ ਗਿਆ, ਜਿਸ ਵਿੱਚ ਲੱਖਾਂ ਦੀ ਗਿਣਤੀ ਵਿੱਚ ਸਕੂਲਾਂ ਦੇ ਬੱਚਿਆਂ ਨੇ ਸ਼ਿਰਕਤ ਕਰਦਿਆਂ ਜਪੁਜੀ ਸਾਹਿਬ ਤੇ ਚੌਪਈ ਸਾਹਿਬ ਦੇ ਪਾਠ ਕਰਨ ਉਪਰੰਤ ਅਰਦਾਸਾਂ ਕਰਕੇ ਉਨ੍ਹਾਂ ਮਹਾਨ ਬਾਬਿਆਂ ਨੂੰ ਸ਼ਰਧਾ ਭੇਟ ਕੀਤੀ। ਉਸ ਤੋਂ ਬਾਅਦ ੧੦ ਜਨਵਰੀ ੨੦੧੭ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਰਬੰਸਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ੩੫੦ ਸਾਲਾ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਵਿਸ਼ਾਲ **ਸਿੱਖ ਨੌਜਵਾਨ ਚੇਤਨਾ ਸਮਾਗਮ** ਕਰਵਾਇਆ ਗਿਆ, ਜਿਸ ਵਿੱਚ ਪੰਜਾਬ ਭਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੂਲਾਂ/ਕਾਲਜਾਂ ਵਿੱਚ ਵਿਦਿਆ ਪ੍ਰਾਪਤ ਕਰ ਰਹੇ ਲਗਭਗ ੩੦-੩੫ ਹਜ਼ਾਰ ਸਿੱਖ ਵਿਦਿਆਰਥੀਆਂ ਨੇ ਸ਼ਿਰਕਤ

ਕੀਤੀ। ਇਸ ਤੋਂ ਇਲਾਵਾ ਕਈ ਸੈਮੀਨਾਰ ਕਰਵਾਏ ਜਾ ਰਹੇ ਹਨ ਤਾਂ ਜੋ ਬੱਚਿਆਂ ਨੂੰ ਸਾਹਿਬ-ਏ-ਕਮਾਲ ਦਸਮੇਸ਼ ਪਿਤਾ ਦੇ ਜੀਵਨ, ਸੰਘਰਸ਼ ਅਤੇ ਫ਼ਲਸਫ਼ੇ ਬਾਰੇ ਜਾਣਕਾਰੀ ਪ੍ਰਾਪਤ ਹੋ ਸਕੇ।

ਇੱਕ ਹੋਰ ਮਹਾਨ ਕਾਰਜ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਅਦਾਰੇ ਵਿੱਚ ਸੇਵਾਦਾਰ ਤੋਂ ਲੈ ਕੇ ਸਕੱਤਰ ਤੱਕ ਸੇਵਾ ਨਿਭਾ ਰਹੇ ਸਾਰੇ ਕਰਮਚਾਰੀਆਂ, ਕੀਰਤਨੀਆਂ, ਢਾਡੀਆਂ-ਕਵੀਸ਼ਰਾਂ ਤੇ ਪ੍ਰਚਾਰਕਾਂ ਆਦਿ ਨੂੰ ਨਵੇਂ ਯੁੱਗ ਦੀਆਂ ਲੋੜਾਂ ਦੇ ਹਾਣ ਦਾ ਬਨਾਉਣ ਲਈ **ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ ਐਡਵਾਂਸ ਸਟੱਡੀਜ਼ ਇਨ ਸਿੱਖਇਜ਼ਮ, ਬਹਾਦਰਗੜ੍ਹ (ਪਟਿਆਲਾ) ਵਿਖੇ ਵਿਸ਼ੇਸ਼ ਟਰੇਨਿੰਗ ਸਕੂਲ ਆਰੰਭ ਕੀਤਾ ਗਿਆ ਹੈ।**

ਸਿੱਖ ਵਿਦਿਆਰਥੀਆਂ ਅੰਦਰ ਖੇਡਾਂ ਪ੍ਰਤੀ ਉਤਸ਼ਾਹ ਪੈਦਾ ਕਰਨ ਲਈ ਰਾਸ਼ਟਰੀ/ਅੰਤਰ-ਰਾਸ਼ਟਰੀ ਪੱਧਰ ਦੇ ਖਿਡਾਰੀਆਂ ਦਾ ਸਨਮਾਨ ਕਰਨ ਦਾ ਵੀ ਫੈਸਲਾ ਕੀਤਾ ਗਿਆ ਹੈ ਅਤੇ ਆਪਣੇ ਸਕੂਲਾਂ ਅਤੇ ਕਾਲਜਾਂ ਵਿਚ ਖੇਡਾਂ ਦਾ ਮਿਆਰ ਉੱਚਾ ਚੁੱਕਣ ਲਈ ਇੱਕ **ਵੱਖਰਾ ਖੇਡ ਵਿਭਾਗ** ਸਥਾਪਤ ਕੀਤਾ ਗਿਆ ਹੈ।

ਅਜੋਕੇ ਸਮੇਂ ਦੀ **ਸਭ ਤੋਂ ਵੱਡੀ ਚੁਣੌਤੀ ਵਾਤਾਵਰਣ ਦੇ ਗੰਧਲੇਪਨ ਤੋਂ ਸਮਾਜ ਨੂੰ ਬਚਾਉਣ** ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਉਪਰਾਲੇ ਆਰੰਭ ਕੀਤੇ ਗਏ ਹਨ, ਜਿਸ ਤਹਿਤ ੨੩ ਨਵੰਬਰ ੨੦੧੬ ਨੂੰ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਇੱਕ ਵੱਡੀ ਇਕੱਤਰਤਾ ਕਰਕੇ, ਸੱਤਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ **ਵਾਤਾਵਰਣ ਦਿਵਸ** ਵਜੋਂ ਮਨਾਉਣ ਦਾ ਫੈਸਲਾ ਕੀਤਾ ਗਿਆ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ੨੬ ਮਾਰਚ ੨੦੧੭ ਨੂੰ ਗੁਰੂ ਸਾਹਿਬ ਜੀ ਦੇ ਗੁਰਗੱਦੀ ਅਸਥਾਨ ਗੁ: ਸ਼ੀਸ਼ ਮਹਿਲ ਸਾਹਿਬ, ਕੀਰਤਪੁਰ ਸਾਹਿਬ ਦੇ ਨੌਂ ਲੱਖਾ ਬਾਗ ਵਿੱਚ ਵਾਤਾਵਰਣ ਸਬੰਧੀ ਵਿਸ਼ਾਲ ਸਮਾਗਮ ਕੀਤੇ ਗਏ। ਇਸੇ ਤਰ੍ਹਾਂ ਪੰਜਾਬ ਭਰ ਵਿੱਚ ਅਤੇ ਹੋਰ ਗੁਰਦੁਆਰਾ ਸਾਹਿਬਾਨ ਵਿਖੇ ਵੀ ਵਾਤਾਵਰਣ ਦਿਵਸ ਮਨਾਇਆ ਗਿਆ ਜਿਸ ਵਿੱਚ ਸਮੁੱਚੀਆਂ ਧਾਰਮਿਕ ਸ਼ਖ਼ਸੀਅਤਾਂ, ਵਾਤਾਵਰਣ ਪ੍ਰੇਮੀਆਂ ਅਤੇ ਖਾਸ ਕਰਕੇ ਸੰਤ ਬਾਬਾ ਬਲਬੀਰ ਸਿੰਘ ਜੀ ਸੀਚੇਵਾਲ ਵਾਲਿਆਂ, ਖੇਤੀਬਾੜੀ ਯੂਨੀਵਰਸਿਟੀ ਦੇ ਮਾਹਰ ਡਾਕਟਰਾਂ ਨੇ ਸ਼ਿਕਰਤ ਕੀਤੀ ਅਤੇ ਨਵੇਂ ਔਸ਼ਧੀ ਪੌਦੇ ਲਗਾਏ ਗਏ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ **ਵਿਦਿਆ ਦੇ ਖੇਤਰ** ਵਿਚ ਪਾਇਆ ਜਾ ਰਿਹਾ ਅਹਿਮ ਯੋਗਦਾਨ ਵੀ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਵਿਦਿਅਕ ਅਦਾਰਿਆਂ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਸਿੱਖ ਵਿਦਵਾਨਾਂ ਦੀ ਕਮੇਟੀ ਗਠਿਤ ਕੀਤੀ ਗਈ ਹੈ ਜੋ ਇਸ ਦੇ ਨਿਯਮਾਂ ਤੋਂ ਲੈ ਕੇ ਯੋਗ ਪ੍ਰਬੰਧਾਂ ਦੇ ਨਾਲ-ਨਾਲ ਰੂਪ ਰੇਖਾ ਤੇ ਉਦੇਸ਼ ਉਲੀਕੇਗੀ। ਇਸ ਤੋਂ ਇਲਾਵਾ **ਵਿਦਿਅਕ ਸੰਸਥਾਵਾਂ ਨੂੰ ਚੁਸਤ ਦਰੁਸਤ ਕਰਨ ਲਈ ਅਕੈਡਮਿਕ ਆਡਿਟ** ਸ਼ੁਰੂ ਕੀਤਾ ਗਿਆ ਹੈ ਜੋ ੨ ਮਹੀਨੇ ਤੱਕ ਪੂਰਾ ਹੋ ਜਾਵੇਗਾ। ਸਕੂਲਾਂ ਅਤੇ ਕਾਲਜਾਂ ਦੇ ਅੰਦਰ, ਨਵੇਂ-ਨਵੇਂ ਈਜ਼ਾਦ ਹੋਏ ਢੰਗ ਤਰੀਕੇ ਅਪਣਾ ਕੇ ਵਿਦਿਆਰਥੀਆਂ ਨੂੰ ਆਉਣ ਵਾਲੇ ਸਮੇਂ ਵਿੱਚ ਹਰ ਪੱਧਰ 'ਤੇ ਹੋਣ ਵਾਲੇ ਮੁਕਾਬਲਿਆਂ ਲਈ ਤਿਆਰ ਕੀਤਾ ਜਾਵੇਗਾ। ਵਿਦਿਆਰਥੀ ਵਰਗ ਨੂੰ ਸਿੱਖ ਧਰਮ ਵਿੱਚ ਪ੍ਰਪੱਕ ਤੇ ਤਿਆਰ-ਬਰ-ਤਿਆਰ ਕਰਨ ਲਈ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਚਲਦੇ ਵਿਦਿਅਕ ਅਦਾਰਿਆਂ ਦੇ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਧਰਮ ਪ੍ਰਚਾਰ ਕਮੇਟੀ ਰਾਹੀਂ ਫੀਸਾਂ ਲਈ ਵਿਸ਼ੇਸ਼ ਵਜ਼ੀਫ਼ੇ ਦੇਣ ਦਾ ਵੀ ਫੈਸਲਾ ਕੀਤਾ ਗਿਆ ਹੈ। ਇਕ ਹੋਰ ਅਹਿਮ ਫੈਸਲੇ ਰਾਹੀਂ ਸ਼੍ਰੋ: ਗੁ: ਪ੍ਰ: ਕਮੇਟੀ ਦੇ ਪ੍ਰਬੰਧ ਹੇਠ ਚਲਦੇ ਸਕੂਲਾਂ 'ਚ ਪ੍ਰਾਇਮਰੀ ਵਿੰਗ (ਪਹਿਲੀ ਤੋਂ ਪੰਜਵੀਂ ਤੱਕ) ਲਈ **ਧਾਰਮਿਕ ਵਿਦਿਆ ਨੂੰ ਜ਼ਰੂਰੀ ਵਿਸ਼ੇ ਵਜੋਂ ਸ਼ਾਮਲ ਕੀਤਾ ਜਾ ਰਿਹਾ ਹੈ।**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪਣੀ ਨੌਜਵਾਨ ਪੀੜ੍ਹੀ ਨੂੰ ਕੌਮ ਦੀਆਂ **ਮਹਾਨ ਅਤੇ ਇਤਿਹਾਸਕ ਸ਼ਖ਼ਸੀਅਤਾਂ** ਦੀ ਜਾਣਕਾਰੀ ਦੇਣ ਲਈ ਉਹਨਾਂ ਸ਼ਖ਼ਸੀਅਤਾਂ ਦੇ ਦਿਹਾੜੇ ਮਨਾਉਣ ਦਾ ਫ਼ੈਸਲਾ ਵੀ ਕੀਤਾ ਗਿਆ ਹੈ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾਂ ਦੇ ਮਹਾਨ ਜੀਵਨ ਤੋਂ ਪ੍ਰੇਰਣਾ ਲੈ ਸਕਣ। ਸਿੱਖ

ਕੌਮ ਦੀ ਮਹਾਨ ਤੇ ਪਿਆਰੀ ਸ਼ਖ਼ਸੀਅਤ **ਭਾਈ ਮਰਦਾਨਾ ਜੀ** ਦੀ ੪੭੭ ਸਾਲਾ ਯਾਦ ਦੀਵਾਨ ਹਾਲ, ਮੰਜੀ ਸਾਹਿਬ ਵਿਖੇ ਮਨਾਈ ਗਈ। ਇਸੇ ਤਰ੍ਹਾਂ ਉਹਨਾਂ **ਮਹਾਨ ਭਗਤਾਂ ਅਤੇ ਸ਼ਖ਼ਸੀਅਤਾਂ ਦੇ ਦਿਹਾੜੇ** ਵੀ ਮਨਾਏ ਗਏ ਜਿਨ੍ਹਾਂ ਨੂੰ ਸਤਿਗੁਰੂ ਪਾਤਿਸ਼ਾਹ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬਾਣੀ ਦਰਜ ਕਰਕੇ ਮਹਾਨ ਸਥਾਨ ਦਿੱਤਾ ਹੈ। ਪਿਛਲੇ ਸਮੇਂ ਦੌਰਾਨ **ਭਾਈ ਮੋਤੀ ਰਾਮ ਮਹਿਰਾ**, **ਭਾਈ ਜੀਵਨ ਸਿੰਘ** (ਭਾਈ ਜੈਤਾ ਜੀ) ਅਤੇ **ਭਾਈ ਸੰਗਤ ਸਿੰਘ ਜੀ** ਦੇ ਦਿਹਾੜੇ ਵੀ ਮਨਾਏ ਗਏ। ਇਸੇ ਲੜੀ ਤਹਿਤ **ਅਕਾਲੀ ਕੌਰ ਸਿੰਘ** ਜੀ ਦੀ ਯਾਦ ਵਿੱਚ ੨੩ ਮਾਰਚ ੨੦੧੭ ਨੂੰ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਇੱਕ ਬਹੁਤ ਹੀ ਆਧੁਨਿਕ ਕਿਸਮ ਦੀ ਲਾਇਬ੍ਰੇਰੀ ਦਾ ਪ੍ਰਾਰੰਭ ਕੀਤਾ ਜਾ ਚੁੱਕਾ ਹੈ।

ਇਸ ਤੋਂ ਇਲਾਵਾ **ਸਿੱਖ ਪੰਥ ਦੇ ਵੇਦ ਵਿਆਸ ਭਾਈ ਗੁਰਦਾਸ ਜੀ** ਦੀ ਯਾਦ ਵੀ ਵੱਡੀ ਪੱਧਰ 'ਤੇ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ। **ਭਾਈ ਲੱਖੀ ਸ਼ਾਹ ਵਣਜਾਰਾ** ਅਤੇ **ਭਾਈ ਮੱਖਣ ਸ਼ਾਹ ਲੁਬਾਣਾ** ਵਰਗੇ ਗੁਰੂ ਘਰ ਦੇ ਅਨਿਨ ਸੇਵਕਾਂ ਦੀ ਯਾਦ ਹਰ ਸਾਲ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਮਨਾਈ ਜਾਵੇਗੀ। ਇਸੇ ਤਰ੍ਹਾਂ **ਮਹਾਨ ਕਰਮਯੋਗੀ ਮਹਾਂਪੁਰਸ਼ ਸੰਤ ਬਾਬਾ ਨਿਧਾਨ ਸਿੰਘ ਜੀ ਲੰਗਰਾਂ ਵਾਲੇ**, ਹਜ਼ੂਰ ਸਾਹਿਬ ਦੀ ਮਿੱਠੀ ਤੇ ਪਿਆਰੀ ਯਾਦ ਮਨਾਉਣ ਦਾ ਫ਼ੈਸਲਾ ਵੀ ਕੀਤਾ ਗਿਆ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੀ ਸਹੂਲਤ ਵਾਸਤੇ ਜਿੱਥੇ ਹੋਰ ਪ੍ਰਬੰਧ ਕੀਤੇ ਜਾਂਦੇ ਹਨ ਉੱਥੇ ਸ਼ਰਧਾਲੂਆਂ ਦੀ ਵੱਧ ਰਹੀ ਆਮਦ ਨੂੰ ਮੁੱਖ ਰੱਖਦਿਆਂ ਹੋਰ ਸਰਾਵਾਂ ਦੀ ਵਿਸ਼ੇਸ਼ ਲੋੜ ਮਹਿਸੂਸ ਕੀਤੀ ਜਾ ਰਹੀ ਹੈ ਤੇ ਇਸ ਮਕਸਦ ਲਈ ਅਕਾਲੀ ਮਾਰਕੀਟ ਦੇ ਨੇੜੇ ੧੦੦੦ ਕਮਰਿਆਂ ਦੀ ਸਰਾਂ ਆਉਣ ਵਾਲੇ ਸਾਲਾਂ ਵਿੱਚ ਤਿਆਰ ਕਰਵਾਈ ਜਾਵੇਗੀ। ਮੌਜੂਦਾ ਸਮੇਂ ਅੰਦਰ ਕੰਮ ਕਰ ਰਹੀਆਂ ਸਰਾਵਾਂ ਨੂੰ ਆਨ ਲਾਈਨ ਕਰਨ ਦਾ ਫ਼ੈਸਲਾ ਲਿਆ ਗਿਆ ਹੈ ਤਾਂ ਜੋ ਸੰਗਤਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਤੋਂ ਬਚਾਇਆ ਜਾ ਸਕੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗੁ: ਸਤਲਾਣੀ ਸਾਹਿਬ ਵਿਖੇ ਕੁਦਰਤੀ ਖੇਤੀ ਆਰੰਭ ਕੀਤੀ ਜਾ ਚੁੱਕੀ ਹੈ, ਜਿਸ ਵਿਚੋਂ ਪੈਦਾ ਹੋਣ ਵਾਲੀਆਂ ਸਬਜ਼ੀਆਂ ਲੰਗਰ ਹਾਲ ਗੁਰੂ ਰਾਮਦਾਸ ਜੀ ਵਿਖੇ ਵਰਤੀਆਂ ਜਾ ਰਹੀਆਂ ਹਨ। ਉਪਰੋਕਤ ਸਾਰੇ ਅਹਿਮ ਕਾਰਜਾਂ ਲਈ ਮੌਜੂਦਾ ਇਸ ਬਜ਼ਟ ਵਿਚ ਵਿਸ਼ੇਸ਼ ਫੰਡ ਰੱਖੇ ਗਏ ਹਨ।

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਜ਼ਟ ਸਬੰਧੀ ਦਾਸ ਇਹ ਸਪੱਸ਼ਟ ਕਰਨਾ ਜ਼ਰੂਰੀ ਸਮਝਦਾ ਹੈ ਕਿ ਇਸ ਦਾ ਆਪਣਾ ਬਜ਼ਟ ਗੁਰਦੁਆਰਾ ਸਾਹਿਬਾਨ ਪਾਸੋਂ ਨੀਯਤ ਕੀਤੇ ਫੰਡਾਂ 'ਤੇ ਹੀ ਨਿਰਭਰ ਹੁੰਦਾ ਹੈ। ਹੇਠਾਂ ਦਿੱਤੇ ਬਜ਼ਟ ਜਨਰਲ ਬੋਰਡ ਫੰਡ, ਟਰੱਸਟ ਫੰਡ, ਵਿੱਦਿਆ ਫੰਡ ਅਤੇ ਧਰਮ ਪ੍ਰਚਾਰ ਕਮੇਟੀ ਦੀ ਆਮਦਨ ਦਾ ਵੱਡਾ ਹਿੱਸਾ ਕੇਵਲ ਗੁਰਦੁਆਰਾ ਸਾਹਿਬਾਨ ਪਾਸੋਂ ਨਿਯਮਾਂ ਅਨੁਸਾਰ ਇਕੱਤਰ ਕੀਤੇ ਜਾਂਦੇ ਫੰਡਾਂ 'ਤੇ ਹੀ ਨਿਰਭਰ ਕਰਦਾ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਆਪਣੀ ਨਿਰੋਲ ਆਮਦਨ ਤਾਂ ਕੇਵਲ ਬੈਂਕਾਂ ਦੇ ਵਿਆਜ, ਠੇਕੇ ਜ਼ਮੀਨਾਂ, ਮੁਲਾਜ਼ਮਾਂ ਵੱਲੋਂ ਕੈਂਸਰ ਫੰਡ ਲਈ ਜਮ੍ਹਾਂ ਕਰਵਾਈ ਰਾਸ਼ੀ ਆਦਿ ਦੀ ਹੀ ਹੁੰਦੀ ਹੈ।**

ਬਜ਼ਟ ਸਬ-ਕਮੇਟੀ ਵੱਲੋਂ ਸਾਲ ੨੦੧੭-੨੦੧੮ ਦੇ ਬਜ਼ਟਾਂ ਦੀ ਕੀਤੀ ਘੋਖ-ਪੜਤਾਲ ਦੇ ਅਧਾਰ 'ਤੇ ਅੰਤ੍ਰਿੰਗ ਕਮੇਟੀ ਵੱਲੋਂ ਕੀਤੀ ਸਿਫਾਰਸ਼ ਅਨੁਸਾਰ ਤਰਤੀਬ ਵਾਰ ਵੇਰਵਾ, ਸੰਖੇਪ ਤੌਰ 'ਤੇ ਹੇਠ ਲਿਖੇ ਅਨੁਸਾਰ ਹੈ:-

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਆਪਣਾ ਕੁਲ ਬਜ਼ਟ ਇਕ ਅਰਬ, ਅਠਤਾਲੀ ਕਰੋੜ, ਉਨੱਤਰ ਲੱਖ ਰੁਪਏ ਦਾ ਹੈ। ਇਸ ਨੂੰ ਤਿੰਨ ਮੁੱਖ ਭਾਗਾਂ-ਜਨਰਲ ਬੋਰਡ ਫੰਡ, ਟਰੱਸਟ ਫੰਡ ਅਤੇ ਵਿਦਿਆ ਫੰਡ ਵਿੱਚ ਵੰਡਿਆ ਗਿਆ ਹੈ।

| | | | |
|---|---|---|---|
| (੧) | ਜਨਰਲ ਬੋਰਡ ਫੰਡ ਸ਼੍ਰੋਮਣੀ ਗੁ: ਪ੍ਰ: ਕਮੇਟੀ | : | ਚੌਂਹਠ ਕਰੋੜ ਪੰਜਾਹ ਲੱਖ ਰੁਪਏ। |
| (੨) | ਟਰੱਸਟ ਫੰਡ ਸ਼੍ਰੋਮਣੀ ਗੁ: ਪ੍ਰ: ਕਮੇਟੀ | : | ਇੱਕਵਿੰਜ਼ਾ ਕਰੋੜ ਉੱਨੀ ਲੱਖ ਰੁਪਏ। |
| (੩) | ਵਿਦਿਆ ਫੰਡ ਸ਼੍ਰੋਮਣੀ ਗੁ: ਪ੍ਰ: ਕਮੇਟੀ | : | ਤੇਤੀ ਕਰੋੜ ਰੁਪਏ। |

## ਜਨਰਲ ਬੋਰਡ ਫੰਡ

ਜਨਰਲ ਬੋਰਡ ਫੰਡ ਦੀ ਬਣਤਰ ਸਿੱਖ ਗੁਰਦੁਆਰਾ ਐਕਟ ੧੯੨੫ ਦੀ ਧਾਰਾ ੧੦੯ ਅਨੁਸਾਰ ਹੈ। ਇਸ ਫੰਡ ਦੀ ਸਿੱਧੇ ਤੌਰ 'ਤੇ ਆਮਦਨ ਦਾ ਮੁੱਖ ਸਰੋਤ ਦਸਵੰਧ ਹੈ, ਜੋ ਕਿ ਗੁਰਦੁਆਰਾ ਸਾਹਿਬਾਨ ਸੈਕਸ਼ਨ ੮੫ ਅਤੇ ੮੭ ਪਾਸੋਂ ਨਿਯਮਾਂ ਅਨੁਸਾਰ ਉਨ੍ਹਾਂ ਦੀ ਅਸਲ ਆਮਦਨ ਦਾ ੧੦% ਹਿੱਸਾ ਹੀ ਹੁੰਦਾ ਹੈ। ਇਸ ਤੋਂ ਇਲਾਵਾ ਬੈਂਕ ਖਾਤਿਆਂ ਦੇ ਵਿਆਜ ਦੀ ਆਮਦਨ ਵੀ ਇਸ ਬਜ਼ਟ ਦਾ ਸਰੋਤ ਬਣਦੀ ਹੈ। ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਮੁਲਾਜ਼ਮਾਂ ਦੀਆਂ ਤਨਖਾਹਾਂ, ਸਫਰ ਖਰਚ, ਮੁਕੱਦਮਿਆਂ ਦੇ ਖਰਚ, ਆਡਿਟ ਫੀਸ, ਡਾਕ ਖਰਚ, ਗੱਡੀਆਂ ਦੇ ਖਰਚ, ਇਮਾਰਤਾਂ ਦੇ ਖਰਚ ਅਤੇ ਸਹਾਇਤਾ ਆਦਿ ਇਸ ਫੰਡ ਦੇ ਮੁੱਖ ਖਰਚੇ ਹਨ।

ਪਿਛਲੇ ਸਾਲਾਂ 'ਚ ਅੰਤ੍ਰਿੰਗ ਕਮੇਟੀ ਦੇ ਹੋਏ ਫ਼ੈਸਲਿਆਂ ਅਨੁਸਾਰ ਜਨਰਲ ਬੋਰਡ ਫੰਡ ਵਿੱਚੋਂ ਸ਼੍ਰੋਮਣੀ ਕਮੇਟੀ ਦੇ ੧੨ ਸਕੂਲਾਂ/ਕਾਲਜਾਂ ਦੀ ਇਮਾਰਤ ਅਤੇ ਮੁਰੰਮਤਾਂ ਦਾ ਕਾਰਜ ਚੱਲ ਰਿਹਾ ਹੈ। ਪ੍ਰਵਾਨਿਤ ਐਸਟੀਮੇਟ ਉੱਨੀ ਕਰੋੜ ਸੋਲ੍ਹਾਂ ਲੱਖ ਰੁਪਏ ਵਿੱਚੋਂ ਹੁਣ ਤੱਕ ਕਰੀਬ ਚੌਦਾਂ ਕਰੋੜ ਸੋਲਾਂ ਲੱਖ ਰੁਪਏ, ਇਸ ਕਾਰਜ ਲਈ ਖਰਚ ਹੋ ਚੁੱਕੇ ਹਨ। ਇਸ ਸਾਲ ਦੇ ਬਜ਼ਟ 'ਚ ਇਹਨਾਂ ਸਕੂਲਾਂ/ਕਾਲਜਾਂ ਦੀਆਂ ਇਮਾਰਤਾਂ ਮੁਕੰਮਲ ਕਰਨ ਲਈ ਪੰਜ ਕਰੋੜ ਰੁਪਏ ਜਨਰਲ ਬੋਰਡ ਫੰਡ ਵਿੱਚ ਰੱਖੇ ਗਏ ਹਨ।

ਮੀਰੀ ਪੀਰੀ ਮੈਡੀਕਲ ਕਾਲਜ ਸ਼ਾਹਬਾਦ ਮਾਰਕੰਡਾ (ਹਰਿਆਣਾ) ਲਈ ਜਨਰਲ ਬੋਰਡ ਫੰਡ ਦੇ ਬਜ਼ਟ ਵਿੱਚੋਂ ਪਿਛਲੇ ਸਾਲ ਦੀ ਤਰ੍ਹਾਂ **ਛੇ ਕਰੋੜ ਰੁਪਏ** ਸਹਾਇਤਾ ਵਜੋਂ ਰੱਖੇ ਗਏ ਹਨ। ਇਸੇ ਹੀ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ ਲਈ **ਚਾਰ ਕਰੋੜ ਪੰਜਾਹ ਲੱਖ ਰੁਪਏ** ਜਨਰਲ ਬੋਰਡ ਫੰਡ ਵਿੱਚੋਂ ਬਤੌਰ ਸਹਾਇਤਾ ਰੱਖੇ ਗਏ ਹਨ।

ਸਬ-ਆਫਿਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਚੰਡੀਗੜ੍ਹ ਵਿਖੇ ਚੱਲ ਰਿਹਾ ਹੈ। ਜਿਸ ਵਿੱਚ ਗੁਰਦੁਆਰਾ ਸਾਹਿਬਾਨ ਨਾਲ ਸਬੰਧਤ ਮੁਕੱਦਮਿਆਂ ਦੇ ਕੇਸਾਂ ਦੀ ਪੈਰਵੀ ਕੀਤੀ ਜਾਂਦੀ ਹੈ। ਵਕੀਲਾਂ ਦੀਆਂ ਫੀਸਾਂ ਅਤੇ ਮੁਲਾਜ਼ਮਾਂ ਦੀਆਂ ਤਨਖਾਹਾਂ ਤੇ ਹੋਣ ਵਾਲੇ ਖਰਚਾਂ ਲਈ ਇਸ ਸਾਲ ਦੇ ਬਜ਼ਟ ਵਿੱਚ **ਇੱਕ ਕਰੋੜ ਵੀਹ ਲੱਖ ਰੁਪਏ** ਰੱਖੇ ਹਨ। ਹਰਿਆਣਾ ਵਿੱਚ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਸੁਚਾਰੂ ਰੂਪ 'ਚ ਚਲਾਉਣ ਲਈ ਕੁਰੂਕਸ਼ੇਤਰ ਵਿਖੇ ਸਬ-ਆਫਿਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਇਆ ਗਿਆ ਹੈ। ਇਸ ਦੇ ਖਰਚਾਂ ਲਈ **ਚਾਲੀ ਲੱਖ ਰੁਪਏ** ਜਨਰਲ ਬੋਰਡ ਫੰਡ ਵਿੱਚ ਰੱਖੇ ਗਏ ਹਨ।

ਅੱਜ ਦੇ ਤੇਜ਼ ਰਫਤਾਰ ਯੁੱਗ 'ਚ ਆਵਾਜਾਈ ਦੀ ਰਫਤਾਰ ਦਿਨੋਂ ਦਿਨ ਵਧਣ ਕਾਰਣ ਦੁਰਘਟਨਾਵਾਂ ਦਾ ਖਤਰਾ ਵੀ ਵੱਧਦਾ ਜਾ ਰਿਹਾ ਹੈ। ਇਸੇ ਹੀ ਕਾਰਣ ਪਿਛਲੇ ਸਾਲਾਂ ਦੀ ਤਰ੍ਹਾਂ ਚਾਲੂ ਮਾਲੀ ਸਾਲ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨ ਅਤੇ ਮੁਲਾਜ਼ਮਾਂ ਦੀ ਐਕਸੀਡੈਂਟਲ ਤੇ ਮੈਡੀਕਲ ਇੰਸ਼ੋਰੈਂਸ ਕਰਵਾਈ ਜਾ ਚੁੱਕੀ ਹੈ, ਜਿਸ ਪੁਰ **ਸੱਠ ਲੱਖ ਪਚਾਸੀ ਹਜ਼ਾਰ ਰੁਪਏ** ਖਰਚ ਹੋਏ ਹਨ। ਮੈਡੀਕਲ ਇੰਸ਼ੋਰੈਂਸ ਸਕੀਮ ਵਿੱਚ ਬੀਮਾਧਾਰਕ ਸਮੇਤ ਉਸ ਦੇ ਕੁੱਲ ਪੰਜ ਪ੍ਰਵਾਰਿਕ ਮੈਂਬਰ ਸ਼ਾਮਿਲ ਹੋਣਗੇ। ਇਸ ਸਕੀਮ 'ਚ ਉਹਨਾਂ ਦਾ ਮੁਫ਼ਤ ਇਲਾਜ ਕਰਵਾਉਣ ਦੀ ਸਹੂਲਤ ਹੋਵੇਗੀ ਅਤੇ ਬੀਮਾਧਾਰਕ ਨਾਲ ਕਿਸੇ ਤਰ੍ਹਾਂ ਦੀ ਅਣ-ਸੁਖਾਵੀਂ ਦੁਰਘਟਨਾ ਵਾਪਰਨ 'ਤੇ ਬੀਮਾ ਕੰਪਨੀ ਵੱਲੋਂ ਬਣਦਾ ਕਲੇਮ ਦਿੱਤਾ ਜਾਵੇਗਾ। ਸੇਵਾਮੁਕਤ ਕਰਮਚਾਰੀਆਂ ਪਾਸ ਕੰਮ-ਕਾਜ ਦਾ ਵਿਸ਼ਾਲ ਤਜਰਬਾ ਹੁੰਦਾ ਹੈ ਅਤੇ ਇਸ ਦਾ ਲਾਭ ਲੈਣ ਲਈ ਸੰਸਥਾ ਵੱਲੋਂ ਉਹਨਾਂ ਨਾਲ ਤਾਲਮੇਲ ਬਣਾ ਕੇ ਰੱਖਣਾ ਸੰਸਥਾ ਦੇ ਹਿਤਾਂ ਵਿੱਚ ਹੁੰਦਾ ਹੈ। ਇਸੇ ਹੀ ਕਾਰਣ ਮਾਨਯੋਗ ਪ੍ਰਧਾਨ ਸਾਹਿਬ ਵੱਲੋਂ ਵਿਸ਼ੇਸ਼ ਦਿਲਚਸਪੀ ਦਿਖਾਉਣ ਤੇ ਅੰਤ੍ਰਿੰਗ ਕਮੇਟੀ ਵੱਲੋਂ ਦੂਸਰੇ ਮੁਲਾਜ਼ਮਾਂ ਵਾਂਗ ਰਿਟਾਇਰਡ ਮੁਲਾਜ਼ਮਾਂ ਦੀ ਇੰਸ਼ੋਰੈਂਸ ਲਈ ਬਣਦੇ ਪ੍ਰੀਮੀਅਮ ਦੀ ਅੱਧੀ ਰਕਮ ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ ਦੇਣ ਦਾ ਫੈਸਲਾ ਕੀਤਾ ਗਿਆ ਹੈ। ਇਸ ਸਾਲ ਦੇ ਬਜ਼ਟ 'ਚ ਮੈਂਬਰ ਸਾਹਿਬਾਨ ਸ਼੍ਰੋਮਣੀ ਗੁ: ਪ੍ਰ: ਕਮੇਟੀ ਅਤੇ ਮੁਲਾਜ਼ਮਾਂ ਦੀ ਐਕਸੀਡੈਂਟਲ ਤੇ ਮੈਡੀਕਲ ਇੰਸ਼ੋਰੈਂਸ ਲਈ **ਸੱਤਰ ਲੱਖ ਤਰਵਿੰਜਾ ਹਜ਼ਾਰ ਰੁਪਏ** ਰੱਖੇ ਗਏ ਹਨ।

ਸਾਲ ੨੦੧੫-੨੦੧੬ ਵਿੱਚ ਖਾਲਸਾ ਕਾਲਜ ਪਟਿਆਲਾ ਦੀ ਜ਼ਮੀਨ ਖ੍ਰੀਦ ਕਰਨ ਸਮੇਂ ਉਨਾਸੀ ਕਰੋੜ ਸਤਾਹਠ ਲੱਖ ਚੌਂਤੀ ਹਜ਼ਾਰ ਪੰਜ ਸੌ ਰੁਪਏ ਅਦਾ ਕੀਤੇ ਗਏ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਉਸ ਸਮੇਂ ਫੰਡਜ਼ ਉਪਲਬਧ ਨਾ ਹੋਣ ਕਰਕੇ ਦੂਸਰੇ ਅਦਾਰਿਆਂ ਪਾਸੋਂ ਕਰਜ਼ਾ ਲਿਆ ਗਿਆ ਸੀ, ਇਸ ਮਾਲੀ ਸਾਲ 'ਚ ਇਸ ਕਰਜ਼ੇ ਵਿੱਚੋਂ **ਚੌਦਾਂ ਕਰੋੜ ਅੱਠ ਲੱਖ ਪੰਜਾਹ ਹਜ਼ਾਰ ਰੁਪਏ** ਵਾਪਸ ਕਰਨ ਦੀ ਪ੍ਰੋਵੀਜ਼ਨ ਰੱਖੀ ਗਈ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁ: ਸਾਹਿਬਾਨ ਸੈਕਸ਼ਨ-੮੫ ਤੇ ੮੭, ਸਕੂਲਾਂ/ਕਾਲਜਾਂ ਅਤੇ ਸਬੰਧਤ ਅਦਾਰਿਆਂ ਦੇ ਪ੍ਰਬੰਧ ਨੂੰ ਸੁਚਾਰੂ ਰੂਪ 'ਚ ਚਲਾਉਣ ਲਈ ਵੱਖ-ਵੱਖ ਵਿਭਾਗਾਂ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਕਾਰਜ ਦੀ ਪੂਰਤੀ ਆਪਣੇ ਸੈਂਕੜੇ ਮੁਲਾਜ਼ਮਾਂ ਰਾਹੀਂ ਕਰਵਾਈ ਜਾਂਦੀ ਅਤੇ ਇਹਨਾਂ ਦੀਆਂ ਤਨਖਾਹਾਂ ਅਦਾ ਕਰਨ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੱਡੀ ਜ਼ਿੰਮੇਵਾਰੀ ਹੁੰਦੀ ਹੈ। ਅਗਲੇ ਸਾਲ ਦੇ ਬਜ਼ਟ ਵਿੱਚ ਇਸ ਕਾਰਜ ਲਈ **ਇੱਕੀ ਕਰੋੜ ਪੰਜਾਹ ਲੱਖ ਰੁਪਏ** ਰੱਖੇ ਗਏ ਹਨ।

ਸਾਲ ੨੦੧੬-੨੦੧੭ ਦੇ ਬਜ਼ਟ 'ਚ ਕਾਰਾਂ ਦੇ ਖਰਚਾਂ ਵਾਸਤੇ ਅੱਸੀ ਲੱਖ ਰੁਪਏ ਰੱਖੇ ਗਏ ਸਨ। ਇਸ ਸਾਲ ਮਾਨਯੋਗ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਜੀ ਬਡੂੰਗਰ ਵੱਲੋਂ ਪ੍ਰਬੰਧਾਂ ਵਿੱਚ ਕੀਤੀਆਂ ਵਿਸ਼ੇਸ਼ ਤਬਦੀਲੀਆਂ ਕਾਰਣ ਇਸ ਸਾਲ ਲਈ ਇਹ ਮੱਦ ਘਟਾਅ ਕੇ **ਪੰਜਾਹ ਲੱਖ ਰੁਪਏ** ਕਰ ਦਿੱਤੀ ਗਈ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੰਟਰਨੈੱਟ ਵਿਭਾਗ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਚੱਲ ਰਿਹਾ ਲਾਈਵ ਕੀਰਤਨ (ਆਡੀਓ) ਇੰਟਰਨੈੱਟ ਰਾਹੀਂ ਸਰਵਣ ਕਰਵਾਇਆ ਜਾਂਦਾ ਹੈ, ਜਿਸ ਦਾ ਸੰਗਤਾਂ ਵੱਲੋਂ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਇਸ ਤੋਂ ਇਲਾਵਾ ਸਿੱਖ ਰਹਿਤ ਮਰਯਾਦਾ ਅਤੇ ਸਿੱਖ ਧਰਮ ਨਾਲ ਸਬੰਧਤ ਪੁਸਤਕਾਂ ਭੀ ਇੰਟਰਨੈੱਟ ਪੁਰ ਮੌਜੂਦ ਹਨ। ਇਸ ਸਾਲ ਸੰਗਤਾਂ ਦੀ ਸਹੂਲਤ ਲਈ ਮੋਬਾਇਲ ਆਈਫੋਨ ਐਪ ਅਤੇ ਐਂਡਰਾਈਡ ਐਪ ਲਾਂਚ ਕੀਤੀ ਜਾਵੇਗੀ, ਜਿਸ ਨਾਲ ਸੰਸਾਰ ਦੇ ਹਰ ਕੋਨੇ ਵਿੱਚ ਵੱਸਦਾ ਸ਼ਰਧਾਲੂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਾਲ ਇਸ ਰਾਹੀਂ ਸੰਪਰਕ ਬਣਾ ਸਕੇਗਾ। ਇਸ ਵਿਭਾਗ ਰਾਹੀਂ ਆਨ-ਲਾਈਨ ਕਮਰੇ ਬੁੱਕ ਕਰਨ ਦੀ ਸਹੂਲਤ **www.sgpcsarai.com** ਵੈਬਸਾਈਟ ਰਾਹੀਂ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਇਸ ਰਾਹੀਂ ਸੰਗਤਾਂ ਮਾਤਾ ਗੰਗਾ ਜੀ ਨਿਵਾਸ ਵਿਚ ਕਮਰੇ ਬੁੱਕ ਕਰਵਾ ਸਕਦੀਆਂ ਹਨ। ਇੰਟਰਨੈਟ ਵਿਭਾਗ ਵਾਸਤੇ ਸਮਾਨ, ਲੀਜ਼ ਲਾਈਨ, ਅਤੇ ਤਨਖਾਹ ਖਾਤੇ ਕੁੱਲ **ਪੈਂਤੀ ਲੱਖ ਰੁਪਏ** ਰੱਖੇ ਗਏ ਹਨ।

## ਵਿਦਿਆ ਫੰਡ

ਵਿਦਿਆ ਦੇ ਪ੍ਰਸਾਰ ਲਈ ਪ੍ਰਬੰਧ ਸਕੀਮ ਅਨੁਸਾਰ ਗੁ: ਸਾਹਿਬਾਨ ਸੈਕਸ਼ਨ ੮੫ ਦੀ ਅਸਲ ਆਮਦਨ ਦਾ ੫% ਵਿਦਿਆ ਫੰਡਜ਼ ਵਜੋਂ ਇਕੱਤਰ ਕੀਤਾ ਜਾਂਦਾ ਹੈ। ਇਹ ਰਕਮ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਪ੍ਰਬੰਧ 'ਚ ਚਲਦੇ ਸਕੂਲਾਂ/ਕਾਲਜਾਂ ਦੇ ਅਨ-ਏਡਿਡ ਸਟਾਫ ਦੀਆਂ ਤਨਖਾਹਾਂ, ਏਡਿਡ ਸਕੂਲਾਂ/ਕਾਲਜਾਂ ਦੇ ਗਵਰਨਿੰਗ ਬਾਡੀ ਦਾ ਬਣਦਾ ੫% ਹਿੱਸਾ, ਸਕੂਲਾਂ/ਕਾਲਜਾਂ ਦੀਆਂ ਇਮਾਰਤਾਂ, ਇਹਨਾਂ ਲਈ ਲੋੜੀਂਦੇ ਸਾਜੋ ਸਮਾਨ, ਸਪੋਰਟਸ ਵਿੰਗਜ਼ ਆਦਿ ਲਈ ਖਰਚ ਕੀਤਾ ਜਾਂਦਾ ਹੈ। ਸਾਲ ੨੦੧੭-੨੦੧੮ ਦਾ ਵਿਦਿਆ ਫੰਡ ਦਾ ਕੁੱਲ ਬਜ਼ਟ **ਤੇਤੀ ਕਰੋੜ ਰੁਪਏ** ਦਾ ਹੈ।

ਵਿਦਿਆ ਦੇ ਪ੍ਰਸਾਰ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਸਮੇਂ ੫੩ ਸਕੂਲ ਅਤੇ ੩੮ ਕਾਲਜ ਚਲਾਏ ਜਾ ਰਹੇ ਹਨ। ਉਪਰੋਕਤ ਸਕੂਲਾਂ ਵਿੱਚੋਂ ੩੧ ਸਕੂਲਾਂ ਦੇ ਅਨਏਡਿਡ ਸਟਾਫ਼ ਅਤੇ ਏਡਿਡ ਸਟਾਫ਼ ਦੇ ੫% ਤਨਖਾਹ ਦੀ ਅਦਾਇਗੀ ਲਈ ਸਹਾਇਤਾ ਵਜੋਂ ਪੰਜ ਕਰੋੜ ਸੰਤਾਲੀ ਲੱਖ ਰੁਪਏ ਰੱਖੇ ਗਏ ਹਨ। ਇਸੇ ਹੀ ਤਰ੍ਹਾਂ ੨੩ ਕਾਲਜਾਂ ਲਈ **ਪੰਜ ਕਰੋੜ ਪਚਾਨਵੇਂ ਲੱਖ ਰੁਪਏ** ਸਹਾਇਤਾ ਲਈ ਰੱਖੇ ਗਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਿਥੇ ਆਪਣੇ ਸਿੱਧੇ ਪ੍ਰਬੰਧ ਹੇਠ ਚੱਲਦੇ ਸਕੂਲਾਂ/ਕਾਲਜਾਂ ਨੂੰ ਸਹਾਇਤਾ ਦਿੱਤੀ ਜਾਂਦੀ ਹੈ, ਉਥੇ ਪੰਜਾਬ ਅਤੇ ਬਾਹਰਲੇ ਸੂਬਿਆਂ ਵਿੱਚ ਚੱਲਦੇ ਵਿਦਿਅਕ ਅਦਾਰਿਆਂ ਨੂੰ ਵੀ ਲੋੜ ਅਨੁਸਾਰ ਸਹਾਇਤਾ ਦੇਣ ਦਾ ਯਤਨ ਕੀਤਾ ਜਾਂਦਾ ਹੈ। ਇਸ ਕਾਰਜ ਲਈ **ਸੱਠ ਲੱਖ ਰੁਪਏ** ਰੱਖੇ ਗਏ ਹਨ।

ਨਵੇਂ ਪਬਲਿਕ ਸਕੂਲਾਂ ਦੀਆਂ ਇਮਾਰਤਾਂ ਦੇ ਚੱਲ ਰਹੇ ਕੰਮਾਂ ਨੂੰ ਮੁਕੰਮਲ ਕਰਨ ਅਤੇ ਪਹਿਲੇ ਚੱਲਦੇ ਸਕੂਲਾਂ/ਕਾਲਜਾਂ ਦੀ ਮੁਰੰਮਤ ਆਦਿ ਲਈ ਵਿਦਿਆ ਫੰਡ ਵਿਚ ਨਵੇਂ ਵਿਦਿਅਕ ਅਦਾਰੇ ਅਤੇ ਤਰੱਕੀ ਇਮਾਰਤਾਂ ਸਕੂਲਾਂ ਕਾਲਜਾਂ ਖਾਤੇ **ਤਿੰਨ ਕਰੋੜ ਰੁਪਏ** ਰੱਖੇ ਗਏ ਹਨ। ਸ੍ਰੀ ਗੁਰੂ ਰਾਮਦਾਸ ਖਾਲਸਾ ਸੀਨੀਅਰ ਸਕੈਂਡਰੀ ਸਕੂਲ, ਸ੍ਰੀ ਅੰਮ੍ਰਿਤਸਰ ਦੀ ਇਮਾਰਤ ਬਹੁਤ ਪੁਰਾਣੀ ਹੋਣ ਕਾਰਣ ਇਸ ਦੀ ਹਾਲਤ ਬਹੁਤ ਖਸਤਾ ਹੋ ਚੁੱਕੀ ਹੈ। ਇਸ ਦੀ ਮੁੜ ਉਸਾਰੀ ਲਈ **ਤਿੰਨ ਕਰੋੜ ਰੁਪਏ** ਇਸ ਸਾਲ ਦੇ ਬਜ਼ਟ 'ਚ ਰੱਖੇ ਗਏ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਧੇ ਪ੍ਰਬੰਧ ਹੇਠ ਚੱਲ ਰਹੇ ਸਕੂਲਾਂ ਅਤੇ ਕਾਲਜਾਂ ਵਿੱਚ ਸਿੱਖ ਵਿਦਿਆਰਥੀਆਂ ਦੀ ਜਿਸਮਾਨੀ ਤੰਦਰੁਸਤੀ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਹਰ ਸਾਲ ਖਾਲਸਈ ਖੇਡਾਂ ਕਰਵਾਈਆਂ ਜਾਂਦੀਆਂ ਹਨ। ਇਸ ਸਾਲ ਦੇ ਬਜ਼ਟ 'ਚ ਵੀ ਖਾਲਸਈ ਖੇਡਾਂ ਲਈ **ਤਰੇਹਠ ਲੱਖ ਰੁਪਏ** ਰੱਖੇ ਗਏ ਹਨ। ਇਸ ਤੋਂ ਇਲਾਵਾ ਇਹਨਾਂ ਸਕੂਲਾਂ ਅਤੇ ਕਾਲਜਾਂ ਵਿਚ ਗੁਰਮਤਿ ਸਭਿਆਚਾਰਕ ਮੁਕਾਬਲੇ ਕਰਵਾਉਣ ਲਈ ਵੀ ਇਸ ਸਾਲ ਦੇ ਬਜ਼ਟ 'ਚ **ਪੰਦਰਾਂ ਲੱਖ ਰੁਪਏ** ਰੱਖੇ ਗਏ ਹਨ।

ਨਵੇਂ ਖੋਲ੍ਹੇ ਗਏ ਸਕੂਲਾਂ/ਕਾਲਜਾਂ ਦੇ ਢਾਂਚਾਗਤ ਵਿਕਾਸ, ਸਕੂਲਾਂ/ਕਾਲਜਾਂ ਦੇ ਨਵੀਨੀਕਰਨ ਲਈ ਅਤੇ ਲੋੜੀਂਦੇ ਆਧੁਨਿਕ ਸਾਜੋ-ਸਮਾਨ, ਨਵੀਆਂ ਗੱਡੀਆਂ ਖ੍ਰੀਦ ਕਰਨ ਲਈ **ਸੱਤ ਕਰੋੜ ਅੱਸੀ ਲੱਖ ਰੁਪਏ** ਅਤੇ ਕਾਲਜਾਂ ਦੇ ਰੀਟਾਇਰਡ ਸਟਾਫ ਦੀ ਗਰੈਚੂਇਟੀ ਦੇਣ ਲਈ **ਦੋ ਕਰੋੜ ਪੰਝੀ ਲੱਖ ਰੁਪਏ** ਵਿਦਿਆ ਫੰਡ ਵਿੱਚ ਰੱਖੇ ਗਏ ਹਨ।

ਮਾਨਯੋਗ ਪ੍ਰਧਾਨ ਸਾਹਿਬ ਦੇ ਉਚੇਚੇ ਯਤਨਾਂ ਸਕਦਾ ਸਿੱਖ ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ **ਸਾਬਤ ਸੂਰਤ ਖਿਡਾਰੀਆਂ** ਦੀਆਂ ਹਾਕੀ ਟੀਮਾਂ ਤਿਆਰ ਕੀਤੀਆਂ ਗਈਆਂ ਹਨ। ਸ੍ਰੀ ਬਾਬਾ ਬਕਾਲਾ ਸਾਹਿਬ ਵਿਖੇ ਉੱਨੀ ਸਾਲ ਤੋਂ ਘੱਟ ਉਮਰ, ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਸਤਾਰਾਂ ਸਾਲ ਤੋਂ ਘੱਟ ਉਮਰ ਅਤੇ ਫਰੀਦਕੋਟ ਵਿਖੇ ਚੌਦਾਂ ਸਾਲ ਤੋਂ ਘੱਟ ਉਮਰ ਦੇ ਖਿਡਾਰੀਆਂ ਲਈ ਹਾਕੀ ਦੀਆਂ ਤਿੰਨ ਅਕੈਡਮੀਆਂ ਚਲਾਈਆਂ ਜਾ ਰਹੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਉੱਨੀ ਸਾਲ ਤੋਂ ਘੱਟ ਉਮਰ ਦੇ ਸਾਬਤ ਸੂਰਤ ਖਿਡਾਰੀਆਂ ਦੀ ਟੀਮ ਨੇ ਸਾਲ ੨੦੧੬ ਦੌਰਾਨ ਪੰਜਾਬ ਸਟੇਟ ਸਕੂਲਜ਼ ਗੇਮਜ਼ 'ਚ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਨਹਿਰੂ ਹਾਕੀ ਟੂਰਨਾਮੈਂਟ ਦੇ ਸੈਮੀਫਾਈਨਲ ਵਿਚ ਪੁੱਜੀ। ਇਸੇ ਤਰ੍ਹਾਂ ਸਤਾਰਾਂ ਸਾਲ ਤੋਂ ਘੱਟ ਉਮਰ ਦੇ ਖਿਡਾਰੀਆਂ ਦੀ ਟੀਮ ਨੇ ਵੀ ਨਹਿਰੂ ਕੱਪ, ਨਵੀਂ ਦਿੱਲੀ ਵਿਖੇ ਖੇਡਦਿਆਂ ਪਹਿਲਾ ਸਥਾਨ ਅਤੇ ਪੰਜਾਬ ਸਟੇਟ ਗੇਮਜ਼ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਇਹਨਾਂ ਲਈ ਇਸ ਸਾਲ ਦੇ ਬਜ਼ਟ 'ਚ ਇੱਕ ਕਰੋੜ ਵੀਹ ਲੱਖ ਰੁਪਏ ਰੱਖੇ ਗਏ ਹਨ।

## ਟਰੱਸਟ ਫੰਡਜ਼

ਸਿੱਖ ਗੁ: ਐਕਟ ਦੀਆਂ ਵੱਖ ਵੱਖ ਧਾਰਾਵਾਂ ਦੇ ਅਧਾਰ 'ਤੇ ਪ੍ਰਬੰਧ ਸਕੀਮ ਅਨੁਸਾਰ ਟਰੱਸਟ ਫੰਡ ਵਾਸਤੇ ਗੁਰਦੁਆਰਾ ਸਾਹਿਬਾਨ ਸੈਕਸ਼ਨ (੮੫) ਦੀ ਅਸਲ ਆਮਦਨ ਦਾ ਤਕਰੀਬਨ ੪% ਤੋਂ ੭% ਤੱਕ ਇਕੱਤਰ ਕੀਤਾ ਜਾ ਸਕਦਾ ਹੈ। ਇਸ ਸਾਲ ਦੇ ਬਜ਼ਟ ਵਿਚ ਇਹ ੪% ਤੱਕ ਹੀ ਲਿਆ ਗਿਆ ਹੈ। ਇਸ ਸਮੇਂ ਸਿੱਖ ਇਤਿਹਾਸ ਬੋਰਡ ਫੰਡ, ਗੁਰਬਾਣੀ ਤੇ ਗੁਰਮਤਿ ਲਿਟਰੇਚਰ ਫੰਡ, ਧਰਮ ਅਰਥ, ਭਾਈਚਾਰਕ ਸੁਧਾਰ ਫੰਡ, ਕੈਂਸਰ ਰਲੀਫ ਫੰਡ ਸਮੇਤ ਕੁੱਲ ੨੦ ਟਰੱਸਟ ਹਨ। ਇਹਨਾਂ ਦਾ ਖਰਚ ਟਰੱਸਟਾਂ ਦੀ ਬਣਤਰ 'ਚ ਤੈਅ ਕੀਤੀਆਂ ਮੱਦਾਂ 'ਤੇ ਹੀ ਕੀਤਾ ਜਾਂਦਾ ਹੈ।

ਮਾਨਯੋਗ ਪ੍ਰਧਾਨ ਸਾਹਿਬ ਪ੍ਰੋ: ਕਿਰਪਾਲ ਸਿੰਘ ਜੀ ਦੇ ਉੱਦਮ ਸਕਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਸਤਿਕਾਰ ਸਹਿਤ ਸੰਗਤਾਂ ਤੀਕ ਪਹੁੰਚਾਉਣ ਲਈ ਏ. ਸੀ. ਬੱਸ ਖ੍ਰੀਦ ਕਰਨ ਲਈ ਸੱਠ ਲੱਖ ਰੁਪਏ, ਗੁਰਬਾਣੀ ਤੇ ਗੁਰਮਤਿ ਲਿਟਰੇਚਰ ਫੰਡ ਵਿੱਚੋਂ ਮਰਯਾਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਕਰਾਉਣ ਲਈ **ਇੱਕ ਕਰੋੜ ਸੱਤਰ ਲੱਖ ਰੁਪਏ** ਅਤੇ ਵਿਦੇਸ਼ਾਂ ਵਿੱਚ ਛਪਾਈ ਵਾਸਤੇ ਪ੍ਰੈਸ ਲਗਾਉਣ ਲਈ **ਦੋ ਕਰੋੜ ਰੁਪਏ** ਇਸ ਸਾਲ ਦੇ ਬਜ਼ਟ ਵਿੱਚ ਰੱਖੇ ਗਏ ਹਨ।

ਸਿੱਖ ਇਤਿਹਾਸ ਖੋਜ, ਲਿਖਾਈ ਅਤੇ ਛਪਾਈ ਲਈ **ਤਰੇਹਠ ਲੱਖ ਰੁਪਏ** ਰੱਖੇ ਗਏ ਹਨ। ਸਿੱਖ ਰੈਫਰੈਂਸ ਲਾਇਬ੍ਰੇਰੀ ਵਿਖੇ ਕੰਪਿਊਟਰੀਕਰਨ ਅਤੇ ਸੀ. ਸੀ. ਟੀ. ਵੀ. ਕੈਮਰੇ ਖ੍ਰੀਦ ਕਰਨ ਲਈ **ਪੰਝੀ ਲੱਖ ਰੁਪਏ** ਰੱਖੇ ਗਏ ਹਨ।

ਗਰੀਬ ਵਿਦਿਆਰਥੀ ਜੋ ਕਿ ਵਿਤੀ ਸਾਧਨਾਂ ਦੀ ਸਮਰੱਥਾ ਨਾ ਹੋਣ ਕਾਰਣ ਵਿਦਿਆ ਗ੍ਰਹਿਣ ਕਰਨ ਤੋਂ ਲਾਚਾਰ ਹੁੰਦੇ ਹਨ ਉਹਨਾਂ ਦੀ ਫੀਸ ਦੀ ਅਦਾਇਗੀ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪਣੇ ਸਾਧਨਾਂ ਅਨੁਸਾਰ ਸਹਾਇਤਾ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਅਤੇ ਹੋਰ ਵੀ ਲੋੜਵੰਦ ਵਿਅਕਤੀਆਂ ਨੂੰ ਉਨ੍ਹਾਂ ਦੇ ਇਲਾਜ ਅਤੇ ਆਰਥਿਕ ਮੱਦਦ ਲਈ ਧਰਮ ਅਰਥ ਫੰਡ ਵਿੱਚੋਂ ਅਦਾਇਗੀ ਕੀਤੀ ਜਾਂਦੀ ਹੈ। ਇਸ ਸਾਲ ਦੇ ਬਜ਼ਟ ਵਿੱਚ ਇਸ ਮੱਦ ਲਈ **ਇੱਕ ਕਰੋੜ ਤਰੇਹਠ ਲੱਖ ਰੁਪਏ** ਰੱਖੇ ਗਏ ਹਨ।

ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿੱਚ ਦੋ ਸਿੱਖ ਬੁੱਧੀ-ਜੀਵੀਆਂ ਅਤੇ ਦੋ ਰਾਸ਼ਟਰੀ/ਅੰਤਰ-ਰਾਸ਼ਟਰੀ ਸਿੱਖ ਖਿਡਾਰੀਆਂ ਜਾਂ ਕਿਸੇ ਹੋਰ ਖੇਤਰ ਵਿੱਚ ਨਾਮਣਾ ਕਮਾਉਣ ਵਾਲੇ ਸਿੱਖਾਂ ਦਾ ਹਰ ਸਾਲ ਵਿਸ਼ੇਸ਼ ਸਨਮਾਨ ਕਰਨ ਦਾ ਫੈਸਲਾ ਕੀਤਾ ਗਿਆ ਹੈ। ਪੰਥਕ ਵਿਦਵਾਨਾਂ, ਧਾਰਮਿਕ ਤੇ ਸਮਾਜਿਕ ਉੱਚ ਸ਼ਖ਼ਸੀਅਤਾਂ ਦੇ ਸਨਮਾਨ ਹਿਤ ਭਾਈਚਾਰਕ ਸੁਧਾਰ ਫੰਡ ਵਿੱਚ **ਪੰਜਤਾਲੀ ਲੱਖ ਰੁਪਏ** ਰੱਖੇ ਗਏ ਹਨ।

ਸ਼੍ਰੋਮਣੀ ਗੁ: ਪ੍ਰ: ਕਮੇਟੀ ਲੋਕ ਕਲਿਆਣਕਾਰੀ ਅਤੇ ਸਮਾਜ ਭਲਾਈ ਕਾਰਜਾਂ ਦੀ ਸੁਚਾਰੂ ਢੰਗ ਨਾਲ ਅਗਵਾਈ ਕਰਨ ਲਈ ਯਤਨਸ਼ੀਲ ਰਹਿੰਦੀ ਹੈ। ਮੌਜੂਦਾ ਸਮੇਂ ਵਿੱਚ ਕੈਂਸਰ ਵਰਗੀ ਨਾ-ਮੁਰਾਦ ਬੀਮਾਰੀ ਨੇ ਸਮਾਜ ਨੂੰ ਆਪਣੀ ਲਪੇਟ ਵਿੱਚ ਲਿਆ ਹੋਇਆ ਹੈ। ਇਸ ਬੀਮਾਰੀ ਦੇ ਮਰੀਜ਼ਾਂ ਦੀ ਸਹਾਇਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਿਨਾਂ ਕਿਸੇ ਭੇਦ-ਭਾਵ ਦੇ ਕੀਤੀ ਜਾ ਰਹੀ ਹੈ। ਹੁਣ ਤੱਕ ਤੇਰਾਂ ਹਜ਼ਾਰ ਕੈਂਸਰ ਪੀੜਤ ਮਰੀਜ਼ਾਂ ਦੀ ਸਹਾਇਤਾ ਲਈ **ਛੱਬੀ ਕਰੋੜ ਪੰਝੀ ਲੱਖ ਰੁਪਏ** ਖਰਚ ਕੀਤੇ ਜਾ ਚੁੱਕੇ ਹਨ ਅਤੇ ਇਸ ਸਾਲ ਦੇ ਬਜ਼ਟ ਵਿੱਚ ਵੀ ਕੈਂਸਰ ਪੀੜਤ ਮਰੀਜ਼ਾਂ ਨੂੰ ਸਹਾਇਤਾ ਦੇਣ ਲਈ **ਨੌਂ ਕਰੋੜ ਰੁਪਏ** ਰੱਖੇ ਗਏ ਹਨ। ਕੈਂਸਰ ਰਲੀਫ ਫੰਡ ਰਜਿਸਟਰ ਕਰਵਾ ਕੇ ਇਨਕਮ ਟੈਕਸ ਦੀ ਧਾਰਾ **80 G** ਤਹਿਤ ਛੋਟ ਲੈਣ ਦੀ ਕਾਰਵਾਈ ਕੀਤੀ ਜਾ ਰਹੀ ਹੈ। ਜਿਸ ਨਾਲ ਪ੍ਰੇਮੀਆਂ ਵੱਲੋਂ ਇਸ ਫੰਡ ਵਿੱਚ ਜਮ੍ਹਾਂ ਕਰਵਾਈ ਜਾਣ ਵਾਲੀ ਰਕਮ ਵਿੱਚੋਂ ਅੱਧੀ ਰਕਮ 'ਤੇ ਕੋਈ ਇਨਕਮ ਟੈਕਸ ਨਹੀ ਲੱਗੇਗਾ।

ਕੁਦਰਤ ਦੇ ਅੱਗੇ ਕਿਸੇ ਦਾ ਵੀ ਜ਼ੋਰ ਨਹੀਂ ਚਲਦਾ, ਪਿਛਲੇ ਸਾਲਾਂ ਵਿੱਚ ਅੰਡੇਮਾਨ ਨਿਕੋਬਾਰ ਵਿਖੇ ਆਈਆਂ ਸੁਨਾਮੀ ਲਹਿਰਾਂ, ਗੁਜਰਾਤ ਦੇ ਭੁੱਜ ਤੇ ਨੇਪਾਲ ਵਿਖੇ ਆਏ ਭਿਆਨਕ ਭੁਚਾਲ ਸਮੇਂ, ਜੰਮੂ-ਕਸ਼ਮੀਰ ਤੇ ਉੱਤਰਾਖੰਡ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਪਾਸ ਆਏ ਹੜਾਂ ਵਿੱਚ ਕਾਫੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਸੀ। ਇਹਨਾਂ ਦੁਖਦਾਈ ਸਮਿਆਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮ੍ਰਿਤਕਾਂ ਦੇ ਪਰਿਵਾਰਾਂ ਅਤੇ ਜ਼ਖਮੀਆਂ ਵਾਸਤੇ ਮਾਲੀ ਮੱਦਦ ਤੋਂ ਇਲਾਵਾ ਇਹਨਾਂ ਸਥਾਨਾਂ ਪੁਰ ਲੰਗਰ ਵੀ ਲਗਾਏ ਗਏ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮਾਜ ਭਲਾਈ ਦੇ ਕਾਰਜਾਂ ਵਾਸਤੇ ਹਮੇਸ਼ਾ ਤੱਤਪਰ ਰਹਿੰਦੀ ਹੈ। ਗੁਰੂ ਸਾਹਿਬ ਮਿਹਰ ਰੱਖਣ, ਕਿਸੇ ਤਰ੍ਹਾਂ ਦੀ ਕੋਈ ਵੀ ਕੁਦਰਤੀ ਆਫਤ ਨਾ ਵਾਪਰੇ, ਪਰੰਤੂ ਕਿਸੇ ਤਰ੍ਹਾਂ ਦੀ ਕੁਦਰਤੀ ਆਫਤ ਨਾਲ ਪ੍ਰਭਾਵਿਤ ਹੋਣ ਵਾਲੇ ਲੋਕਾਂ ਦੀ ਸਹਾਇਤਾ ਲਈ ਇਸ ਸਾਲ ਦੇ ਬਜ਼ਟ ਵਿੱਚ **ਤਰੇਹਠ ਲੱਖ ਰੁਪਏ** ਰੱਖੇ ਗਏ ਹਨ।

## ਧਰਮ ਪ੍ਰਚਾਰ ਕਮੇਟੀ

ਹੁਣ ਮੈਂ ਆਪ ਜੀ ਦੀ ਸੇਵਾ ਵਿੱਚ ਧਰਮ ਪ੍ਰਚਾਰ ਕਮੇਟੀ ਦਾ ਬਜ਼ਟ ਪੇਸ਼ ਕਰ ਰਿਹਾ ਹਾਂ। ਧਰਮ ਪ੍ਰਚਾਰ ਕਮੇਟੀ ਦੀ ਬਣਤਰ ਸਿੱਖ ਗੁਰਦੁਆਰਾ ਐਕਟ ੧੯੨੫ ਦੀ ਧਾਰਾ ੧੦੮-ਬੀ ਅਨੁਸਾਰ ਹੈ। ਇਸ ਦੇ ਬਜ਼ਟ ਸਬੰਧੀ ਵੀ ਮੈਂ ਆਪ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਵਿੱਚ ਵੀ ਗੁ: ਸਾਹਿਬਾਨ ਸੈਕਸ਼ਨ ੮੫ ਅਤੇ ਸੈਕਸ਼ਨ ੮੭ ਪਾਸੋਂ ਨਿਯਮਾਂ ਅਨੁਸਾਰ ੫% ਤੋਂ ਲੈ ਕੇ ੧੫% ਤੀਕ ਧਾਰਮਿਕ ਫੰਡ ਪ੍ਰਾਪਤ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਨਾ-ਮਾਤਰ ਪ੍ਰਚਾਰ ਸਹਾਇਤਾ ਅਤੇ ਲਿਟਰੇਚਰ ਦੀ ਵਿਕਰੀ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਸ਼ਾਮਿਲ ਕਰਕੇ ਕੁਲ ਬਜ਼ਟ

**ਤਿਹੱਤਰ ਕਰੋੜ ਰੁਪਏ** ਹੈ। ਇਸ ਦੇ ਖਰਚੇ ਧਾਰਮਿਕ ਦੀਵਾਨ, ਮੇਲੇ ਕੈਂਪਸ, ਅੰਮ੍ਰਿਤ-ਸੰਚਾਰ, ਸ਼ਤਾਬਦੀਆਂ, ਸਿੱਖ ਮਿਸ਼ਨਰੀ ਕਾਲਜ, ਗੁਰਮਤਿ ਵਿਦਿਆਲੇ, ਸਿੱਖ ਮਿਸ਼ਨ, ਭੇਟਾ ਰਹਿਤ ਲਿਟਰੇਚਰ, ਧਾਰਮਿਕ ਪ੍ਰੀਖਿਆ, ਗੁਰਮਤਿ ਪ੍ਰਕਾਸ਼, ਸਹਾਇਤਾ ਗੁ: ਸਾਹਿਬਾਨ ਤੇ ਸਮਾਜ ਸੇਵੀ ਸੰਸਥਾਵਾਂ, ਧਾਰਮਿਕ ਵਿਦਿਆ ਆਦਿ 'ਤੇ ਹੁੰਦੇ ਹਨ।

**ਇਸ ਬਜ਼ਟ ਦੇ ਖਾਸ-ਖਾਸ ਖਰਚਿਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-**

ਵੱਖ-ਵੱਖ ਸੂਬਿਆਂ ਦੀ ਸੰਗਤ ਵੱਲੋਂ ਕੀਤੀ ਜਾ ਰਹੀ ਮੰਗ ਅਨੁਸਾਰ ਵੱਖ-ਵੱਖ ਭਾਸ਼ਾਵਾਂ ਵਿੱਚ ਭੇਟਾ ਰਹਿਤ ਲਿਟ੍ਰੇਚਰ ਵੱਡੀ ਗਿਣਤੀ ਵਿੱਚ ਭੇਜਿਆ ਜਾਂਦਾ ਹੈ। ਸਚਿੱਤਰ ਪੁਸਤਕਾਂ ਵੱਖ-ਵੱਖ ਭਾਸ਼ਾਵਾਂ ਜਿਵੇਂ ਪੰਜਾਬੀ, ਹਿੰਦੀ, ਅੰਗਰੇਜ਼ੀ ਅਤੇ ਉਰਦੂ ਵਿੱਚ ਵੀ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ। ਸਾਲ ੨੦੧੭-੧੮ ਦੇ ਬਜ਼ਟ ਵਿੱਚ ਭੇਟਾ ਰਹਿਤ ਲਿਟਰੇਚਰ ਆਦਿ ਦੀ ਛਪਾਈ ਲਈ **ਦੋ ਕਰੋੜ ਰੁਪਏ** ਰੱਖੇ ਗਏ ਹਨ। ਪੰਜਾਬ ਅਤੇ ਪੰਜਾਬ ਤੋਂ ਬਾਹਰਲੇ ਸੂਬਿਆਂ ਵਿੱਚ ਸਥਿਤ ਲਾਇਬ੍ਰੇਰੀਆਂ ਨੂੰ ਸਹਾਇਤਾ ਵਜੋਂ ਦੇਣ ਲਈ **ਪੰਜਾਹ ਲੱਖ ਰੁਪਏ** ਰੱਖੇ ਗਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਭੇਟਾ ਰਹਿਤ ਦੇਣ ਲਈ **ਪੰਦਰਾਂ ਲੱਖ ਰੁਪਏ** ਰੱਖੇ ਗਏ ਹਨ।

ਧਰਮ ਪ੍ਰਚਾਰ ਕਮੇਟੀ ਵੱਲੋਂ ਵਿਦਿਆਰਥੀਆਂ ਨੂੰ ਗੁਰਬਾਣੀ, ਸਿੱਖ ਇਤਿਹਾਸ ਅਤੇ ਸਿੱਖ ਰਹਿਤ ਮਰਯਾਦਾ ਤੋਂ ਜਾਣੂੰ ਕਰਾਉਣ ਲਈ ਹਰ ਸਾਲ ਧਾਰਮਿਕ ਪ੍ਰੀਖਿਆ ਕਰਵਾਈ ਜਾਂਦੀ ਹੈ। ਸਾਲ ੨੦੧੬-੧੭ ਵਿੱਚ ਪਹਿਲੇ, ਦੂਜੇ, ਤੀਜੇ ਅਤੇ ਚੌਥੇ ਦਰਜੇ ਵਿੱਚ ੪੬ ਹਜ਼ਾਰ ਵਿਦਿਆਰਥੀਆਂ ਨੇ ਦਾਖਲਾ ਲਿਆ ਸੀ। ਉਪਰੋਕਤ ਚਾਰਾਂ ਦਰਜਿਆਂ ਵਿੱਚ ੬੦% ਨੰਬਰ ਲੈਣ ਵਾਲੇ ਵਿਦਿਆਰਥੀਆਂ ਨੂੰ ਵਜ਼ੀਫ਼ੇ ਅਤੇ ਪਾਸ ਹੋਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਜਾਂਦੇ ਹਨ। ਵੱਖ-ਵੱਖ ਸਕੂਲਾਂ-ਕਾਲਜਾਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਯੋਗਤਾ ਦੇ ਅਧਾਰ 'ਤੇ ਧਾਰਮਿਕ ਅਧਿਆਪਕ ਦਿੱਤੇ ਜਾਂਦੇ ਹਨ। ਇਸ ਕਾਰਜ ਲਈ ਇਸ ਸਾਲ ਦੇ ਬਜ਼ਟ ਵਿੱਚ **ਦੋ ਕਰੋੜ ਪੰਜਾਹ ਲੱਖ ਰੁਪਏ** ਰੱਖੇ ਗਏ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪਣੇ ਪ੍ਰਬੰਧ ਹੇਠ ਚੱਲਦੇ ਸਕੂਲਾਂ-ਕਾਲਜਾਂ ਵਿੱਚ ਵਿਦਿਆ ਪ੍ਰਾਪਤ ਕਰ ਰਹੇ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਵਜ਼ੀਫ਼ਾ ਦੇਣ ਦਾ ਸ਼ਲਾਘਾ ਯੋਗ ਫ਼ੈਸਲਾ ਕੀਤਾ ਸੀ। ਸਾਲ ੨੦੧੩-੧੪ ਤੋਂ ਹੁਣ ਤੱਕ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਵਜ਼ੀਫ਼ੇ ਵਜੋਂ ਨੌਂ ਕਰੋੜ ਰੁਪਏ ਖਰਚ ਕੀਤੇ ਜਾ ਚੁੱਕੇ ਹਨ। ਇਸ ਸਾਲ ਵਿੱਚ ਇਹ ਸਹੂਲਤ ਸਿਰਫ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਧੇ ਪ੍ਰਬੰਧ ਹੇਠ ਚੱਲ ਰਹੇ ਸਕੂਲਾਂ/ਕਾਲਜਾਂ ਵਿੱਚ ਪੜ੍ਹ ਰਹੇ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਦੂਸਰੀ ਤੋਂ ਪੰਜਵੀਂ ਕਲਾਸ ਤੀਕ ੨੦੦੦/- ਰੁਪਏ, ਛੇਵੀਂ ਤੋਂ ਦਸਵੀਂ ਕਲਾਸ ਤੀਕ ੩੫੦੦/-ਰੁਪਏ, +੧ ਅਤੇ +੨ ਕਲਾਸ ਤੀਕ ੫੦੦੦/-ਰੁਪਏ, ਗ੍ਰੈਜੂਏਸ਼ਨ ਵਾਸਤੇ ੮੦੦੦/-ਰੁਪਏ, ਪੋਸਟ ਗ੍ਰੈਜੂਏਸ਼ਨ ਵਾਸਤੇ ੧੦੦੦੦/-ਰੁਪਏ ਵਜ਼ੀਫ਼ਾ ਨਿਯਮਾਂ ਅਨੁਸਾਰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਵੱਖ-ਵੱਖ ਖੇਤਰਾਂ ਵਿੱਚ ਨਾਮ ਰੌਸ਼ਨ ਕਰਨ ਵਾਲੇ, ਹੋਣਹਾਰ ਸਿੱਖ ਵਿਦਿਆਰਥੀਆਂ ਲਈ ਭਾਰਤ ਦੇ ਸਮੁੱਚੇ ਸਿੱਖਿਆ ਬੋਰਡਾਂ ਵਿੱਚੋਂ ਪਹਿਲੀਆਂ ਵੀਹ ਪੋਜ਼ੀਸ਼ਨਾਂ ਵਿੱਚ ਆਉਣ ਵਾਲੇ ਅੰਮ੍ਰਿਤਧਾਰੀ ਸਿੱਖ ਵਿਦਿਆਰਥੀਆਂ ਨੂੰ ੫੧,੦੦੦/-ਰੁਪਏ ਪ੍ਰਤੀ ਵਿਦਿਆਰਥੀ ਸਨਮਾਨ ਦਿੱਤਾ ਜਾਵੇਗਾ।

ਆਈ.ਏ.ਐਸ. (I.A.S.), ਆਈ.ਪੀ.ਐਸ. (I.P.S.), ਅਤੇ ਇਨ੍ਹਾਂ ਦੇ ਬਰਾਬਰ ਦੀਆਂ ਪ੍ਰੀਖਿਆਵਾਂ ਵਿੱਚ ਚੁਣੇ ਜਾਣ ਵਾਲੇ ਸਾਬਤ-ਸੂਰਤ ਸਿੱਖ ਉਮੀਦਵਾਰਾਂ ਨੂੰ ਇਕ ਲੱਖ ਰੁਪਏ ਅਤੇ ਪੀ.ਸੀ.ਐਸ. (P.C.S.) ਵਿੱਚ ਚੁਣੇ ਜਾਣ ਵਾਲੇ ਉਮੀਦਵਾਰਾਂ ਨੂੰ ਪੰਜਤਰ ਹਜ਼ਾਰ ਰੁਪਏ, ਰਾਸ਼ਟਰੀ/ਅੰਤਰਰਾਸ਼ਟਰੀ ਪੱਧਰ 'ਤੇ ਖੇਤੀਬਾੜੀ ਤੇ ਸਾਇੰਸ ਵਿੱਚ ਵਿਸ਼ੇਸ਼ ਖੋਜ ਕਰਨ ਵਾਲੇ ਸਾਬਤ ਸੂਰਤ ਸਿੱਖ ਵਿਗਿਆਨੀਆਂ ਨੂੰ ਇਕ ਲੱਖ ਰੁਪਏ ਵਿਸ਼ੇਸ਼ ਸਨਮਾਨ ਅਤੇ ਪ੍ਰਸ਼ੰਸਾ ਪੱਤਰ ਦਿੱਤਾ ਜਾਵੇਗਾ। ਸਨਮਾਨ ਦੀ ਰਾਸ਼ੀ ਤੇ ਪ੍ਰਸ਼ੰਸਾ ਪੱਤਰ ਵਿਸ਼ੇਸ਼ ਸਮਾਗਮ ਕਰਕੇ ਮਾਨਯੋਗ ਪ੍ਰਧਾਨ ਸਾਹਿਬ ਰਾਹੀਂ ਦਿੱਤਾ ਜਾਵੇਗਾ। ਇਸ ਸਾਲ ਦੇ ਬਜ਼ਟ ਵਿੱਚ ਉਪਰੋਕਤ ਕਾਰਜ ਲਈ **ਸੱਤ ਕਰੋੜ ਰੁਪਏ** ਰੱਖੇ ਗਏ ਹਨ।

ਵਿਦਿਆਰਥੀ ਵਰਗ ਤੋਂ ਇਲਾਵਾ ਹਰ ਗੁਰਸਿੱਖ ਅਤੇ ਜਗਿਆਸੂ ਲਈ ਆਧੁਨਿਕ ਵਿਦਿਆ ਸਾਧਨਾਂ ਵਿੱਚੋਂ

ਉਤਮ ਮੰਨਦਿਆਂ ਪੱਤਰ-ਵਿਹਾਰ ਪ੍ਰਣਾਲੀ ਦੇ ਦੋ ਸਾਲਾ ਕੋਰਸ ਨੂੰ ਸੰਗਤਾਂ ਵਲੋਂ ਭਰਵਾਂ ਹੁੰਗਾਰਾ ਮਿਲਿਆ ਹੈ। ਇਸ ਸਾਲ ੫੯੨੭ ਵਿਦਿਆਰਥੀਆਂ ਨੇ ਦਾਖਲਾ ਪ੍ਰਾਪਤ ਕੀਤਾ ਹੈ। ਇਸ ਕੋਰਸ ਵਿੱਚ ਪਹਿਲੇ, ਦੂਜੇ ਅਤੇ ਤੀਜੇ ਸਥਾਨ ਪੁਰ ਆਉਣ ਵਾਲੇ ਵਿਦਿਆਰਥੀਆਂ ਨੂੰ ਕ੍ਰਮਵਾਰ ੫੧੦੦/-, ੪੧੦੦/-, ੩੧੦੦/- ਦੀ ਰਾਸ਼ੀ ਰਾਹੀਂ ਸਨਮਾਨਿਤ ਕੀਤਾ ਜਾਂਦਾ ਹੈ। ੮੦% ਤੋਂ ਉੱਪਰ ਅੰਕ ਪ੍ਰਾਪਤ ਕਰਨ ਵਾਲਿਆਂ ਨੂੰ ੧੧੦੦/- ਪ੍ਰਤੀ ਵਿਦਿਆਰਥੀ ਵਜ਼ੀਫ਼ਾ ਵੀ ਦਿੱਤਾ ਜਾਂਦਾ ਹੈ। ਧਰਮ ਪ੍ਰਚਾਰ ਕਮੇਟੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦਾ ਸ਼੍ਰੋਮਣੀ ਟੀਕਾ ਤਿਆਰ ਕਰਾਉਣ ਦੇ ਉਦੇਸ਼ ਨਾਲ ਇਕ ਖੋਜ ਕੇਂਦਰ ਵੀ ਸਥਾਪਿਤ ਕੀਤਾ ਗਿਆ ਹੈ। ਇਸ ਸਾਲ ਦੇ ਬਜ਼ਟ ਵਿੱਚ ਦੋਹਾਂ ਕਾਰਜਾਂ ਲਈ **ਨੱਬੇ ਲੱਖ ਰੁਪਏ** ਰੱਖੇ ਗਏ ਹਨ। ਧਾਰਮਿਕ ਵਿਦਿਆ ਦੇ ਵਧੇਰੇ ਪ੍ਰਸਾਰ ਵਾਸਤੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀ ਲਈ ਸਹਾਇਤਾ ਵਜੋਂ **ਇੱਕ ਕਰੋੜ ਵੀਹ ਲੱਖ ਰੁਪਏ** ਰੱਖੇ ਗਏ ਹਨ।

ਪੰਜਾਬ ਦੇ ਗੁਰਦੁਆਰਾ ਸਾਹਿਬਾਨ ਦੀਆਂ ਇਮਾਰਤਾਂ ਵਾਸਤੇ ਮੈਟੀਰੀਅਲ ਦੇ ਰੂਪ ਵਿੱਚ ਸਹਾਇਤਾ ਦੇਣ ਲਈ ਇੱਕ ਕਰੋੜ ਰੁਪਏ ਅਤੇ ਪੰਜਾਬ ਤੋਂ ਬਾਹਰਲੇ ਗੁਰਦੁਆਰਾ ਸਾਹਿਬਾਨ ਲਈ ਇਕ ਕਰੋੜ ਰੁਪਏ ਰੱਖੇ ਗਏ ਹਨ। ਪੰਜਾਬ ਦੇ ਪਿੰਡਾਂ ਅਤੇ ਕਸਬਿਆਂ ਨੂੰ ਧਾਰਮਿਕ ਦੀਵਾਨਾਂ ਤੇ ਹੋਣ ਵਾਲਿਆਂ ਖਰਚਿਆਂ ਦੇ ਪ੍ਰਬੰਧਾਂ ਲਈ ਧਰਮ ਪ੍ਰਚਾਰ ਕਮੇਟੀ ਵਲੋਂ ਪੂਰਨ ਸਹਿਯੋਗ ਦਿੱਤਾ ਜਾਂਦਾ ਹੈ। ਇਹਨਾਂ ਕਾਰਜਾਂ ਨੂੰ ਉਤਸ਼ਾਹਿਤ ਕਰਨ ਲਈ ਧਰਮ ਪ੍ਰਚਾਰ ਕਮੇਟੀ ਵਲੋਂ ਇੱਕ ਵਿਸ਼ੇਸ ਟੀਮ ਤਿਆਰ ਕਰਕੇ ਸਿੱਖ ਇਤਿਹਾਸ ਅਤੇ ਗੁਰਬਾਣੀ ਕੰਠ ਲਹਿਰ ਦੀ ਮੁਹਿੰਮ ਚਲਾਈ ਗਈ ਹੈ। ਇਸ ਕਾਰਜ ਲਈ ਇਸ ਸਾਲ ਦੇ ਬਜ਼ਟ ਵਿੱਚ ਦੋ ਕਰੋੜ ਪੰਝੀ ਲੱਖ ਰੁਪਏ ਰੱਖੇ ਗਏ ਹਨ। ਪੰਜਾਬ ਵਿੱਚ ਹਰ ਪੱਖ ਤੋਂ ਪ੍ਰਚਾਰ ਕਰਨ ਹਿੱਤ ਅਤੇ ਪੇਂਡੂ ਖੇਤਰਾਂ ਵਿੱਚ ਗ੍ਰੰਥੀ ਸਿੰਘਾਂ ਰਾਹੀਂ ਪ੍ਰਚਾਰ ਕਰਨ ਲਈ ਇਸ ਸਾਲ ਦੇ ਬਜ਼ਟ ਵਿੱਚ ਇੱਕ ਕਰੋੜ ਰੁਪਏ ਰੱਖੇ ਗਏ ਹਨ।

ਅੱਜ ਦੇ ਇਲੈਕਟ੍ਰੋਨਿਕ ਮੀਡੀਆ ਨੂੰ ਮੁੱਖ ਰੱਖਦੇ ਹੋਏ ਡਾਕੂਮੈਂਟਰੀ ਫਿਲਮਾਂ ਤਿਆਰ ਕਰਨ ਅਤੇ ਵਧੇਰੇ ਸੰਗਤਾਂ ਨੂੰ ਦਿਖਾਉਣ ਦੀ ਮੰਗ ਕਾਰਨ ਨਵੀਆਂ ਫਿਲਮਾਂ ਅਤੇ ਪ੍ਰੋਜੈਕਟਰਾਂ ਦੀ ਖਰੀਦ ਕਰਨ ਲਈ **ਤੀਹ ਲੱਖ ਰੁਪਏ** ਰੱਖੇ ਗਏ ਹਨ। ਵੀਡੀਓ ਵੈਨਾਂ ਅਤੇ ਦੂਜੀਆਂ ਗੱਡੀਆਂ ਖ਼੍ਰੀਦਣ ਲਈ **ਨੱਬੇ ਲੱਖ ਰੁਪਏ** ਰੱਖੇ ਗਏ ਹਨ। ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਹਿੱਤ ਹਰ ਆਧੁਨਿਕ ਤਕਨੀਕ ਦੀ ਵਰਤੋਂ ਕੀਤੀ ਜਾਵੇਗੀ।

ਧਰਮ ਪ੍ਰਚਾਰ ਕਮੇਟੀ ਵਲੋਂ ਪੰਜਾਬ ਤੋਂ ਇਲਾਵਾ ਦੂਜੇ ਰਾਜਾਂ ਵਿੱਚ ਪ੍ਰਚਾਰ ਹਿੱਤ ਸਿੱਖ ਮਿਸ਼ਨ ਕਾਇਮ ਕੀਤੇ ਹੋਏ ਹਨ। ਸਿੱਖ ਮਿਸ਼ਨਾਂ ਵਿੱਚ ਪ੍ਰਚਾਰ ਹਿੱਤ ਰਕਮਾਂ ਰਾਖਵੀਆਂ ਰੱਖੀਆਂ ਗਈਆਂ ਹਨ। ਹਰਿਆਣਾ ਸਿੱਖ ਮਿਸ਼ਨ ਲਈ **ਇੱਕ ਕਰੋੜ ਅਠਾਈ ਲੱਖ ਪੰਜਾਹ ਹਜ਼ਾਰ ਰੁਪਏ**, ਰਾਜਸਥਾਨ ਸਿੱਖ ਮਿਸ਼ਨ ਲਈ **ਅਠਾਰਾਂ ਲੱਖ ਰੁਪਏ**, ਯੂ. ਪੀ., ਦਿੱਲੀ ਅਤੇ ਮੱਧ ਪ੍ਰਦੇਸ਼ ਸਿੱਖ ਮਿਸ਼ਨਾਂ ਲਈ **ਦੋ ਕਰੋੜ ਸਤਾਰਾਂ ਲੱਖ ਪੰਜਾਹ ਹਜ਼ਾਰ ਰੁਪਏ**, ਮਹਾਰਾਸ਼ਟਰ ਸਿੱਖ ਮਿਸ਼ਨ ਲਈ **ਛੇ ਲੱਖ ਰੁਪਏ**, ਜੰਮੂ-ਕਸ਼ਮੀਰ ਸਿੱਖ ਮਿਸ਼ਨ ਲਈ **ਅਠਾਈ ਲੱਖ ਰੁਪਏ**, ਉਤਰਾਖੰਡ, ਛੱਤੀਸਗੜ੍ਹ, ਪੂਰਬੀ ਭਾਰਤ, ਉੜੀਸਾ, ਹਿਮਾਚਲ ਪ੍ਰਦੇਸ਼, ਆਂਧਰਾ ਪ੍ਰਦੇਸ਼ ਅਤੇ ਕਾਠਮੰਡੂ (ਨੇਪਾਲ) ਆਦਿ ਮਿਸ਼ਨਾਂ ਲਈ **ਇੱਕ ਕਰੋੜ ਸੈਂਤੀ ਲੱਖ ਪੰਝੱਤਰ ਹਜ਼ਾਰ ਰੁਪਏ** ਰੱਖੇ ਗਏ ਹਨ।

ਗੁਰਮਤਿ ਪ੍ਰਕਾਸ਼ ਮਾਸਿਕ ਪੱਤਰ ਜੋ ਕਿ ਧਰਮ ਪ੍ਰਚਾਰ ਕਮੇਟੀ ਵੱਲੋਂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਸਮੇਂ ਇਸ ਦੇ ਪਾਠਕਾਂ ਦੀ ਗਿਣਤੀ ਸੱਠ ਹਜ਼ਾਰ ਹੋ ਚੁੱਕੀ ਹੈ। ਇਹ ਮਾਸਿਕ ਪੱਤਰ ਨਾਂ-ਮਾਤਰ ਭੇਟਾ 'ਤੇ ਸੰਗਤਾਂ ਨੂੰ ਘਰਾਂ ਵਿੱਚ ਪਹੁੰਚਾਇਆ ਜਾ ਰਿਹਾ ਹੈ। ਇਸ ਕਾਰਜ ਲਈ **ਇੱਕ ਕਰੋੜ ਨੱਬੇ ਲੱਖ ਰੁਪਏ** ਰੱਖੇ ਗਏ ਹਨ।

ਪੰਜਾਬ ਤੋਂ ਬਾਹਰਲੇ ਗੁਰੂ ਨਾਨਕ ਨਾਮ ਲੇਵਾ ਪ੍ਰੇਮੀਆਂ ਨੂੰ ਗੁਰਮਤਿ ਸੰਬੰਧੀ ਜਾਣਕਾਰੀ ਦੇਣ ਹਿਤ ਹਿੰਦੀ ਭਾਸ਼ਾ ਵਿੱਚ ਮਾਸਿਕ ਪਰਚਾ ਗੁਰਮਤਿ ਗਿਆਨ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਦੇ ਪਾਠਕਾਂ ਦੀ ਗਿਣਤੀ ਵੱਧ ਕੇ ਅਠਾਰਾਂ ਹਜ਼ਾਰ ਹੋ ਗਈ ਹੈ। ਇਸ ਕਾਰਜ ਲਈ **ਪੰਜਾਹ ਲੱਖ ਰੁਪਏ** ਰੱਖੇ ਗਏ ਹਨ।

ਧਰਮ ਪ੍ਰਚਾਰ ਕਮੇਟੀ ਦੇ ਦਫਤਰ ਦੀ ਨਵੀਂ ਬਣ ਰਹੀ ਇਮਾਰਤ ਲਈ **ਤਿੰਨ ਕਰੋੜ ਰੁਪਏ** ਅਤੇ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ ਐਡਵਾਂਸ ਸਟੱਡੀਜ਼, ਬਹਾਦਰਗੜ੍ਹ (ਪਟਿਆਲਾ) ਵਿਖੇ

ਆਧੁਨਿਕ ਸਹੂਲਤਾਂ ਵਾਲੀ ਇਮਾਰਤ ਵਾਸਤੇ **ਦੋ ਕਰੋੜ ਰੁਪਏ** ਰੱਖੇ ਗਏ ਹਨ। ਗੁਰਮਤਿ ਸੰਗੀਤ ਅਕੈਡਮੀ, ਸ੍ਰੀ ਅਨੰਦਪੁਰ ਸਾਹਿਬ (ਰੋਪੜ) ਦੀ ਇਮਾਰਤ ਦਾ ਹੋਰ ਵਿਸਥਾਰ ਕਰਨ, ਪ੍ਰਬੰਧਕੀ ਕਾਰਜਾਂ ਅਤੇ ਸਮਾਨ ਲਈ **ਉੱਨੀ ਲੱਖ ਰੁਪਏ** ਰੱਖੇ ਗਏ ਹਨ। ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਤੇ ਬੁੱਢਾ ਜੋਹੜ ਦੇ ਪ੍ਰਬੰਧਕੀ ਕਾਰਜਾਂ ਲਈ **ਨੱਬੇ ਲੱਖ ਰੁਪਏ** ਰੱਖੇ ਗਏ ਹਨ। ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ, ਤਲਵੰਡੀ ਸਾਬੋ (ਬਠਿੰਡਾ) ਨੂੰ ਐਡਵਾਂਸ ਸਟੱਡੀਜ਼ ਲਈ ਅੱਪਗ੍ਰੇਡ ਕੀਤਾ ਗਿਆ ਹੈ। ਇਸ ਕਾਲਜ ਦੀ ਇਮਾਰਤ ਦੇ ਨਿਰਮਾਣ ਲਈ, ਪ੍ਰਬੰਧਕੀ ਕਾਰਜਾਂ ਅਤੇ ਸਮਾਨ ਲਈ **ਸੱਠ ਲੱਖ ਰੁਪਏ** ਰੱਖੇ ਗਏ ਹਨ।

ਸਿੱਖ ਧਰਮ ਨਾਲ ਜੁੜੇ ਸਿਕਲੀਗਰ ਅਤੇ ਵਣਜਾਰੇ ਸਿੱਖਾਂ ਦੀ ਆਰਥਿਕ ਸਹਾਇਤਾ ਅਤੇ ਧਰਮ ਪ੍ਰਚਾਰ ਲਈ **ਅੱਸੀ ਲੱਖ ਰੁਪਏ** ਰੱਖੇ ਗਏ ਹਨ। ਜੇਲ੍ਹਾਂ ਵਿੱਚ ਬੰਦ ਨਿਰਦੋਸ਼ ਸਿੱਖਾਂ ਅਤੇ ਪੀੜਤ ਸਿੱਖ ਪਰਿਵਾਰਾਂ ਦੀ ਸਹਾਇਤਾ ਲਈ **ਇਕਾਹਠ ਲੱਖ ਰੁਪਏ** ਰੱਖੇ ਗਏ ਹਨ।

ਧਰਮ ਪ੍ਰਚਾਰ ਕਮੇਟੀ ਵੱਲੋਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ (ਬਿਹਾਰ) ਵਿਖੇ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ੩੫੦ ਸਾਲਾ ਸ਼ਤਾਬਦੀ ਪ੍ਰਕਾਸ਼ ਗੁਰਪੁਰਬ ਮਨਾਉਣ ਲਈ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਵਿਖੇ, ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬ੍ਹੋ ਅਤੇ ਗੁਰਦੁਆਰਾ ਸਾਹਿਬ ਲੋਹਗੜ੍ਹ ਸਾਹਿਬ ਦੀਨਾ (ਮੋਗਾ), ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਸਾਹਿਬ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਵੀ ਦਰਬਾਰ ਤੇ ਗੁਰਮਤਿ ਸਮਾਗਮ ਕਰਵਾਏ ਗਏ। ਇਸ ਤਰ੍ਹਾਂ ਇਹਨਾਂ ਸਮਾਗਮਾਂ ਨੂੰ ਜਾਹੋ ਜਲਾਲ ਨਾਲ ਮਨਾਉਣ ਲਈ ਸਾਲ ੨੦੧੬-੧੭ ਵਿੱਚ **ਇੱਕ ਕਰੋੜ ਸੱਤਰ ਲੱਖ ਰੁਪਏ** ਖਰਚ ਕੀਤੇ ਗਏ ਸਨ। ਸਾਲ ੨੦੧੭-੧੮ ਵਿੱਚ ਸ਼ਤਾਬਦੀ ਸਮਾਰੋਹ ਲਈ **ਇੱਕ ਕਰੋੜ ਪੰਜਾਹ ਲੱਖ ਰੁਪਏ** ਰੱਖੇ ਗਏ ਹਨ। ਸ੍ਰੀ ਨਿਤਿਸ਼ ਕੁਮਾਰ ਜੀ ਮੁੱਖ ਮੰਤਰੀ ਬਿਹਾਰ ਵਲੋਂ ੩੫੦ ਸਾਲਾ ਸਮਾਗਮਾਂ ਨੂੰ ਬਹੁਤ ਹੀ ਸ਼ਰਧਾ ਨਾਲ ਮਨਾਉਣ ਉਪਰੰਤ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੁੱਜਣ 'ਤੇ ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਉਹਨਾਂ ਦੇ ਯਤਨਾਂ ਦੀ ਭਰਪੂਰ ਪ੍ਰਸੰਸਾ ਕਰਦਿਆਂ ਉਹਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਸਿੱਖ ਵਿਦਿਆਰਥੀਆਂ ਵਿੱਚ ਗੁਰਬਾਣੀ ਤੇ ਗੁਰਮਤਿ ਸੰਗੀਤ ਬਾਬਤ ਚੇਤਨਾ ਪੈਦਾ ਕਰਨ ਲਈ ਧਰਮ ਪ੍ਰਚਾਰ ਕਮੇਟੀ ਵੱਲੋਂ ਸਾਲ ੨੦੧੬-੧੭ ਵਿੱਚ ਗਾਵਹੁ ਸਚੀ ਬਾਣੀ ਪ੍ਰੋਗਰਾਮ ਟੈਲੀਕਾਸਟ ਕਰਵਾਇਆ ਗਿਆ। ਇਸ ਕਾਰਜ 'ਤੇ ਇੱਕ ਕਰੋੜ ਪੰਜਾਹ ਲੱਖ ਰੁਪਏ ਖਰਚੇ ਗਏ ਸਨ। ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਤੀਸਰੀ ਸ਼ਹੀਦੀ ਸ਼ਤਾਬਦੀ ਨੂੰ ਵਿਸ਼ਵ ਪੱਧਰ 'ਤੇ ਮਨਾਉਣ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦੋ ਕਰੋੜ ਰੁਪਏ ਸਹਾਇਤਾ ਦਿੱਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਨੂੰ **ਇੱਕ ਕਰੋੜ ਰੁਪਏ** ਸਹਾਇਤਾ ਦਿੱਤੀ ਗਈ ਹੈ।

## ਬਜ਼ਟ ਗੁਰਦੁਆਰਾ ਸਾਹਿਬਾਨ ਸੈਕਸ਼ਨ-੮੫

ਹੁਣ ਮੈਂ ਆਪ ਜੀ ਦੀ ਸੇਵਾ ਵਿਖੇ ਗੁਰਦੁਆਰਾ ਸਾਹਿਬਾਨ ਸੈਕਸ਼ਨ-੮੫ ਦੇ ਬਜ਼ਟ ਪੇਸ਼ ਕਰ ਰਿਹਾ ਹਾਂ। ਜਿਸ ਤਰ੍ਹਾਂ ਸ਼ੁਰੂ ਵਿੱਚ ਦੱਸਿਆ ਗਿਆ ਹੈ ਕਿ ਗੁਰਦੁਆਰਾ ਸਾਹਿਬਾਨ ਦੀ ਆਮਦਨ ਸੰਗਤਾਂ ਵੱਲੋਂ ਸ਼ਰਧਾ ਨਾਲ ਲੰਗਰ, ਕੜਾਹਿ ਪ੍ਰਸ਼ਾਦਿ ਅਤੇ ਗੁਰੂ ਕੀ ਗੋਲਕ ਲਈ ਭੇਟਾ ਕੀਤੀ ਮਾਇਆ ਹੀ ਹੁੰਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਨ੍ਹਾਂ ਗੁਰਦੁਆਰਾ ਸਾਹਿਬਾਨ ਤੋਂ ਕੇਵਲ ਨੀਯਤ ਫੰਡ ਹੀ ਆਉਂਦੇ ਹਨ। ਬਾਕੀ ਬਚਦੀ ਰਕਮ ਗੁਰਦੁਆਰਾ ਸਾਹਿਬਾਨ ਦੇ ਵੱਖ-ਵੱਖ ਕਾਰਜਾਂ ਪੁਰ ਖਰਚ ਕੀਤੀ ਜਾਂਦੀ ਹੈ।

ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਸ਼ੇਸ਼ ਯਤਨਾਂ ਸਦਕਾ ਪੰਥ ਦੀ ਸਿਰਮੌਰ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਘਰ ਦੇ ਲੰਗਰਾਂ ਵਿੱਚ ਵਰਤੇ ਜਾਣ ਵਾਲੇ ਸਰਬਲੋਹੀ ਬਰਤਨਾਂ ਦੇ ਪ੍ਰਚੱਲਣ ਨੂੰ ਮੁੜ ਬਹਾਲ ਕਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ। ਇਸ ਸੰਬੰਧੀ ਪਿੰਡ ਘੜੂੰਆਂ, ਤਹਿਸੀਲ ਖਰੜ ਦੇ ਗੁਰੂ-ਘਰ ਦੇ ਅਨਿਨ ਸੇਵਕ ਪਰਿਵਾਰਾਂ ਜਿਨ੍ਹਾਂ ਦੇ ਵਡੇਰਿਆਂ ਨੇ ਸੱਤਵੇਂ ਪਾਤਸ਼ਾਹ ਸ੍ਰੀ

ਗੁਰੂ ਹਰਿਰਾਇ ਸਾਹਿਬ ਜੀ ਦੇ ਕਾਲ ਤੋਂ ਲੈ ਕੇ ਸਰਬਲੋਹ ਦੇ ਬਰਤਨ ਬਨਾਉਣ ਦੀ ਨਿਰੰਤਰਤਾ ਨੂੰ ਹੁਣ ਤੱਕ ਜਾਰੀ ਰੱਖਿਆ ਹੈ, ਉਨ੍ਹਾਂ ਪਾਸੋਂ ਗੁਰਦੁਆਰਾ ਸਾਹਿਬਾਨ ਸੈਕਸ਼ਨ ੮੫ ਦੇ ਲਈ ਸਰਬਲੋਹ ਦੇ ਬਰਤਨ ਖ੍ਰੀਦ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ।

ਸਿੱਖ ਗੁਰਦੁਆਰਾ ਐਕਟ ਦੀ ਧਾਰਾ ੮੫ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ੭੮ ਗੁਰਦੁਆਰਾ ਸਾਹਿਬਾਨ ਹਨ। ਇਹਨਾਂ ਵਿੱਚੋਂ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਤੇ ਨੌਵੀਂ ਚੀਕਾ, ਕੈਥਲ (ਹਰਿਆਣਾ) ਦਾ ਕੇਸ ਸੁਪਰੀਮ ਕੋਰਟ 'ਚ ਹੋਣ ਕਾਰਣ ਇਸ ਗੁਰਦੁਆਰਾ ਸਾਹਿਬ ਤੋਂ ਇਲਾਵਾ ਬਾਕੀ ੭੭ ਗੁਰਦੁਆਰਾ ਸਾਹਿਬਾਨ ਦਾ ਕੁੱਲ ਬਜ਼ਟ **ਛੇ ਅਰਬ ਇਕਤਾਲੀ ਕਰੋੜ ਤਰਵਿੰਜਾ ਲੱਖ ਵੀਹ ਹਜ਼ਾਰ ਰੁਪਏ** ਦਾ ਹੈ।

**ਗੁਰਦੁਆਰਾ ਸਾਹਿਬਾਨ ਦੇ ਬਜ਼ਟਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ:-**

| | |
|---|---|
| ੧. ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ | - ਦੋ ਅਰਬ ਚੁਰਿੰਜਾ ਕਰੋੜ ਰੁਪਏ |
| ੨. ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ | - ਸਤਵੰਜਾ ਕਰੋੜ ਅੱਸੀ ਲੱਖ ਰੁਪਏ |
| ੩. ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ | - ਤੇਈ ਕਰੋੜ ਚਾਲੀ ਲੱਖ ਰੁਪਏ |
| ੪. ਸ੍ਰੀ ਦਰਬਾਰ ਸਾਹਿਬ ਤਰਨ ਤਾਰਨ | - ਚੌਦਾਂ ਕਰੋੜ ਬਹੱਤਰ ਲੱਖ ਰੁਪਏ |
| ੫. ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ | - ਛੱਬੀ ਕਰੋੜ ਛਪਿੰਜਾ ਲੱਖ ਰੁਪਏ |
| ੬. ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ | - ਤੇਰਾਂ ਕਰੋੜ ਨੱਬੇ ਲੱਖ ਰੁਪਏ |
| ੭. ਸ੍ਰੀ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ | - ਸੱਤ ਕਰੋੜ ਚੌਵੀ ਲੱਖ ਰੁਪਏ |
| ੮. ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀਂਦ | - ਪੰਜ ਕਰੋੜ ਛਿਆਲੀ ਲੱਖ ਰੁਪਏ |
| ੯. ਗੁਰਦੁਆਰਾ ਬਾਬਾ ਗਾਂਧਾ ਸਿੰਘ ਜੀ ਬਰਨਾਲਾ | - ਚਾਰ ਕਰੋੜ ਤੀਹ ਲੱਖ ਰੁਪਏ |
| ੧੦. ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਧਮਧਾਨ ਸਾਹਿਬ | - ਛੇ ਕਰੋੜ ਤਰਤਾਲੀ ਲੱਖ ਰੁਪਏ |
| ੧੧. ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ | - ਗਿਆਰਾਂ ਕਰੋੜ ਨੱਬੇ ਲੱਖ ਰੁਪਏ |
| ੧੨. ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਠੱਠਾ (ਤਰਨ ਤਾਰਨ) | - ਬਾਈ ਕਰੋੜ ਚਾਲੀ ਲੱਖ ਰੁਪਏ |
| ੧੩. ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਬਾਬਾ ਬਕਾਲਾ | - ਬਾਈ ਕਰੋੜ ਰੁਪਏ |
| ੧੪. ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਗੋਇੰਦਵਾਲ ਸਾਹਿਬ | - ਨੌਂ ਕਰੋੜ ਬਹੱਤਰ ਲੱਖ ਰੁਪਏ |
| ੧੫. ਗੁਰਦੁਆਰਾ ਮੰਜੀ ਸਾਹਿਬ ਆਲਮਗੀਰ ਲੁਧਿਆਣਾ | - ਅੱਠ ਕਰੋੜ ਚਾਲੀ ਲੱਖ ਰੁਪਏ |
| ੧੬. ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਤੇ ਦਸਵੀਂ ਕਟਾਣਾ | - ਛੇ ਕਰੋੜ ਦਸ ਲੱਖ ਰੁਪਏ |
| ੧੭. ਗੁਰਦੁਆਰਾ ਸ੍ਰੀ ਮੰਜੀ ਸਾਹਿਬ ਪਾ: ਛੇਵੀਂ ਕੋਟਾਂ, ਲੁਧਿਆਣਾ | - ਛੇ ਕਰੋੜ ਅਠਾਈ ਲੱਖ ਰੁਪਏ |
| ੧੮. ਗੁਰਦੁਆਰਾ ਸਾਹਿਬ ਪਾ: ਦਸਵੀਂ ਨਾਢਾ ਸਾਹਿਬ, ਪੰਚਕੂਲਾ | - ਸੋਲਾਂ ਕਰੋੜ ਰੁਪਏ |
| ੧੯. ਗੁਰਦੁਆਰਾ ਸ੍ਰੀ ਨਾਨਕਿਆਣਾ ਸਾਹਿਬ ਸੰਗਰੂਰ | - ਦੋ ਕਰੋੜ ਰੁਪਏ |
| ੨੦. ਗੁਰਦੁਆਰਾ ਸ੍ਰੀ ਛੇਹਰਟਾ ਸਾਹਿਬ ਪਾ: ਛੇਵੀਂ ਸ੍ਰੀ ਅੰਮ੍ਰਿਤਸਰ | - ਛੇ ਕਰੋੜ ਛੇ ਲੱਖ ਰੁਪਏ |
| ੨੧. ਗੁਰਦੁਆਰਾ ਬਾਬਾ ਬੁੱਢਾ ਜੀ ਰਮਦਾਸ, ਅੰਮ੍ਰਿਤਸਰ | - ਅੱਠ ਕਰੋੜ ਤੇਤੀ ਲੱਖ ਰੁਪਏ |
| ੨੨. ਗੁਰਦੁਆਰਾ ਸ੍ਰੀ ਭੱਠਾ ਸਾਹਿਬ ਪਾਤਸ਼ਾਹੀ ਦਸਵੀਂ ਰੋਪੜ | - ਤਿੰਨ ਕਰੋੜ ਸੱਤਰ ਲੱਖ ਰੁਪਏ |
| ੨੩. ਗੁਰਦੁਆਰਾ ਸ੍ਰੀ ਚਮਕੌਰ ਸਾਹਿਬ (ਰੋਪੜ) | - ਤਿੰਨ ਕਰੋੜ ਅਠਾਨਵੇਂ ਲੱਖ ਰੁਪਏ |
| ੨੪. ਗੁਰਦੁਆਰਾ ਚਰਨ ਕੰਵਲ ਮਾਛੀਵਾੜਾ ਲੁਧਿਆਣਾ | - ਚਾਰ ਕਰੋੜ ਬੱਤੀ ਲੱਖ ਰੁਪਏ |
| ੨੫. ਗੁਰਦੁਆਰਾ ਸ੍ਰੀ ਟਾਹਲੀਆਣਾ ਸਾਹਿਬ ਪਾ: ਦਸਵੀਂ ਰਾਏਕੋਟ | - ਚਾਰ ਕਰੋੜ ਸੈਂਤੀ ਲੱਖ ਰੁਪਏ |
| ੨੬. ਗੁਰਦੁਆਰਾ ਸ੍ਰੀ ਬਾਰਠ ਸਾਹਿਬ ਜ਼ਿਲ੍ਹਾ ਪਠਾਨਕੋਟ | - ਚਾਰ ਕਰੋੜ ਚਾਰ ਲੱਖ ਰੁਪਏ |

| | |
|---|---|
| ੨੭. ਗੁਰਦੁਆਰਾ ਬਾਬਾ ਸੰਗ ਜੀ, ਢੇਸੀਆਂ ਸੰਗ (ਫਿਲੌਰ) | - ਇਕ ਕਰੋੜ ਨੌਂ ਲੱਖ ਰੁਪਏ |
| ੨੮. ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਮੌ ਸਾਹਿਬ (ਫਿਲੌਰ) | - ਇੱਕ ਕਰੋੜ ਇਕਤਾਲੀ ਲੱਖ ਰੁਪਏ |
| ੨੯. ਗੁਰਦੁਆਰਾ ਸ੍ਰੀ ਥੰਮ ਜੀ ਸਾਹਿਬ ਕਰਤਾਰਪੁਰ (ਜਲੰਧਰ) | - ਦੋ ਕਰੋੜ ਦਸ ਲੱਖ ਰੁਪਏ |
| ੩੦. ਗੁਰਦੁਆਰਾ ਸ੍ਰੀ ਸੁਖਚੈਨਆਣਾ ਸਾਹਿਬ ਫਗਵਾੜਾ | - ਇੱਕ ਕਰੋੜ ਉਨਾਨਵੇਂ ਲੱਖ ਰੁਪਏ |
| ੩੧. ਗੁਰਦੁਆਰਾ ਸ਼ਹੀਦਾਂ ਲੱਧੇਵਾਲ, ਮਾਹਿਲਪੁਰ, ਹੁਸ਼ਿਆਰਪੁਰ | - ਤਿੰਨ ਕਰੋੜ ਰੁਪਏ |
| ੩੨. ਗੁਰਦੁਆਰਾ ਸ੍ਰੀ ਗਰਨਾ ਸਾਹਿਬ ਬੋਦਲ, ਹੁਸ਼ਿਆਰਪੁਰ | - ਦੋ ਕਰੋੜ ਬੱਤੀ ਲੱਖ ਰੁਪਏ |
| ੩੩. ਗੁਰਦੁਆਰਾ ਸਾਹਿਬ ਗੋਬਿੰਦ ਨਗਰ ਪਾ: ਦਸਵੀਂ ਹਾਜੀਰਤਨ ਅਤੇ ਕਿਲ੍ਹਾ ਮੁਬਾਰਕ (ਬਠਿੰਡਾ) | - ਤਿੰਨ ਕਰੋੜ ਸੱਤਰ ਲੱਖ ਰੁਪਏ |
| ੩੪. ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਬਹਾਦਰਗੜ੍ਹ (ਪਟਿਆਲਾ) | - ਇੱਕ ਕਰੋੜ ਸਤਾਨਵੇਂ ਲੱਖ ਰੁਪਏ |
| ੩੫. ਗੁਰਦੁਆਰਾ ਡੇਰਾ ਬਾਬਾ ਅਜਾਪਾਲ ਸਿੰਘ ਜੀ ਨਾਭਾ (ਪਟਿਆਲਾ) | - ਇੱਕ ਕਰੋੜ ਇਕਤਾਲੀ ਲੱਖ ਰੁਪਏ |
| ੩੬. ਗੁਰਦੁਆਰਾ ਗੁਰੂਸਰ ਜਾਮਨੀ ਸਾਹਿਬ ਬਜ਼ੀਦਪੁਰ ਫਿਰੋਜ਼ਪੁਰ | - ਤਿੰਨ ਕਰੋੜ ਪੰਝੱਤਰ ਲੱਖ ਰੁਪਏ |
| ੩੭. ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਕੁਰੂਕਸ਼ੇਤਰ | - ਤਿੰਨ ਕਰੋੜ ਛਿਆਲੀ ਲੱਖ ਰੁਪਏ |
| ੩੮. ਗੁਰਦੁਆਰਾ ਸ੍ਰੀ ਪੰਜੋਖਰਾ ਸਾਹਿਬ ਪਾਤਸ਼ਾਹੀ ਅੱਠਵੀਂ | - ਸੱਤ ਕਰੋੜ ਰੁਪਏ |
| ੩੯. ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਸ਼ਹਿਰ | - ਦੋ ਕਰੋੜ ਤਰਤਾਲੀ ਲੱਖ ਪੰਜਾਹ ਹਜ਼ਾਰ ਰੁਪਏ |
| ੪੦. ਗੁਰਦੁਆਰਾ ਸ੍ਰੀ ਕੰਧ ਸਾਹਿਬ ਬਟਾਲਾ | - ਦੋ ਕਰੋੜ ਬਾਈ ਲੱਖ ਰੁਪਏ |
| ੪੧. ਗੁਰਦੁਆਰਾ ਜਨਮ ਅਸਥਾਨ ਬਾਬਾ ਬੁੱਢਾ ਸਾਹਿਬ ਕੱਥੂਨੰਗਲ | - ਤਿੰਨ ਕਰੋੜ ਤਿੰਨ ਲੱਖ ਰੁਪਏ |
| ੪੨. ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ | - ਤਿੰਨ ਕਰੋੜ ਗਿਆਰਾਂ ਲੱਖ ਰੁਪਏ |
| ੪੩. ਗੁਰਦੁਆਰਾ ਸ੍ਰੀ ਅੰਬ ਸਾਹਿਬ ਪਾਤਸ਼ਾਹੀ ਸੱਤਵੀਂ ਲੰਬੇ, ਮੁਹਾਲੀ | - ਪੰਜ ਕਰੋੜ ਛੱਬੀ ਲੱਖ ਰੁਪਏ |
| ੪੪. ਗੁਰਦੁਆਰਾ ਸਾਹਿਬ ਗੁਰੂ ਕਾ ਬਾਗ, ਘੁੱਕੇਵਾਲੀ | - ਇੱਕ ਕਰੋੜ ਪੰਚਾਨਵੇਂ ਲੱਖ ਰੁਪਏ |
| ੪੫. ਗੁਰਦੁਆਰਾ ਬਾਬਾ ਬੁੱਢਾ ਜੀ, ਤੇਜਾ ਕਲਾਂ (ਗੁਰਦਾਸਪੁਰ) | - ਇਕ ਕਰੋੜ ਛਿਆਲੀ ਲੱਖ ਰੁਪਏ |
| ੪੬. ਗੁਰਦੁਆਰਾ ਸ੍ਰੀ ਅੱਚਲ ਸਾਹਿਬ ਸਲੋਚਾਹਲ (ਬਟਾਲਾ) | - ਇੱਕ ਕਰੋੜ ਚਰਵਿੰਜਾ ਲੱਖ ਰੁਪਏ |
| ੪੭. ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਜੀਂਦੋਵਾਲ ਬੰਗਾ | - ਛਿਆਸੀ ਲੱਖ ਰੁਪਏ |
| ੪੮. ਗੁਰਦੁਆਰਾ ਸ੍ਰੀ ਮੰਜੀ ਸਾਹਿਬ ਪਾ: ਨੌਵੀਂ-ਦਸਵੀਂ ਮੂਲੋਵਾਲ | - ਇਕ ਕਰੋੜ ਰੁਪਏ |
| ੪੯. ਗੁਰਦੁਆਰਾ ਸਾਹਿਬ ਪਾਤਸ਼ਾਹੀ ਦਸਵੀਂ ਹੇਰਾਂ (ਲੁਧਿਆਣਾ) | - ਇੱਕ ਕਰੋੜ ਉਨਾਹਠ ਲੱਖ ਰੁਪਏ |
| ੫੦. ਗੁਰਦੁਆਰਾ ਸਾਹਿਬ ਪਾ: ਛੇਵੀਂ ਗੁਰੂਸਰ ਸੁਧਾਰ (ਲੁਧਿਆਣਾ) | - ਚੁਹੱਤਰ ਲੱਖ ਹਜ਼ਾਰ ਰੁਪਏ |
| ੫੧. ਗੁਰਦੁਆਰਾ ਬਾਬਾ ਬੀਰ ਸਿੰਘ ਜੀ ਰੱਤੋਕੇ (ਤਰਨ ਤਾਰਨ) | - ਇੱਕ ਕਰੋੜ ਅਠੱਤੀ ਲੱਖ ਰੁਪਏ |
| ੫੨. ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ, ਦਸਵੀਂ ਭਦੌੜ ਗਹਿਲ | - ਇੱਕ ਕਰੋੜ ਇਕੱਹਤਰ ਲੱਖ ਰੁਪਏ |
| ੫੩. ਗੁਰਦੁਆਰਾ ਪਾ: ਪਹਿਲੀ ਤੇ ਨੌਵੀਂ ਕਪਾਲ ਮੋਚਨ (ਯਮੁਨਾਨਗਰ) | - ਇੱਕ ਕਰੋੜ ਛੱਬੀ ਲੱਖ ਰੁਪਏ |
| ੫੪. ਗੁਰਦੁਆਰਾ ਸਾਹਿਬ ਚੁੱਲੇ ਬਾਬਾ ਆਲਾ ਸਿੰਘ ਜੀ ਲੌਂਗੋਵਾਲ | - ਇੱਕ ਕਰੋੜ ਸੱਤਰ ਲੱਖ ਰੁਪਏ |
| ੫੫. ਗੁਰਦੁਆਰਾ ਨਾਨਕਸਰ ਸਾਹਿਬ ਪਾਤਸ਼ਾਹੀ ਪਹਿਲੀ ਵੇਰਕਾ | - ਇੱਕ ਕਰੋੜ ਛੱਤੀ ਲੱਖ ਰੁਪਏ |
| ੫੬. ਗੁਰਦੁਆਰਾ ਚੋਹਲਾ ਸਾਹਿਬ ਪਾਤਸ਼ਾਹੀ ਪੰਜਵੀਂ (ਤਰਨ ਤਾਰਨ) | - ਇੱਕ ਕਰੋੜ ਤੀਹ ਲੱਖ ਰੁਪਏ |
| ੫੭. ਗੁਰਦੁਆਰਾ ਸੰਨ ਸਾਹਿਬ ਬਾਸਰਕੇ ਗਿੱਲਾਂ, ਅੰਮ੍ਰਿਤਸਰ | - ਇੱਕ ਕਰੋੜ ਤੀਹ ਲੱਖ ਰੁਪਏ |
| ੫੮. ਗੁਰਦੁਆਰਾ ਭਾਈ ਤਾਰਾ ਸਿੰਘ ਜੀ ਸ਼ਹੀਦ ਪਿੰਡ ਵਾਂ | - ਸਤਾਨਵੇਂ ਲੱਖ ਰੁਪਏ |
| ੫੯. ਗੁਰਦੁਆਰਾ ਸ੍ਰੀ ਬੁਰਜ ਸਾਹਿਬ ਧਾਰੀਵਾਲ (ਗੁਰਦਾਸਪੁਰ) | - ਇੱਕ ਕਰੋੜ ਬਵਿੰਜਾ ਲੱਖ ਰੁਪਏ |

੬੦. ਗੁਰਦੁਆਰਾ ਡੇਹਰਾ ਸਾਹਿਬ ਸਤਿਕਰਤਾਰੀਆਂ (ਬਟਾਲਾ) – ਬਹੱਤਰ ਲੱਖ ਰੁਪਏ
੬੧. ਗੁਰਦੁਆਰਾ ਸਾਹਿਬ ਪਾਤਸ਼ਾਹੀ ਪੰਜਵੀਂ ਓਠੀਆਂ, ਬਟਾਲਾ – ਬਿਆਸੀ ਲੱਖ ਵੀਹ ਹਜ਼ਾਰ ਰੁਪਏ
੬੨. ਗੁਰਦੁਆਰਾ ਸਾਹਿਬ ਪਾ: ਪੰਜਵੀਂ ਪੰਚਾਇਤੀ ਬਿਲਗਾ (ਜਲੰਧਰ) – ਪਚਵਿੰਜਾ ਲੱਖ ਰੁਪਏ
੬੩. ਗੁਰਦੁਆਰਾ ਸਾਹਿਬ ਪਾ: ਛੇਵੀਂ ਗੁਰੂਸਰ ਕਾਉਂਕੇ (ਲੁਧਿਆਣਾ) – ਇੱਕ ਕਰੋੜ ਤੇਤੀ ਲੱਖ ਰੁਪਏ
੬੪. ਗੁਰਦੁਆਰਾ ਸ੍ਰੀ ਰੇਰੂ ਸਾਹਿਬ ਪਾਤਸ਼ਾਹੀ ਦਸਵੀਂ ਰਾਮਪੁਰ – ਅੱਸੀ ਲੱਖ ਪੰਜਾਹ ਹਜ਼ਾਰ ਰੁਪਏ
੬੫. ਗੁਰਦੁਆਰਾ ਸਾਹਿਬ ਪਾ: ਛੇਵੀਂ ਤੇ ਦਸਵੀਂ ਭਗਤਾ ਭਾਈ ਕਾ – ਅੱਸੀ ਲੱਖ ਰੁਪਏ
੬੬. ਗੁਰਦੁਆਰਾ ਸਾਹਿਬ ਗੁਰੂਸਰ ਪਾ: ਛੇਵੀਂ ਮਹਿਰਾਜ (ਬਠਿੰਡਾ) – ਇੱਕ ਕਰੋੜ ਵੀਹ ਲੱਖ ਰੁਪਏ
੬੭. ਗੁਰਦੁਆਰਾ ਲੋਹਗੜ੍ਹ ਸਾਹਿਬ ਦੀਨਾ ਪਾਤਸ਼ਾਹੀ ਦਸਵੀਂ (ਮੋਗਾ) – ਇਕ ਕਰੋੜ ਪੰਜ ਲੱਖ ਰੁਪਏ
੬੮. ਗੁਰਦੁਆਰਾ ਗੰਗਸਰ ਸਾਹਿਬ ਪਾ: ਦਸਵੀਂ ਜੈਤੋ (ਫਰੀਦਕੋਟ) – ਇੱਕ ਕਰੋੜ ਅੱਠ ਲੱਖ ਰੁਪਏ
੬੯. ਗੁਰਦੁਆਰਾ ਸਾਹਿਬ ਪਾਤਸ਼ਾਹੀ ਦਸਵੀਂ ਬਰਗਾੜੀ (ਫਰੀਦਕੋਟ) – ਉਨਤਾਲੀ ਲੱਖ ਰੁਪਏ
੭੦. ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਤੇ ਨੌਵੀਂ ਕਰਹਾਲੀ – ਇੱਕ ਕਰੋੜ ਉਨੱਤੀ ਲੱਖ ਪੰਜਾਹ ਹਜ਼ਾਰ ਰੁਪਏ
੭੧. ਗੁਰਦੁਆਰਾ ਸ੍ਰੀ ਗੋਬਿੰਦਗੜ੍ਹ ਸਾਹਿਬ ਪਾ:ਛੇਵੀਂ, ਦਸਵੀਂ ਰਾਣਵਾਂ – ਅਠੱਤਰ ਲੱਖ ਰੁਪਏ
੭੨. ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਭਵਾਨੀਗੜ੍ਹ (ਸੰਗਰੂਰ) – ਛਿਆਸੀ ਲੱਖ ਪੰਜਾਹ ਹਜ਼ਾਰ ਰੁਪਏ
੭੩. ਗੁਰਦੁਆਰਾ ਸਾਹਿਬ ਪਾ:ਨੌਵੀਂ ਗੁਰੂਸਰ ਹੰਢਿਆਇਆ (ਸੰਗਰੂਰ) – ਇਕ ਕਰੋੜ ਤਿੰਨ ਲੱਖ ਰੁਪਏ
੭੪. ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਭੀਖੀ (ਮਾਨਸਾ) – ਇਕਆਸੀ ਲੱਖ ਰੁਪਏ
੭੫. ਗੁਰਦੁਆਰਾ ਪ੍ਰਕਾਸ਼ ਅਸਥਾਨ ਭਾਈ ਲਾਲੂ ਜੀ ਡੱਲਾ (ਕਪੂਰਥਲਾ) – ਇੱਕ ਕਰੋੜ ਤਿੰਨ ਲੱਖ ਰੁਪਏ
੭੬. ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਪਾਤਸ਼ਾਹੀ ਛੇਵੀਂ, ਨਡਾਲਾ – ਸਤੱਤਰ ਲੱਖ ਰੁਪਏ
੭੭. ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਤੇ ਨੌਵੀਂ ਚੀਕਾ ਕੈਥਲ – (ਕੇਸ ਸੁਪਰੀਮ ਕੋਰਟ ਅਧੀਨ)
੭੮. ਗੁਰਦੁਆਰਾ ਸਾਹਿਬ ਗੁਰੂ ਸਤਲਾਣੀ ਪਾਤਸ਼ਾਹੀ ਛੇਵੀਂ ਹੁਸ਼ਿਆਰ ਨਗਰ (ਅੰਮ੍ਰਿਤਸਰ) – ਦੋ ਕਰੋੜ ਰੁਪਏ

**ਜੋੜ ਗੁਰਦੁਆਰਾ ਸਾਹਿਬਾਨ ੮੫– ਛੇ ਅਰਬ ਇਕਤਾਲੀ ਕਰੋੜ ਤਰਵਿੰਜਾ ਲੱਖ ਵੀਹ ਹਜ਼ਾਰ ਰੁਪਏ**

ਇਸ ਤੋਂ ਇਲਾਵਾ ੨੪ ਹੋਰ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਸਿੱਧੇ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚਲਾ ਰਹੀ ਹੈ ਜਾਂ ਗੁਰਦੁਆਰਾ ਸਾਹਿਬਾਨ ਸੈਕਸ਼ਨ ੮੫ ਨਾਲ ਅਟੈਚ ਕੀਤਾ ਗਿਆ ਹੈ। ਇਹਨਾਂ ਦਾ ਕੁੱਲ ਬਜ਼ਟ **ਸੱਤ ਕਰੋੜ ਚੁਰਾਨਵੇਂ ਲੱਖ ਪਚਾਨਵੇਂ ਹਜ਼ਾਰ ਰੁਪਏ** ਦਾ ਹੈ।

## ਗੁਰਦੁਆਰਾ ਸਾਹਿਬਾਨ (ਸਿੱਧਾ ਅਤੇ ਗੁਰਦੁਆਰਾ ਸਾਹਿਬਾਨ ਨਾਲ ਅਟੈਚ ਪ੍ਰਬੰਧ)

੭੯. ਗੁਰਦੁਆਰਾ ਕੁੱਕੜ ਮਾਜਰਾ ਮੰਡੀ ਗੋਬਿੰਦਗੜ੍ਹ (ਸਿੱਧਾ ਪ੍ਰਬੰਧ) – ਤੀਹ ਲੱਖ ਰੁਪਏ
੮੦. ਗੁਰਦੁਆਰਾ ਹੀਰਾਗੜ੍ਹ ਮੰਡੀ ਗੋਬਿੰਦਗੜ੍ਹ ਫਤਹਿਗੜ੍ਹ ਸਾਹਿਬ (ਗੁ: ਕੁੱਕੜ ਮਾਜਰਾ ਨਾਲ ਅਟੈਚ) – ਤੇਰਾਂ ਲੱਖ ਪੰਜਾਹ ਹਜ਼ਾਰ ਰੁਪਏ
੮੧. ਗੁਰਦੁਆਰਾ ਪਾ: ਛੇਵੀਂ ਮੰਡੀ ਗੋਬਿੰਦਗੜ੍ਹ ਫਤਹਿਗੜ੍ਹ ਸਾਹਿਬ (ਗੁ: ਕੁੱਕੜ ਮਾਜਰਾ ਨਾਲ ਅਟੈਚ) – ਇਕਵੰਜਾ ਲੱਖ ਰੁਪਏ
੮੨. ਗੁਰਦੁਆਰਾ ਮੰਡੀ ਰਾਮਪੁਰਾ ਫੂਲ ਬਠਿੰਡਾ (ਸਿੱਧਾ ਪ੍ਰਬੰਧ) – ਪੰਦਰਾਂ ਲੱਖ ਅੱਸੀ ਹਜ਼ਾਰ ਰੁਪਏ
੮੩. ਗੁਰਦੁਆਰਾ ਗੁਰੂ ਨਾਨਕ ਦਰਬਾਰ ਉਸਮਾਨ ਸ਼ਹੀਦਾਂ ਦਸੂਹਾ (ਸਿੱਧਾ ਪ੍ਰਬੰਧ) – ਪੰਜਾਹ ਲੱਖ ਰੁਪਏ

| | |
|---|---|
| ੮੪. ਗੁਰਦੁਆਰਾ ਚੁੱਲ੍ਹਾ ਸਾਹਿਬ ਬਾਬਾ ਜੱਸਾ ਸਿੰਘ ਕੋਟਕਪੂਰਾ | - ਤੇਰਾਂ ਲੱਖ ਚਾਲੀ ਹਜ਼ਾਰ ਰੁਪਏ |
| ੮੫. ਗੁਰਦੁਆਰਾ ਸਾਹਿਬ ਪਾ: ਦਸਵੀਂ ਪਿੰਡ ਥੇਹੜੀ ਮੁਕਤਸਰ (ਸ੍ਰੀ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ ਨਾਲ ਅਟੈਚ) | - ਅਠਾਈ ਲੱਖ ਸੱਠ ਹਜ਼ਾਰ ਰੁਪਏ |
| ੮੬. ਗੁਰਦੁਆਰਾ ਬਾਬਾ ਸੁਖਚੈਨ ਦਾਸ ਬਾਜਵਾ ਕਲਾਂ, (ਜਲੰਧਰ) (ਗੁਰਦੁਆਰਾ ਸ੍ਰੀ ਬੇਰ ਸਾਹਿਬ, ਸੁਲਤਾਨਪੁਰ ਲੋਧੀ ਨਾਲ ਅਟੈਚ) | - ਬਹੱਤਰ ਲੱਖ ਰੁਪਏ |
| ੮੭. ਗੁਰਦੁਆਰਾ ਸਾਹਿਬ ਕਪੂਰਗੜ੍ਹ ਅਮਲੋਹ (ਗੁਰਦੁਆਰਾ ਫਤਹਿਗੜ੍ਹ ਸਾਹਿਬ ਨਾਲ ਅਟੈਚ) | - ਸੈਂਤੀ ਲੱਖ ਤੀਹ ਹਜ਼ਾਰ ਰੁਪਏ |
| ੮੮. ਗੁਰਦੁਆਰਾ ਸ੍ਰੀ ਬਾਗ ਸ਼ਹੀਦਾਂ ਬੁੜੈਲ, ਚੰਡੀਗੜ੍ਹ (ਸਿੱਧਾ ਪ੍ਰਬੰਧ) | - ਉਨਾਸੀ ਲੱਖ ਸੱਤਰ ਹਜ਼ਾਰ ਰੁਪਏ |
| ੮੯. ਗੁਰਦੁਆਰਾ ਬਾਉਲੀ ਸਾਹਿਬ ਪਾਤਸ਼ਾਹੀ ਛੇਵੀਂ (ਫਿਲੌਰ) (ਗੁਰਦੁਆਰਾ ਮੌ ਸਾਹਿਬ ਨਾਲ ਅਟੈਚ) | - ਬਾਰਾਂ ਲੱਖ ਰੁਪਏ |
| ੯੦. ਗੁਰਦੁਆਰਾ ਪਾਤਸ਼ਾਹੀ ਤੀਸਰੀ ਅਤੇ ਸੱਤਵੀਂ ਨੂਰਮਹਿਲ (ਗੁਰਦੁਆਰਾ ਮੌ ਸਾਹਿਬ ਨਾਲ ਅਟੈਚ) | - ਪੰਦਰਾਂ ਲੱਖ ਰੁਪਏ |
| ੯੧. ਗੁਰਦੁਆਰਾ ਸੰਤਪੁਰੀ ਕਲਾਂ ਗੰਡੀਵਿੰਡ (ਤਰਨ ਤਾਰਨ) (ਗੁਰਦੁਆਰਾ ਬੀੜ ਸਾਹਿਬ ਠੱਠਾ ਨਾਲ ਅਟੈਚ) | - ਅੱਸੀ ਲੱਖ ਰੁਪਏ |
| ੯੨. ਗੁਰਦੁਆਰਾ ਸ੍ਰੀ ਗੁਰੂਗੜ੍ਹ ਸਾਹਿਬ, ਸਦਾਬਰਤ ਰੋਪੜ (ਗੁਰਦੁਆਰਾ ਭੱਠਾ ਸਾਹਿਬ ਨਾਲ ਅਟੈਚ) | - ਦਸ ਲੱਖ ਸੱਠ ਹਜ਼ਾਰ ਰੁਪਏ |
| ੯੩. ਗੁਰਦੁਆਰਾ ਗੁਰੂਆਣਾ ਸਾਹਿਬ ਪਾਤਸ਼ਾਹੀ ਛੇਵੀਂ ਪਿੰਡ ਵੈਰੋਨੰਗਲ (ਸਿੱਧਾ ਪ੍ਰਬੰਧ) | - ਪੰਜਾਹ ਲੱਖ ਪੰਜਾਹ ਹਜ਼ਾਰ ਰੁਪਏ |
| ੯੪. ਗੁਰਦੁਆਰਾ ਧਰਮਸ਼ਾਲਾ ਪੱਤੀ ਬਾਦਲ ਕੀ, ਬੁੰਡਾਲਾ (ਜਲੰਧਰ) (ਪ੍ਰਬੰਧ ਗੁਰਦੁਆਰਾ ਸੰਗ ਜੀ ਢੇਸੀਆਂ ਨਾਲ ਅਟੈਚ) | - ਦੋ ਲੱਖ ਸੱਤਰ ਹਜ਼ਾਰ ਰੁਪਏ |
| ੯੫. ਗੁਰਦੁਆਰਾ ਸ੍ਰੀ ਨਾਭਾ ਸਾਹਿਬ ਪਾਤਸ਼ਾਹੀ ਨੌਵੀਂ ਅਤੇ ਦਸਵੀਂ, ਜ਼ੀਰਕਪੁਰ (ਸਿੱਧਾ ਪ੍ਰਬੰਧ) | - ਅਠੱਤਰ ਲੱਖ ਰੁਪਏ |
| ੯੬. ਗੁਰਦੁਆਰਾ ਗੁਰੂਸਰ ਮੰਜੀ ਸਾਹਿਬ ਪਾਤਸ਼ਾਹੀ ਛੇਵੀਂ, ਗੁੱਜਰਵਾਲ (ਸਿੱਧਾ ਪ੍ਰਬੰਧ) | - ਚੁਹੱਤਰ ਲੱਖ ਵੀਹ ਹਜ਼ਾਰ ਰੁਪਏ |
| ੯੭. ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਦਿੜਬਾ (ਸੰਗਰੂਰ) (ਗੁਰਦੁਆਰਾ ਨਾਨਕਿਆਣਾ ਸਾਹਿਬ ਨਾਲ ਅਟੈਚ) | - ਸੋਲ੍ਹਾਂ ਲੱਖ ਰੁਪਏ |
| ੯੮. ਗੁਰਦੁਆਰਾ ਡੇਰਾ ਸ੍ਰੀ ਗੁਰੂ ਗ੍ਰੰਥ ਸਾਹਿਬ, ਖੜਿਆਲ (ਸੰਗਰੂਰ) (ਗੁਰਦੁਆਰਾ ਨਾਨਕਿਆਣਾ ਸਾਹਿਬ ਨਾਲ ਅਟੈਚ) | - ਸੱਤ ਲੱਖ ਪੰਝੱਤਰ ਹਜ਼ਾਰ ਰੁਪਏ |
| ੯੯. ਗੁਰਦੁਆਰਾ ਸਾਹਿਬ ਧਰਮਸ਼ਾਲਾ ਪਾਤਸ਼ਾਹੀ ਛੇਵੀਂ ਅਤੇ ਦਸਵੀਂ, ਘੁਲਾਲ ( ਲੁਧਿਆਣਾ) (ਗੁ: ਪਾਤਸ਼ਾਹੀ ਛੇਵੀਂ ਅਤੇ ਦਸਵੀਂ ਕਟਾਣਾ ਸਾਹਿਬ ਨਾਲ ਅਟੈਚ) | -ਅੱਠ ਲੱਖ ਰੁਪਏ |
| ੧੦੦. ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਅਤੇ ਦਸਵੀਂ, ਹਸਨਪੁਰ (ਪਟਿਆਲਾ) (ਗੁਰਦੁਆਰਾ ਪਾਤਸ਼ਾਹੀ ਨੌਵੀਂ, ਬਹਾਦਰਗੜ੍ਹ, ਪਟਿਆਲਾ ਨਾਲ ਅਟੈਚ) | - ਪੰਜ ਲੱਖ ਪੰਜਾਹ ਹਜ਼ਾਰ ਰੁਪਏ |
| ੧੦੧. ਗੁਰਦੁਆਰਾ ਗੁਰੂਸਰ ਸਾਹਿਬ ਪਾ: ਛੇਵੀਂ, ਨਥਾਣਾ (ਬਠਿੰਡਾ) (ਗੁਰਦੁਆਰਾ ਪਾਤਸ਼ਾਹੀ ਮੰਡੀ ਰਾਮਪੁਰਾ ਫੂਲ, ਬਠਿੰਡਾ ਨਾਲ ਅਟੈਚ) | - ਇਕੱਤੀ ਲੱਖ ਰੁਪਏ |

੧੦੨. ਗੁਰਦੁਆਰਾ ਜੌੜੀਆਂ ਸਾਹਿਬ ਪਾ: ਦਸਵੀਂ, ਮਾਣੂੰਕੇ (ਲੁਧਿਆਣਾ) -ਬਾਰਾਂ ਲੱਖ ਚਾਲੀ ਹਜ਼ਾਰ ਰੁਪਏ
(ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ, ਗੁਰੂਸਰ ਕਾਉਂਕੇ ਨਾਲ ਅਟੈਚ)

**ਜੋੜ ਸਿੱਧਾ ਪ੍ਰਬੰਧ ਅਤੇ ਅਟੈਚ ਗੁਰਦੁਆਰਾ ਸਾਹਿਬਾਨ- ਸੱਤ ਕਰੋੜ ਚੁਰਾਨਵੇਂ ਲੱਖ ਪੰਚਾਨਵੇਂ ਹਜ਼ਾਰ ਰੁਪਏ**

**ਗੁਰਦੁਆਰਾ ਸਾਹਿਬਾਨ-੮੫ ਅਤੇ ਅਟੈਚ ਗੁਰਦੁਆਰਾ ਸਾਹਿਬਾਨ ਦਾ ਕੁੱਲ ਬਜ਼ਟ- ਛੇ ਅਰਬ ਉਨਿੰਜਾ ਕਰੋੜ ਅਠਤਾਲੀ ਲੱਖ ਪੰਦਰਾਂ ਹਜ਼ਾਰ ਰੁਪਏ ਦਾ ਹੈ।**

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦਾ ਸਾਲ ੨੦੧੭-੨੦੧੮ ਦਾ ਬਜ਼ਟ **ਦੋ ਅਰਬ ਚੁਰਿੰਜਾ ਕਰੋੜ ਰੁਪਏ** ਦਾ ਹੈ ਜਿਸ ਦੇ ਖਾਸ-ਖਾਸ ਖਰਚਿਆਂ ਦਾ ਵੇਰਵਾ ਇਸ ਪ੍ਰਕਾਰ ਹੈ:-

***'ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ'*** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਰੂਹਾਨੀਅਤ ਖੂਬਸੂਰਤੀ ਦਾ ਪੂਰੇ ਵਿਸ਼ਵ ਵਿੱਚ ਕਿਤੇ ਵੀ ਕੋਈ ਮੁਕਾਬਲਾ ਨਹੀਂ ਹੈ, ਰਾਤ ਨੂੰ ਇਸ ਦੇ ਅਲੌਕਿਕ ਦਰਸ਼ਨਾਂ ਸਮੇਂ ਸਮੁੱਚੇ ਕੰਪਲੈਕਸ ਨੂੰ ਹੋਰ ਖੂਬਸੂਰਤ ਬਨਾਉਣ ਵਾਸਤੇ ਵਿਦੇਸ਼ਾਂ ਤੋਂ ਵਿਸ਼ੇਸ਼ ਲਾਈਟਾਂ ਮੰਗਵਾ ਕੇ ਲਗਾਈਆਂ ਜਾ ਰਹੀਆਂ ਹਨ। ਇਹ ਲਾਈਟਾਂ ਸ੍ਰੀ ਹਰਿਮੰਦਰ ਸਾਹਿਬ, ਪ੍ਰਕਰਮਾਂ, ਸ੍ਰੀ ਅਕਾਲ ਤਖ਼ਤ ਸਾਹਿਬ, ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਅਤੇ ਲੰਗਰ ਹਾਲ ਇਮਾਰਤ ਉਪਰ ਲਗਾਈਆਂ ਜਾਣੀਆਂ ਹਨ। ਇਨ੍ਹਾਂ ਲਾਈਟਾਂ ਨਾਲ ਇਹ ਕੁਦਰਤੀ ਨਜ਼ਾਰਾ ਹੋਰ ਵੀ ਦਿਲਕਸ਼ ਅਤੇ ਪ੍ਰਭਾਵਸ਼ਾਲੀ ਨਜ਼ਰ ਆਵੇਗਾ। ਇਸ ਪ੍ਰੋਜੈਕਟ ਲਈ ਇਸ ਸਾਲ ਦੇ ਬਜ਼ਟ ਵਿੱਚ **ਛੇ ਕਰੋੜ ਸੱਠ ਲੱਖ ਰੁਪਏ** ਰਾਖਵੇਂ ਰੱਖੇ ਗਏ ਹਨ। ਘੰਟਾ ਘਰ ਬਾਹੀ ਦੇ ਸੁੰਦਰੀਕਰਨ ਪ੍ਰੋਜੈਕਟ (ਫਸਾਡ) ਪੁਰ ਹੁਣ ਤੀਕ **ਪੰਦਰਾਂ ਕਰੋੜ ਅੱਠਤਾਲੀ ਲੱਖ ਰੁਪਏ** ਦਾ ਖਰਚ ਹੋ ਚੁੱਕਾ ਹੈ।

ਸੰਗਤਾਂ ਦੀ ਸਹੂਲਤ ਲਈ ਰਿਹਾਇਸ਼ ਦਾ ਪ੍ਰਬੰਧ ਕਰਨਾ ਪ੍ਰਬੰਧਕਾਂ ਦੀ ਮੁੱਖ ਜ਼ਿੰਮੇਵਾਰੀ ਬਣਦੀ ਹੈ। ਇਸ ਸੰਦਰਭ 'ਚ ਅਕਾਲੀ ਮਾਰਕੀਟ ਵਿਖੇ ੧੦੦੦ ਕਮਰਿਆਂ ਦੀ ਸਰਾਂ ਬਨਾਉਣ ਦੀ ਤਜਵੀਜ਼ ਹੈ। ਇਹ ਕਾਰਜ ਚਾਰ ਪੜਾਵਾਂ ਵਿੱਚ ਕੀਤਾ ਜਾਵੇਗਾ ਅਤੇ ਇਸ ਸਾਲ ਵਿੱਚ ਪਹਿਲੇ ਪੜਾਅ ਦਾ ਕੰਮ ਮੁਕੰਮਲ ਕਰਨ ਦਾ ਯਤਨ ਕੀਤਾ ਜਾਏਗਾ। ਇਸ ਕਾਰਜ ਲਈ ਇਸ ਸਾਲ ਦੇ ਬਜ਼ਟ 'ਚ **ਦਸ ਕਰੋੜ ਰੁਪਏ** ਰੱਖੇ ਗਏ ਹਨ। ਸਾਰਾਗੜ੍ਹੀ ਦੀ ਇਮਾਰਤ ਲਗਭਗ ਤਿਆਰ ਹੋ ਚੁੱਕੀ ਹੈ, ਇਸ ਪੁਰ ਹੁਣ ਤੀਕ **ਚੌਂਤੀ ਕਰੋੜ ਪੰਜਤਾਲੀ ਲੱਖ ਰੁਪਏ** ਖਰਚ ਹੋ ਚੁੱਕੇ ਹਨ ਅਤੇ ਅੰਤਿਮ ਛੋਹਾਂ ਦੇ ਬਾਕੀ ਰਹਿੰਦੇ ਕਾਰਜਾਂ ਲਈ **ਪੰਜਾਹ ਲੱਖ ਰੁਪਏ** ਰੱਖੇ ਗਏ ਹਨ। ਇਸ ਤੋਂ ਇਲਾਵਾ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦੇ ਨਜ਼ਦੀਕ ਭਾਈ ਸਾਹਿਬ ਭਾਈ ਜੈਤਾ ਜੀ ਨਿਵਾਸ ਦੀ ਇਮਾਰਤ ਵੀ ਸੰਗਤਾਂ ਦੀ ਸਹੂਲਤ ਲਈ ਕਾਰ ਸੇਵਾ ਵਾਲਿਆਂ ਦੇ ਸਹਿਯੋਗ ਨਾਲ ਤਿਆਰ ਕਰਵਾਈ ਜਾ ਰਹੀ ਹੈ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਨਿਵਾਸਾਂ ਦੇ ਸਮਾਨ ਜਿਵੇਂ ਫਰਨੀਚਰ, ਬਿਸਤਰੇ, ਏ. ਸੀ. ਗੀਜ਼ਰ, ਪੱਖੇ ਆਦਿ ਦੀ ਖਰੀਦ ਲਈ ਸਮਾਨ ਨਿਵਾਸਾਂ ਅਤੇ ਸਮਾਨ ਜਨਰਲ ਲਈ **ਪੰਜ ਕਰੋੜ ਦਸ ਲੱਖ ਰੁਪਏ** ਰੱਖੇ ਗਏ ਹਨ। ਇਸ ਵਿਚ ਨਵੀਂ ਸਰਾਂ ਸਾਰਾਗੜ੍ਹੀ ਵਿੱਚ ਲੱਗਣ ਵਾਲਾ ਸਮਾਨ ਵੀ ਸ਼ਾਮਲ ਹੈ। ਸਟਾਫ ਨੂੰ ਰਿਹਾਇਸ਼ ਸਬੰਧੀ ਆ ਰਹੀ ਮੁਸ਼ਕਲ ਨੂੰ ਧਿਆਨ ਵਿੱਚ ਰੱਖਦਿਆਂ ਨਵੇਂ ਸਟਾਫ ਕੁਆਟਰ ਬਣਾਉਣ ਦੀ ਤਜਵੀਜ਼ ਹੈ। ਇਸ ਵਾਸਤੇ ਇਸ ਸਾਲ ਦੇ ਬਜ਼ਟ ਵਿੱਚ **ਇੱਕ ਕਰੋੜ ਪੰਜਾਹ ਲੱਖ ਰੁਪਏ** ਰਾਖਵੇਂ ਰੱਖੇ ਗਏ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਉਜੈਨ ਵਿਖੇ ਇਤਿਹਾਸਕ ਗੁਰਦੁਆਰਾ ਗੁਰੂ ਨਾਨਕ ਘਾਟ ਸਾਹਿਬ ਦੀ ਇਮਾਰਤ ਸ੍ਰੀ ਦਰਬਾਰ ਸਾਹਿਬ ਵੱਲੋਂ ਕਾਰ ਸੇਵਾ ਰਾਹੀਂ ਤਿਆਰ ਕਰਵਾਈ ਜਾ ਰਹੀ ਹੈ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨਾਂ ਲਈ ਆਉਣ ਵਾਲੀਆਂ ਸੰਗਤਾਂ ਦੀ ਗਿਣਤੀ ਦਿਨ ਪ੍ਰਤੀ ਦਿਨ ਵੱਧ ਰਹੀ ਹੈ। ਇਸ ਨੂੰ ਮੁੱਖ ਰਖਦਿਆਂ ਲੰਗਰ ਹਾਲ ਇਮਾਰਤ ਦਾ ਨਵੀਨੀਕਰਨ ਅਤੇ ਵਿਸਥਾਰ ਕਰਵਾਇਆ

ਜਾ ਰਿਹਾ ਹੈ। ਜਿਸ 'ਤੇ ਹੁਣ ਤੱਕ **ਚੌਦਾਂ ਕਰੋੜ ਪੈਂਹਠ ਲੱਖ ਰੁਪਏ** ਖਰਚ ਹੋ ਚੁੱਕੇ ਹਨ ਅਤੇ ਇਸ ਸਾਲ ਦੇ ਬਜ਼ਟ ਵਿੱਚ **ਚਾਰ ਕਰੋੜ ਰੁਪਏ** ਹੋਰ ਰੱਖੇ ਗਏ ਹਨ। ਲੰਗਰ ਹਾਲ ਦੇ ਬਿਜਲੀ ਬੈਕਅੱਪ ਲਈ ਵੀ ਜਨਰੇਟਰ ਖਰੀਦ ਕਰਨ ਲਈ **ਪੰਝੱਤਰ ਲੱਖ ਰੁਪਏ** ਰੱਖੇ ਗਏ ਹਨ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਧੂ ਸੰਤਾਂ ਨੂੰ ੨੦ ਰੁਪਏ ਨਾਲ ਲੰਗਰ ਛਕਾ ਕੇ ਸੱਚਾ ਸੌਦਾ ਕੀਤਾ ਅਤੇ ਇਸ ਨਾਲ ਹੀ ਲੰਗਰ ਪ੍ਰਥਾ ਦਾ ਆਰੰਭ ਹੋਇਆ। ਇਸ ਪ੍ਰਥਾ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ***'ਪਹਿਲੇ ਪੰਗਤ ਪਾਛੈ ਸੰਗਤ'*** ਦਾ ਫੁਰਮਾਨ ਕਰਕੇ ਲੰਗਰ ਪ੍ਰਥਾ ਨੂੰ ਹੋਰ ਪ੍ਰਫੁੱਲਤ ਕੀਤਾ। ਇਸ ਤੋਂ ਬਾਅਦ ਗੁਰੂ ਘਰਾਂ ਵਿੱਚ ਲੰਗਰ ਪ੍ਰਥਾ ਨਿਰੰਤਰ ਚੱਲ ਰਹੀ ਹੈ। ਸ੍ਰੀ ਗੁਰੂ ਰਾਮਦਾਸ ਜੀ ਦਾ ਲੰਗਰ ਜੋ ਦਿਨ ਰਾਤ ਚੱਲਦਾ ਹੈ ਅਤੇ ਰੋਜ਼ਾਨਾ ਹਜ਼ਾਰਾਂ ਪ੍ਰਾਣੀ ਲੰਗਰ ਛਕ ਕੇ ਗੁਰੂ ਜਸ ਕਰ ਰਹੇ ਹਨ। ਇਸ ਲੰਗਰ ਦੇ ਖਰਚਾਂ ਲਈ ਇਸ ਸਾਲ ਦੇ ਬਜ਼ਟ ਵਿੱਚ **ਤੀਹ ਕਰੋੜ ਰੁਪਏ** ਰੱਖੇ ਗਏ ਹਨ। ਇਸ ਤੋਂ ਇਲਾਵਾ ਸੰਗਤਾਂ ਵੱਲੋਂ ਵੀ ਵੱਡੀ ਮਿਕਦਾਰ ਵਿੱਚ ਰਾਸ਼ਨ ਚੜ੍ਹਤ ਦੇ ਰੂਪ 'ਚ ਜਮ੍ਹਾਂ ਕਰਵਾਇਆ ਜਾਂਦਾ ਹੈ।

ਸ੍ਰੀ ਦਰਬਾਰ ਸਾਹਿਬ ਦੇ ਕੰਪਲੈਕਸ ਲਈ ਇੱਕ ਨਵਾਂ ੬੬ ਕੇ. ਵੀ. ਬਿਜਲੀ ਗਰਿਡ ਲਗਾਇਆ ਜਾ ਰਿਹਾ ਹੈ। ਇਸ ਦੇ ਬਣਨ ਨਾਲ ਨਿਰਵਿਘਨ ਬਿਜਲੀ ਸਪਲਾਈ ਮਿਲੇਗੀ। ਇਸ ਨਾਲ ਬਿਜਲੀ ਦਾ ਖਰਚ ਵੀ ਘਟੇਗਾ ਅਤੇ ਕੰਪਲੈਕਸ ਦੇ ਨਜ਼ਦੀਕ ਬਣ ਰਹੀਆਂ ਨਵੀਆਂ ਸਰਾਵਾਂ ਨੂੰ ਵੀ ਇਸ ਤੋਂ ਬਿਜਲੀ ਦੀ ਸਪਲਾਈ ਕੀਤੀ ਜਾ ਸਕੇਗੀ। ਇਸ ਕਾਰਜ ਲਈ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਪਾਸ **ਤੇਰਾਂ ਕਰੋੜ ਪੰਜਾਹ ਲੱਖ ਰੁਪਏ** ਜਮ੍ਹਾਂ ਕਰਵਾਏ ਜਾ ਚੁੱਕੇ ਹਨ ਅਤੇ ਆਉਣ ਵਾਲੇ ਸਾਲ ਵਿਚ ਇਸ ਗਰਿਡ ਦੀ ਇਮਾਰਤ ਬਨਾਉਣ ਲਈ **ਸੱਤਰ ਲੱਖ ਰੁਪਏ** ਰੱਖੇ ਗਏ ਹਨ।

ਗੁਰਦੁਆਰਾ ਰਾਮਸਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਵਨ ਦੀ ਪਹਿਲੀ ਇਮਾਰਤ ਦਾ ਨਵੀਨੀਕਰਨ, ਵਾਤਾਨੁਕੂਲਿਤ ਅਤੇ ਅੱਗ ਤੋਂ ਬਚਾਅ ਲਈ ਪਹਿਲ ਦੇ ਅਧਾਰ 'ਤੇ ਮੁਕੰਮਲ ਪ੍ਰਬੰਧ ਕੀਤੇ ਜਾਣਗੇ। ਇਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਜਿਲਦਬੰਦੀ ਉਪ੍ਰੰਤ ਸਤਿਕਾਰ ਸਹਿਤ ਸੁਸ਼ੋਭਿਤ ਕੀਤੇ ਜਾਇਆ ਕਰਨਗੇ।

ਇਸ ਦੇ ਨਾਲ ਹੀ ਇੱਕ ਨਵੀਂ ਇਮਾਰਤ ਦੀ ਉਸਾਰੀ ਵੀ ਕਰਵਾਈ ਜਾ ਰਹੀ ਹੈ ਜਿਸ ਵਿੱਚ ਅੰਡਰ ਗਰਾਊਂਡ ਵਿਸ਼ਾਲ ਕਾਰ ਪਾਰਕਿੰਗ, ਇਸ ਉਪਰ ਲਿਟਰੇਚਰ ਹਾਊਸ ਲਈ ਵੱਡੇ ਸਟੋਰ ਅਤੇ ਉਪਰੀ ਮੰਜ਼ਿਲ ਵਿੱਚ ਸ਼ਹੀਦ ਬਾਬਾ ਬੋਤਾ ਸਿੰਘ ਜੀ ਅਤੇ ਬਾਬਾ ਗਰਜਾ ਸਿੰਘ ਜੀ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਦੀ ਇਮਾਰਤ ਨਵ-ਨਿਰਮਾਣ ਕੀਤਾ ਜਾਵੇਗਾ। ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੱਥ ਲਿਖਤ ਦੀ ਸੇਵਾ ਸੰਭਾਲ ਤੇ ਖੋਜ ਕੇਂਦਰ ਸਥਾਪਿਤ ਕਰਨ ਲਈ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਦੇ ਨਜ਼ਦੀਕ ਅਤੀ ਆਧੁਨਿਕ ਇਮਾਰਤ ਉਸਾਰੀ ਜਾਵੇਗੀ ਜਿਸ ਦੀ ਬੇਸਮੈਂਟ ਵਿੱਚ ਗੱਠੜੀ ਘਰ ਅਤੇ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਖੋਜ ਕੇਂਦਰ ਬਣਾਇਆ ਜਾਣਾ ਹੈ। ਇਸ ਖੋਜ ਕੇਂਦਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੁਰਾਤਨ ਇਤਿਹਾਸਕ ਪਾਵਨ ਸਰੂਪਾਂ ਦੀ ਸਾਂਭ ਸੰਭਾਲ ਕੀਤੀ ਜਾਇਆ ਕਰੇਗੀ ਅਤੇ ਇਤਿਹਾਸਕ ਸਰੂਪਾਂ ਦੇ ਦਰਸ਼ਨ ਵੀ ਕਰਵਾਏ ਜਾਇਆ ਕਰਨਗੇ। ਉਪਰੋਕਤ ਸਾਰੇ ਕਾਰਜ ਕਾਰ ਸੇਵਾ ਵਾਲੇ ਮਹਾਂਪੁਰਸ਼ਾਂ ਦੇ ਸਹਿਯੋਗ ਨਾਲ ਕਰਵਾਏ ਜਾਣਗੇ। ਗੁਰਦੁਆਰਾ ਸਾਹਿਬ ਬਾਗ ਕੁਚੇਸਰ (ਯੂ.ਪੀ.) ਦੇ ਦਰਬਾਰ ਦੀ ਨਵੀਂ ਇਮਾਰਤ ਵਾਸਤੇ ਇਸ ਸਾਲ ਦੇ ਬਜ਼ਟ ਵਿਚ **ਤੀਹ ਲੱਖ ਰੁਪਏ** ਰੱਖੇ ਗਏ ਹਨ।

ਮਨੁੱਖਤਾ ਦੀ ਭਲਾਈ ਅਤੇ ਅਪਾਹਜ ਮਨੁੱਖਾਂ ਦੀ ਸਹਾਇਤਾ ਲਈ ਚੱਲ ਰਹੀ ਸੰਸਥਾ ਪਿੰਗਲਵਾੜਾ ਭਗਤ ਪੂਰਨ ਸਿੰਘ ਜੀ ਸ੍ਰੀ ਅੰਮ੍ਰਿਤਸਰ ਨੂੰ ਇਸ ਸਾਲ ਦੇ ਬਜ਼ਟ ਵਿੱਚ **ਪੰਦਰਾਂ ਲੱਖ ਰੁਪਏ** ਸਹਾਇਤਾ ਲਈ ਰੱਖੇ ਗਏ ਹਨ।

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਭਾਈ ਬਚਿੱਤਰ ਸਿੰਘ ਯਾਤਰੀ ਨਿਵਾਸ ਦੀ ਬਣ ਰਹੀ ਨਵੀਂ ਇਮਾਰਤ ਦਾ ਕੰਮ ਮੁਕੰਮਲ ਹੋਣ ਦੇ ਨੇੜੇ ਪੁੱਜ ਚੁੱਕਾ ਹੈ। ਅਗਲੇ ਆਉਣ ਵਾਲੇ ਸਾਲ ਵਿਚ ਇਹ ਸਰਾਂ

ਸੰਗਤਾਂ ਦੀ ਰਿਹਾਇਸ਼ ਲਈ ਚਾਲੂ ਹੋ ਜਾਵੇਗੀ। ਇਸ ਇਮਾਰਤ ਪੁਰ ੩੧ ਦਸੰਬਰ ੨੦੧੬ ਤਕ ਵੀਹ ਕਰੋੜ ਬੱਤੀ ਲੱਖ ਬਿਆਸੀ ਹਜ਼ਾਰ ਰੁਪਏ ਖਰਚ ਹੋ ਚੁੱਕੇ ਹਨ। ਇਸ ਇਮਾਰਤ ਦੇ ਬਾਕੀ ਰਹਿੰਦੇ ਕਾਰਜਾਂ ਲਈ ਇਸ ਸਾਲ ਦੇ ਬਜ਼ਟ ਵਿਚ **ਇਕ ਕਰੋੜ ਰੁਪਏ** ਹੋਰ ਰੱਖੇ ਗਏ ਹਨ।

ਭਾਈ ਬਚਿੱਤਰ ਸਿੰਘ ਯਾਤਰੀ ਨਿਵਾਸ ਦੇ ੨੨੦ ਕਮਰਿਆਂ ਲਈ ਬੈੱਡ, ਗੱਦੇ, ਕੰਬਲ, ਰਜਾਈਆਂ, ਫਰਨੀਚਰ ਆਦਿ ਦੀ ਖਰੀਦ ਕੀਤੀ ਜਾਣੀ ਹੈ। ਇੱਕ ਨਵਾਂ ਜਨਰੇਟਰ ਅਤੇ ਪੈਨਲ ਬੋਰਡ ਵੀ ਖਰੀਦ ਕਰਨਾ ਹੈ। ਇਨ੍ਹਾਂ ਦੋਵਾਂ ਕਾਰਜਾਂ ਲਈ ਇਸ ਸਾਲ ਦੇ ਬਜ਼ਟ ਵਿਚ **ਨੱਬੇ ਲੱਖ ਰੁਪਏ** ਰੱਖੇ ਗਏ ਹਨ।

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਦਰਸ਼ਨ ਕਰਨ ਆਉਣ ਵਾਲੀਆਂ ਸੰਗਤਾਂ ਵਿਚੋਂ ਜ਼ਿਆਦਾ ਗਿਣਤੀ ਆਪਣੇ ਵਾਹਨਾਂ ਦੁਆਰਾ ਆਉਣ ਵਾਲੀ ਸੰਗਤ ਦੀ ਹੈ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਰੋਵਰ ਦੇ ਸਾਹਮਣੇ ਵਾਲੀ ਗਰਾਊਂਡ ਕੱਚੀ ਹੋਣ ਕਰਕੇ ਦਰਸ਼ਨ ਕਰਨ ਆਉਣ ਵਾਲੀ ਸੰਗਤ ਦੇ ਵਾਹਨ ਮੀਂਹ ਪੈਣ ਕਰਕੇ ਫਸ ਜਾਂਦੇ ਹਨ ਜਿਸ ਨਾਲ ਟੋਏ ਪੈ ਜਾਂਦੇ ਹਨ। ਇਸ ਗਰਾਊਂਡ ਵਿਚ ਗੁਰਮਤਿ ਸਮਾਗਮ ਵੀ ਵੱਡੀ ਪੱਧਰ 'ਤੇ ਕੀਤੇ ਜਾਂਦੇ ਹਨ ਜਿਸ ਲਈ ਇਸ ਨੂੰ ਪੱਕਾ ਕਰਨ ਦੀ ਤਜਵੀਜ਼ ਹੈ। ਇਸ ਸਾਲ ਦੇ ਬਜ਼ਟ ਵਿਚ ਫਿਲਹਾਲ **ਵੀਹ ਲੱਖ ਰੁਪਏ** ਰਾਖਵੇਂ ਰਖੇ ਗਏ ਹਨ।

ਪੰਜ ਪਿਆਰੇ ਸਾਹਿਬਾਨ ਨੂੰ ਅੰਮ੍ਰਿਤ ਸੰਚਾਰ ਕਰਨ ਲਈ ਪੰਜਾਬ ਤੇ ਬਾਹਰਲੇ ਸੂਬਿਆਂ ਵਿੱਚ ਵੀ ਜਾਣਾ ਪੈਂਦਾ ਹੈ। ਅੰਮ੍ਰਿਤ ਸੰਚਾਰ ਲਹਿਰ ਨੂੰ ਹੋਰ ਪ੍ਰਚੰਡ ਕਰਨ ਲਈ ਪੰਜ ਪਿਆਰੇ ਸਾਹਿਬਾਨ ਵਾਸਤੇ ਇਕ ਨਵੀਂ ਗੱਡੀ ਖਰੀਦ ਕਰਨ ਲਈ ਇਸ ਸਾਲ ਦੇ ਬਜ਼ਟ ਵਿੱਚ **ਪੰਦਰਾਂ ਲੱਖ ਰੁਪਏ** ਰੱਖੇ ਗਏ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਸਥਾਪਤ ਕੀਤੇ ਗਏ ਪੰਜ ਕਿਲ੍ਹਿਆਂ ਨੂੰ ਪੁਰਾਤਨ ਦਿੱਖ ਦੇਣ ਦਾ ਕਾਰਜ ਆਰੰਭ ਕੀਤਾ ਗਿਆ ਹੈ। ਕਿਲ੍ਹਾ ਹੋਲਗੜ੍ਹ ਸਾਹਿਬ, ਕਿਲ੍ਹਾ ਤਾਰਾਗੜ੍ਹ ਸਾਹਿਬ, ਕਿਲ੍ਹਾ ਅਨੰਦਗੜ੍ਹ ਸਾਹਿਬ, ਕਿਲ੍ਹਾ ਫਤਹਿਗੜ੍ਹ ਸਾਹਿਬ ਅਤੇ ਕਿਲ੍ਹਾ ਲੋਹਗੜ੍ਹ ਸਾਹਿਬ ਦੀ ਸੇਵਾ, ਕਾਰ ਸੇਵਾ ਵਾਲੇ ਮਹਾਂਪੁਰਸ਼ਾਂ ਰਾਹੀਂ ਚੱਲ ਰਹੀ ਹੈ।

ਦੇਸ਼ ਵਿਦੇਸ਼ ਤੋਂ ਤਖ਼ਤ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੀਆਂ ਸੰਗਤਾਂ ਵਾਸਤੇ ਦਸਮ ਪਿਤਾ ਜੀ ਦੇ ਨਾਮ 'ਤੇ ਇੱਕ ਹੋਰ ਨਿਵਾਸ ਦੀ ਇਮਰਾਤ ਦੀ ਉਸਾਰੀ ਬਾਬਾ ਕਸ਼ਮੀਰ ਸਿੰਘ ਜੀ, ਕਾਰ ਸੇਵਾ ਸੰਸਥਾ ਭੂਰੀ ਵਾਲੇ ਵਾਲਿਆਂ ਰਾਹੀਂ ਤਿਆਰ ਕਰਵਾਈ ਜਾ ਰਹੀ ਹੈ। ਇਸ ਨਿਵਾਸ ਦੀ ਬੇਸਮੈਂਟ ਅਤੇ ਪਹਿਲੀ ਮੰਜ਼ਿਲ ਤਖ਼ਤ ਸਾਹਿਬ ਵਿਖੇ ਤਿਆਰ ਹੋ ਚੁੱਕੀ ਹੈ, ਰਹਿੰਦੀ ਉਸਾਰੀ ਦਾ ਕੰਮ ਤੇਜ਼ੀ ਨਾਲ ਚਲ ਰਿਹਾ ਹੈ। ਜਲਦੀ ਹੀ ਇਹ ਨਿਵਾਸ ਤਿਆਰ ਕਰਵਾ ਕੇ ਸੰਗਤ ਦੀ ਰਿਹਾਇਸ਼ ਲਈ ਵਰਤੀ ਜਾਵੇਗੀ।

ਗੁਰਦੁਆਰਾ ਸ੍ਰੀ ਦੂਖ ਨਿਵਾਰਣ ਸਾਹਿਬ ਪਟਿਆਲਾ ਵਿਖੇ ਸੰਗਤਾਂ ਦੀ ਸਹੂਲਤ ਲਈ ਫਰੀ ਡਿਸਪੈਂਸਰੀ ਦਾ ਵਿਸਥਾਰ ਅਤੇ ਨਵੀਨੀਕਰਨ ਕਰਵਾਇਆ ਜਾ ਰਿਹਾ ਹੈ। ਡਿਸਪੈਂਸਰੀ ਵਿਚ ਲੋੜ ਅਨੁਸਾਰ ਬੈੱਡ ਲਗਾਏ ਜਾਣੇ ਹਨ। ਪ੍ਰਧਾਨ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਥ ਦੀ ਸਤਿਕਾਰਤ ਸ਼ਖ਼ਸੀਅਤ ਅਕਾਲੀ ਕੌਰ ਸਿੰਘ ਦੀ ਯਾਦ ਵਿੱਚ ਵਾਤਾਨੁਕੂਲ ਅਤੇ ਆਧੁਨਿਕ ਤਕਨੀਕ ਨਾਲ ਲਾਇਬ੍ਰੇਰੀ ਤਿਆਰ ਕਰਵਾਈ ਜਾ ਰਹੀ ਹੈ, ਜਿਸ ਵਿਚ ਮਲਟੀਮੀਡੀਆ ਦੀ ਸਹੂਲਤ ਵੀ ਹੋਵੇਗੀ।

ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਯਾਦ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਮਿਊਜ਼ੀਅਮ ਬਣਾਇਆ ਜਾ ਰਿਹਾ ਹੈ। ਜਿਸ ਉੱਪਰ ਤਕਰੀਬਨ **ਨੌਂ ਕਰੋੜ ਪੈਂਹਠ ਲੱਖ ਰੁਪਏ** ਖ਼ਰਚ ਆ ਚੁੱਕੇ ਹਨ। ਅਗਲੇ ਸਾਲ ਦੇ ਬਜ਼ਟ ਵਿੱਚ ਇਸ ਕਾਰਜ ਲਈ **ਦੋ ਕਰੋੜ ਰੁਪਏ** ਹੋਰ ਖ਼ਰਚ ਕਰਨ ਲਈ ਰੱਖੇ ਗਏ ਹਨ। ਪੁਰਾਤਨ ਅਤੇ ਇਤਿਹਾਸਿਕ ਯਾਦਗਾਰਾਂ (ਜਿਵੇਂ ਦੀਵਾਨ ਟੋਡਰ ਮੱਲ ਜੀ ਦੀ ਹਵੇਲੀ) ਦੀ ਸੇਵਾ-ਸੰਭਾਲ ਲਈ ਇਸ ਸਾਲ ਦੇ ਬਜ਼ਟ ਵਿੱਚ **ਤੀਹ ਲੱਖ ਰੁਪਏ ਰੱਖੇ** ਗਏ ਹਨ।

ਗੁਰਦੁਆਰਾ ਠੰਡਾ ਬੁਰਜ ਮਾਤਾ ਗੁਜਰ ਕੌਰ ਜੀ ਅਤੇ ਸਾਹਿਬਜ਼ਾਦਾ ਬਾਬਾ ਜ਼ੋਰਾਵਾਰ ਸਿੰਘ ਅਤੇ ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਨੂੰ ਬੰਦੀ ਬਣਾ ਕੇ ਰੱਖਿਆ ਗਿਆ ਸੀ, ਨੂੰ ਪੁਰਾਤਨ ਬੁਰਜ ਦੀ ਦਿੱਖ ਦੇਣ ਦਾ ਕਾਰਜ ਕਾਰ-ਸੇਵਾ

ਵਾਲੇ ਮਹਾਂਪੁਰਸ਼ਾਂ ਰਾਹੀਂ ਕਰਵਾਇਆ ਜਾ ਰਿਹਾ ਹੈ। ਸੰਗਤਾਂ ਦੀ ਰਿਹਾਇਸ਼ ਦੀ ਸਹੂਲਤ ਨੂੰ ਮੁੱਖ-ਰੱਖਦਿਆਂ ਹੋਇਆਂ ਦੋ ਸੌ ਕਮਰਿਆਂ ਦੀ ਇੱਕ ਨਵੀਂ ਸਰਾਂ ਮਾਤਾ ਸਾਹਿਬ ਕੌਰ ਨਿਵਾਸ ਤਿਆਰ ਕਰਵਾਉਣ ਲਈ ਸ੍ਰੀ ਮਾਨ ਪ੍ਰਧਾਨ ਸਾਹਿਬ ਵਲੋਂ ਉਦਘਾਟਨ ਕੀਤਾ ਜਾ ਚੁੱਕਾ ਹੈ। ਇਹ ਕਾਰਜ ਵੀ ਬਾਬਾ ਬਚਨ ਸਿੰਘ ਜੀ ਕਾਰ-ਸੇਵਾ ਦਿੱਲੀ ਵਾਲਿਆਂ ਰਾਹੀਂ ਕਰਵਾਇਆ ਜਾਣਾ ਹੈ।

ਬਾਬਾ ਮੋਤੀ ਰਾਮ ਜੀ ਮਹਿਰਾ ਦੀ ਲਾਸਾਨੀ ਕੁਰਬਾਨੀ ਦੀ ਯਾਦ ਵਿੱਚ ਇੱਕ ਸੁੰਦਰ ਯਾਦਗਾਰ ਬਣਾਈ ਜਾਣੀ ਹੈ। ਇਹ ਯਾਦਗਾਰ ਬਨਾਉਣ ਲਈ ਗੁਰਦੁਆਰਾ ਸਾਹਿਬ ਵਲੋਂ ਪੰਜਾਬ ਸਰਕਾਰ ਨੂੰ ਪੰਜ ਏਕੜ ਜ਼ਮੀਨ ਦਿੱਤੀ ਜਾ ਚੁੱਕੀ ਹੈ। ਪੰਜਾਬ ਸਰਕਾਰ ਵਲੋਂ ਇਹ ਯਾਦਗਾਰ ਬਣਾਉਣੀ ਅਰੰਭ ਕਰ ਦਿੱਤੀ ਗਈ ਹੈ, ਜਿਸ ਦਾ ਕੰਮ ਜੰਗੀ ਪੱਧਰ ਪੁਰ ਚਲ ਰਿਹਾ ਹੈ।

ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਦੇ ਸਟੇਟ ਗੁਰਦੁਆਰਾ ਕਪੂਰਥਲਾ ਦੀ ਮਾਰਕੀਟ ਕਾਲਜ ਰੋਡ 'ਤੇ ਨਵੀਆਂ ਦੁਕਾਨਾਂ ਬਣਾਉਣ ਦੀ ਤਜਵੀਜ਼ ਹੈ। ਇਸ ਕਾਰਜ ਲਈ ਇਸ ਸਾਲ ਦੇ ਬਜ਼ਟ ਵਿਚ **ਵੀਹ ਲੱਖ ਰੁਪਏ** ਰੱਖੇ ਗਏ ਹਨ।

ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਧਰਮਸ਼ਾਲਾ ਕਪੂਰਥਲਾ ਵਿਖੇ ਮਿੱਟੀ ਦੀ ਭਰਤੀ ਪਾਉਣ, ਚਾਰ ਦੀਵਾਰੀ ਕਰਨ, ਪਲੱਸਤਰ ਕਰਨ ਅਤੇ ਵਰਾਂਡਾ ਆਦਿ ਬਣਾਉਣ ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਲੰਗਰ ਲਈ ਸ਼ੈੱਡ ਪਾਉਣ ਦਾ ਕੰਮ ਚੱਲ ਰਿਹਾ ਹੈ। ਇਸ ਕਾਰਜ ਲਈ ਇਸ ਸਾਲ ਦੇ ਬਜ਼ਟ ਵਿਚ **ਦਸ ਲੱਖ ਰੁਪਏ** ਰੱਖੇ ਗਏ ਹਨ। ਗੁ: ਸਾਹਿਬ ਦੇ ਸਮੁੱਚੇ ਕੰਪਲੈਕਸ ਵਿੱਚ ਸੀ.ਸੀ.ਟੀ.ਵੀ. ਕੈਮਰੇ ਲਗਾਏ ਗਏ ਹਨ। ਇਨ੍ਹਾਂ ਦੀ ਸਾਂਭ ਸਭਾਲ ਅਤੇ ਲੋੜੀਂਦੇ ਸਮਾਨ ਆਦਿ ਲਈ **ਇਕ ਲੱਖ ਰੁਪਏ** ਰੱਖੇ ਗਏ ਹਨ।

ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਵੱਲੋਂ ਵੀਹ ਨਵੀਆਂ ਦੁਕਾਨਾਂ ਬਣਾਉਣ ਅਤੇ ਵੱਡੇ ਸਟੋਰ ਬਣਾਉਣ ਦੀ ਤਜਵੀਜ਼ ਹੈ। ਇਸ ਕਾਰਜ ਲਈ ਇਸ ਸਾਲ ਦੇ ਬਜ਼ਟ ਵਿਚ ਤਰੱਕੀ ਗੁਰਦੁਆਰਾ ਸਾਹਿਬ ਵਾਲੀ ਮੱਦ ਵਿਚ **ਦਸ ਲੱਖ ਰੁਪਏ** ਰੱਖੇ ਗਏ ਹਨ। ਸ੍ਰੀ ਅਖੰਡਪਾਠ ਸਾਹਿਬ ਲਈ ਨਵੇਂ ਕਮਰੇ ਕਾਰ-ਸੇਵਾ ਰਾਹੀਂ ਬਣਵਾਏ ਜਾ ਰਹੇ ਹਨ ਅਤੇ ਗੁਰਦੁਆਰਾ ਹੱਟ ਸਾਹਿਬ ਦੀ ਪੁਰਾਣੀ ਬਾਉਲੀ ਚਾਲੂ ਕਰਨ ਦੀ ਕਾਰ ਸੇਵਾ ਵੀ ਸ਼ੁਰੂ ਹੋ ਚੁੱਕੀ ਹੈ ਅਤੇ ਨਵੇਂ ਸਟਾਫ ਕੁਆਰਟਰ, ਅੰਡਰ ਗਰਾਊਂਡ ਕਾਰ ਅਤੇ ਸਕੂਟਰ ਪਾਰਕਿੰਗ ਉਪਰ ਦੁਕਾਨਾਂ ਅਤੇ ਪੁਰਾਣੀ ਸਰਾਂ ਢਾਹ ਕੇ ਨਵੀਂ ਸਰਾਂ ਬਣਾਉਣ ਦੀ ਤਜਵੀਜ਼ ਹੈ। ਇਹ ਸਾਰੇ ਕਾਰਜ ਕਾਰ ਸੇਵਾ ਰਾਹੀਂ ਕਰਵਾਏ ਜਾ ਰਹੇ ਹਨ।

ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਜੀ ਜੀਂਦ ਦੀ ਆਮਦਨ ਦਾ ਮੁੱਖ ਸਾਧਨ ਖੇਤੀਬਾੜੀ ਹੈ। ਬਿਜਾਈ ਲਈ ਨਵਾਂ ਟਰੈਕਟਰ ਅਤੇ ਬਿਜਾਈ ਮਸ਼ੀਨਾਂ ਖਰੀਦ ਕਰਨ ਦੀ ਤਜਵੀਜ਼ ਹੈ। ਇਸ ਕੰਮ ਲਈ ਇਸ ਸਾਲ ਦੇ ਬਜ਼ਟ ਵਿੱਚ **ਪੰਦਰਾਂ ਲੱਖ ਰੁਪਏ** ਰੱਖੇ ਗਏ ਹਨ। ਖੁਦਕਾਸ਼ਤ ਫਾਰਮ ਛੰਨਾ (ਬਹਾਦਰਪੁਰਾ) ਵਿਖੇ ਤਕਰੀਬਨ ੩੦੦ ਏਕੜ ਜ਼ਮੀਨ ਨੂੰ ਪਾਣੀ ਲਾਉਣ ਲਈ ਨਵੀਂ ਪਾਈਪ ਲਾਈਨ ਵਿਛਾਉਣ ਦੀ ਤਜਵੀਜ਼ ਹੈ, ਅਤੇ ਇਸੇ ਤਰ੍ਹਾਂ ਖੁਦਕਾਸ਼ਤ ਫਾਰਮਾਂ ਵਿਖੇ ਪਾਣੀ ਦੀ ਘਾਟ ਨੂੰ ਪੂਰਾ ਕਰਨ ਲਈ ਨਵੇਂ ਬੋਰ ਕਰਵਾਉਣ ਅਤੇ ਨਵੇਂ ਕੁਨੈਕਸ਼ਨ ਲੈਣ ਲਈ ਇਸ ਸਾਲ ਦੇ ਬਜ਼ਟ ਵਿਚ **ਵੀਹ ਲੱਖ ਰੁਪਏ** ਰੱਖੇ ਗਏ ਹਨ। ਗੁਰਦੁਆਰਾ ਸਾਹਿਬ ਦੇ ਫਾਰਮ ਰੋਹਤਕ ਰੋਡ, ਜੀਂਦ ਵਿਖੇ ਪਸ਼ੂਆਂ ਲਈ ਨਵਾਂ ਸ਼ੈੱਡ, ਚਾਰ ਦੀਵਾਰੀ ਅਤੇ ਸਟਾਫ ਲਈ ਨਵੇਂ ਰਿਹਾਇਸ਼ੀ ਕੁਆਰਟਰ ਬਣਾਉਣ ਲਈ **ਪੰਜਾਹ ਲੱਖ ਰੁਪਏ** ਰਾਖਵੇਂ ਰੱਖੇ ਗਏ ਹਨ। ਗੁਰਦੁਆਰਾ ਸਾਹਿਬ ਲਈ ਬਿਜਲੀ ਦਾ ਪ੍ਰਬੰਧ ਕਰਨ ਲਈ ਇਕ ਨਵਾਂ ਜਨਰੇਟਰ ਖਰੀਦ ਕਰਨ ਲਈ **ਦਸ ਲੱਖ ਰੁਪਏ** ਅਤੇ ਨਵੀਂ ਗੱਡੀ ਖਰੀਦ ਕਰਨ ਲਈ **ਅੱਠ ਲੱਖ ਰੁਪਏ** ਇਸ ਸਾਲ ਦੇ ਬਜ਼ਟ ਵਿਚ ਰੱਖੇ ਗਏ ਹਨ।

ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬ੍ਹੋ ਵਿਖੇ ਨਤਮਸਤਕ ਹੋਣ ਆਉਣ ਵਾਲੀ ਸੰਗਤ ਦੀ ਰਿਹਾਇਸ਼ ਲਈ ੧੦੦ ਕਮਰਿਆਂ ਦੀ, ਸ੍ਰੀ ਗੁਰੂ ਤੇਗ ਬਹਾਦਰ ਜੀ ਯਾਤਰੀ ਨਿਵਾਸ ਦੀ ਉਸਾਰੀ ਬਾਬਾ ਕਸ਼ਮੀਰ ਸਿੰਘ ਜੀ ਭੂਰੀ

ਵਾਲੇ ਕਾਰ-ਸੇਵਾ ਵਾਲਿਆਂ ਰਾਹੀਂ ਕਰਵਾਈ ਜਾ ਰਹੀ ਹੈ। ਇਸ ਦੇ ੭੦ ਕਮਰੇ ਤਿਆਰ ਹੋ ਚੁੱਕੇ ਹਨ ਜੋ ਸੰਗਤ ਦੀ ਰਿਹਾਇਸ਼ ਲਈ ਵਰਤੇ ਜਾ ਰਹੇ ਹਨ, ਬਾਕੀ ਰਹਿੰਦੇ ੩੦ ਕਮਰਿਆਂ ਦੀ ਦੂਜੀ ਮੰਜ਼ਿਲ ਦਾ ਲੈਂਟਰ ਪੈ ਚੁੱਕਾ ਹੈ ਅਤੇ ਕੰਮ ਵੱਡੀ ਪੱਧਰ 'ਤੇ ਚਲ ਰਿਹਾ ਹੈ। ਲੰਗਰ ਲਈ ਇਕ ਸਟੋਰ ਅਤੇ ਵੱਡਾ ਸ਼ੈੱਡ ਤਿਆਰ ਕੀਤਾ ਜਾ ਰਿਹਾ ਹੈ। ਇਸ ਵਿਚ ਪ੍ਰਸ਼ਾਦੇ ਪਕਾਉਣ ਵਾਲੀ ਮਸ਼ੀਨ ਅਤੇ ਲੋਹਾਂ ਫਿੱਟ ਕੀਤੀਆਂ ਜਾਣਗੀਆਂ। ਇਨ੍ਹਾਂ ਸਾਰੇ ਕਾਰਜਾਂ ਲਈ ਇਸ ਸਾਲ ਦੇ ਬਜ਼ਟ ਵਿਚ **ਇਕਵੰਜਾ ਲੱਖ ਰੁਪਏ** ਰੱਖੇ ਗਏ ਹਨ।

ਦੀਵਾਨ ਹਾਲ ਦੀ ਬੇਸਮੈਂਟ ਕਾਰ ਪਾਰਕਿੰਗ ਦੀ ਉਸਾਰੀ ਦਾ ਕਾਰਜ ਕਾਰ ਸੇਵਾ ਵਾਲੇ ਮਹਾਂਪੁਰਸ਼ਾਂ ਵੱਲੋਂ ਮੁਕੰਮਲ ਕਰ ਦਿੱਤਾ ਗਿਆ ਹੈ। ਵਿਸਾਖੀ ਤੱਕ ਇਸ ਦੀਵਾਨ ਹਾਲ ਵਿਚ ਧਾਰਮਿਕ ਸਮਾਗਮ ਹੋਣੇ ਸ਼ੁਰੂ ਹੋ ਜਾਣਗੇ। ਗੁਰਦੁਆਰਾ ਬੀੜ ਬਾਬਾ ਬੁੱਢਾ ਜੀ ਠੱਠਾ (ਤਰਨ ਤਾਰਨ) ਵਿਖੇ ਕੰਪਲੈਕਸ ਵਿੱਚ ਇੰਟਰਲਾਕ ਟਾਇਲਾਂ ਲਗਾਉਣ ਦਾ ਕੰਮ ਚੱਲ ਰਿਹਾ ਹੈ। ਇਸ ਕਾਰਜ ਲਈ ਆਉਣ ਵਾਲੇ ਸਾਲ ਵਿੱਚ **ਦਸ ਲੱਖ ਰੁਪਏ** ਹੋਰ ਖ਼ਰਚ ਹੋਣ ਦਾ ਅੰਦਾਜ਼ਾ ਹੈ। ਬਾਬਾ ਬੁੱਢਾ ਜੀ ਦੀ ਧਰਮ ਪਤਨੀ ਦੇ ਨਾਮ ਪੁਰ ਨਵੀਂ ਬਣੀ ਮਾਤਾ ਮਿਰੋਆ ਜੀ ਯਾਤਰੀ ਨਿਵਾਸ ਦੀ ਉਸਾਰੀ ਹੋ ਚੁੱਕੀ ਹੈ, ਇਸ ਵਿਚ ਬੈੱਡ ਗੱਦੇ, ਗੀਜ਼ਰ ਅਤੇ ਏ.ਸੀ. ਆਦਿ ਦੀ ਖਰੀਦ ਵਾਸਤੇ ਇਸ ਸਾਲ ਦੇ ਬਜ਼ਟ ਵਿਚ **ਦਸ ਲੱਖ ਰੁਪਏ** ਰੱਖੇ ਗਏ ਹਨ। ਬਾਬਾ ਬੁੱਢਾ ਜੀ ਚੈਰੀਟੇਬਲ ਹਸਪਤਾਲ ਲਈ ਨਵੀਂ ਮਸ਼ੀਨਰੀ ਖਰੀਦ ਕਰਨ ਲਈ ਅਗਲੇ ਬਜ਼ਟ ਵਿਚ **ਦਸ ਲੱਖ ਰੁਪਏ** ਰੱਖੇ ਗਏ ਹਨ।

ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤਸ਼ਾਹੀ ਨੌਵੀਂ ਬਾਬਾ ਬਕਾਲਾ ਸਾਹਿਬ ਵਿਖੇ ਲੰਗਰ ਹਾਲ ਦੀ ਨਵੀਂ ਇਮਾਰਤ ਬਣਾਉਣ ਦੀ ਤਜਵੀਜ਼ ਹੈ। ਗੁਰਦੁਆਰਾ ਸਾਹਿਬ ਦੇ ਨਾਲ ਮਾਰਕੀਟ ਵਿਚ ਪੁਰਾਣੀਆਂ ਦੁਕਾਨਾਂ ਢਾਹ ਕੇ ਨਵੀਆਂ ਦੁਕਾਨਾਂ ਬਣਵਾਈਆਂ ਜਾਣੀਆਂ ਹਨ। ਇਨ੍ਹਾਂ ਕਾਰਜਾਂ ਲਈ ਸਾਲ ੨੦੧੭-੨੦੧੮ ਦੇ ਬਜ਼ਟ ਵਿਚ **ਪੰਜਾਹ ਲੱਖ ਰੁਪਏ** ਰੱਖੇ ਗਏ ਹਨ।

ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਸਕੂਲ ਦੀ ਜਗ੍ਹਾ ਗੱਡੀਆਂ ਦੀ ਪਾਰਕਿੰਗ ਬਣਵਾਉਣ ਅਤੇ ਸਕੂਲ ਲਈ ਨਵੀਂ ਇਮਾਰਤ ਦੀ ਉਸਾਰੀ ਦਾ ਕੰਮ ਚਲ ਰਿਹਾ ਹੈ। ਇਹ ਕੰਮ ਲਗਭਗ ੬੫% ਪੂਰਾ ਹੋ ਗਿਆ ਹੈ। ਇਸ ਇਮਾਰਤ ਦੇ ਬਾਕੀ ਕੰਮ ਲਈ ਅਗਲੇ ਸਾਲ ਦੇ ਬਜ਼ਟ ਵਿੱਚ **ਪੈਂਹਠ ਲੱਖ ਰੁਪਏ** ਹੋਰ ਰਾਖਵੇਂ ਰੱਖੇ ਗਏ ਹਨ। ਗੁਰਦੁਆਰਾ ਸਾਹਿਬ ਦੇ ਕੰਪਲੈਕਸ ਅਤੇ ਪ੍ਰਕਰਮਾਂ ਨੂੰ ਖੁੱਲ੍ਹਾ ਕਰਨ ਲਈ ਗੁਰਦੁਆਰਾ ਸਾਹਿਬ ਦੇ ਨੇੜੇ ਲਗਦੇ ਮਕਾਨ ਖਰੀਦ ਕਰਨ ਲਈ ਇਸ ਸਾਲ ਦੇ ਬਜ਼ਟ ਵਿਚ **ਪਚਵਿੰਜਾ ਲੱਖ ਰੁਪਏ** ਰੱਖੇ ਗਏ ਹਨ। ਲੰਗਰਾਂ ਵਿਚ ਪੁਰਾਤਨ ਰਵਾਇਤੀ ਬਰਤਨਾਂ ਨੂੰ ਵਰਤੋਂ ਵਿਚ ਲਿਆਉਣ ਲਈ ਸ੍ਰੀ ਮਾਨ ਪ੍ਰਧਾਨ ਸਾਹਿਬ ਵਲੋਂ ਵਿਸ਼ੇਸ਼ ਆਦੇਸ਼ ਦਿੱਤੇ ਗਏ ਹਨ। ਇਸ ਲਈ ਲੰਗਰ ਵਾਸਤੇ ਨਵੇਂ ਪੁਰਾਤਨ ਰਵਾਇਤੀ ਬਰਤਨ ਖਰੀਦ ਕਰਨ ਲਈ ਇਸ ਸਾਲ ਦੇ ਬਜ਼ਟ ਵਿਚ **ਦਸ ਲਖ ਰੁਪਏ** ਰੱਖੇ ਗਏ ਹਨ।

'ਵਿਦਿਆ ਵੀਚਾਰੀ ਤਾਂ ਪਰਉਪਕਾਰੀ॥' ਦੇ ਗੁਰੂ-ਸਿਧਾਂਤ ਅਨੁਸਾਰ ਵਿਦਿਆ ਦੇ ਪ੍ਰਸਾਰ ਲਈ ਗੁਰੂ ਤੇਗ ਬਹਾਦਰ ਸੀਨੀਅਰ ਸੈਕੰਡਰੀ ਸਕੂਲ ਅਤੇ ਮਾਤਾ ਗੰਗਾ ਕੰਨਿਆਂ ਸੀਨੀਅਰ ਸੈਕੰਡਰੀ ਸਕੂਲ ਬਾਬਾ ਬਕਾਲਾ ਨੂੰ ਕਰਮਵਾਰ ਸਹਾਇਤਾ ਵਜੋਂ **ਅੱਸੀ ਲੱਖ ਅਤੇ ਇਕ ਕਰੋੜ ਦੱਸ ਲੱਖ ਰੁਪਏ** ਬਜ਼ਟ ਸਾਲ ੨੦੧੭-੨੦੧੮ ਵਿੱਚ ਰਾਖਵੇਂ ਰੱਖੇ ਗਏ ਹਨ।

ਗੁਰਦੁਆਰਾ ਸ੍ਰੀ ਬਾਉਲੀ ਸਾਹਿਬ, ਗੋਇੰਦਵਾਲ ਸਾਹਿਬ ਵਿਖੇ ਸੰਗਤ ਦੀ ਵੱਧ ਰਹੀ ਆਮਦ ਨੂੰ ਵੇਖਦਿਆਂ ਲੰਗਰ ਹਾਲ ਖੁੱਲ੍ਹਾ ਕੀਤਾ ਜਾ ਰਿਹਾ ਹੈ ਅਤੇ ਇਸ ਹਾਲ ਦੀ ਪੁਰਾਣੀ ਇਮਾਰਤ ਨੂੰ ਨਵੀਂ ਇਮਾਰਤ ਨਾਲ ਜੋੜਿਆ ਜਾਵੇਗਾ। ਇਸ ਦੇ ਹੇਠਾਂ ਬੇਸਮੈਂਟ ਤਿਆਰ ਕੀਤੀ ਗਈ ਹੈ, ਜਿਸ ਵਿਚ ਗੁਰਦੁਆਰਾ ਸਾਹਿਬ ਦੇ ਸਟੋਰ ਆਦਿ ਬਣਾਏ ਜਾਣਗੇ। ਬਾਬਾ ਮੋਹਣ ਜੀ ਦਾ ਚੁਬਾਰਾ ਗੁਰਦੁਆਰਾ ਸ੍ਰੀ ਚੁਬਾਰਾ ਸਾਹਿਬ ਵਿਖੇ ਦਰਸ਼ਨੀ ਡਿਉੜੀ ਤਿਆਰ ਹੋ ਗਈ ਹੈ। ਇਸ ਦੀ ਖੁਦਾਈ ਦੌਰਾਨ ਜੋ ਪੁਰਾਤਨ ਇਮਾਰਤ ਨਿਕਲੀ ਹੈ ਉਸ ਨੂੰ ਸੰਭਾਲ ਕੇ ਰੱਖਣ ਲਈ ਉਸ ਉਪਰ ਲੈਂਟਰ

ਪੈ ਚੁੱਕਾ ਹੈ, ਬਾਕੀ ਇਮਾਰਤ ਦਾ ਕੰਮ ਜ਼ੋਰਾਂ ਨਾਲ ਜਾਰੀ ਹੈ। ਇਹ ਸਾਰੇ ਕਾਰਜ ਕਾਰ ਸੇਵਾ ਵਾਲਿਆਂ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਹਨ।

ਗੁਰਦੁਆਰਾ ਸਾਹਿਬ ਪਾਤਸ਼ਾਹੀ ਦਸਵੀਂ ਨਾਢਾ ਸਾਹਿਬ ਪੰਚਕੂਲਾ ਵਿਖੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਆਉਣ ਵਾਲੀਆਂ ਸੰਗਤਾਂ ਦੀਆਂ ਗੱਡੀਆਂ ਦੀ ਪਾਰਕਿੰਗ ਲਈ ਬ੍ਰਮ ਬੈਰੀਅਰ ਅਤੇ ਅਤਿ ਆਧੁਨਿਕ ਸਹੂਲਤਾਂ ਨਾਲ ਲੈਸ ਨਵੇਂ ਲੈਟਰੀਨ ਬਾਥਰੂਮ ਬਣਾਉਣ ਲਈ ਇਸ ਸਾਲ ਦੇ ਬਜ਼ਟ ਵਿੱਚ ਪੰਜਤਾਲੀ ਲੱਖ ਰੁਪਏ ਰੱਖੇ ਗਏ ਹਨ। ਗੁਰਦੁਆਰਾ ਸਾਹਿਬ ਦੀਆਂ ਇਮਰਤਾਂ, ਲੰਗਰ ਹਾਲ ਅਤੇ ਸਰਾਵਾਂ ਆਦਿ ਨੂੰ ਰੰਗ ਰੋਗਨ ਕਰਵਾਇਆ ਜਾ ਰਿਹਾ ਹੈ। ਇਸ ਕਾਰਜ ਲਈ ਆਉਣ ਵਾਲੇ ਸਾਲ ਦੇ ਬਜ਼ਟ ਵਿਚ **ਪੰਦਰਾਂ ਲੱਖ ਰੁਪਏ** ਰੱਖੇ ਗਏ ਹਨ।

ਗੁਰਦੁਆਰਾ ਸਾਹਿਬ ਦੀਆਂ ਇਮਾਰਤਾਂ ਦੇ ਵਿਸਥਾਰ ਅਤੇ ਤਰੱਕੀ ਲਈ ਇਸ ਸਾਲ **ਬਾਈ ਲੱਖ ਰੁਪਏ** ਰਾਖਵੇਂ ਰੱਖੇ ਗਏ ਹਨ। ਦੀਵਾਨ ਹਾਲ ਦੀ ਇਮਾਰਤ ਤਿਆਰ ਹੋ ਗਈ ਹੈ, ਕੇਵਲ ਰੰਗ ਰੋਗਨ ਦਾ ਕੰਮ ਬਾਕੀ ਹੈ, ਜੋ ਤੇਜ਼ੀ ਨਾਲ ਕਰਵਾਇਆ ਜਾ ਰਿਹਾ ਹੈ। ਆਉਣ ਵਾਲੇ ਸਾਲ ਵਿਚ ਇਸ ਅੰਦਰ ਧਾਰਮਿਕ ਸਮਾਗਮ ਕਰਵਾਉਣੇ ਸ਼ੁਰੂ ਹੋ ਜਾਣਗੇ। ਗੁਰਦੁਆਰਾ ਮੰਜੀ ਸਾਹਿਬ ਪਿੰਜੌਰ ਵਿਖੇ ਲੰਗਰ ਹਾਲ, ਲੰਗਰ ਦੀ ਰਸੋਈ ਅਤੇ ਨਿਵਾਸ ਦੀ ਉਸਾਰੀ ਕਾਰ ਸੇਵਾ ਵਾਲੇ ਮਹਾਂਪੁਰਸ਼ਾਂ ਦੇ ਸਹਿਯੋਗ ਨਾਲ ਤਿਆਰ ਕਰਵਾਉਣ ਦੀ ਤਜਵੀਜ਼ ਹੈ।

ਗੁਰਦੁਆਰਾ ਸ੍ਰੀ ਬਾਰਠ ਸਾਹਿਬ ਵਿਖੇ ਸੰਗਤ ਦੀ ਵਧ ਰਹੀ ਆਮਦ ਨੂੰ ਵੇਖਦਿਆਂ ਅਗਲੇ ਸਾਲ ਪ੍ਰਸ਼ਾਦੇ ਪਕਾਉਣ ਵਾਲੀ ਮਸ਼ੀਨ ਖਰੀਦ ਕਰਨ ਦੀ ਤਜਵੀਜ਼ ਹੈ। ਇਸ ਕਾਰਜ ਲਈ **ਦਸ ਲੱਖ ਰੁਪਏ** ਰੱਖੇ ਗਏ ਹਨ।

ਗੁਰਦੁਆਰਾ ਸ਼ਹੀਦਾਂ ਲੱਧੇਵਾਲ ਮਾਹਿਲਪੁਰ ਦੇ ਇਸ ਸਾਲ ਦੇ ਬਜ਼ਟ ਵਿਚ ਲੰਗਰ ਹਾਲ ਨੂੰ ਵੱਡਾ ਕਰਨ ਅਤੇ ਅਖੰਡ ਪਾਠਾਂ ਦੇ ਕਮਰਿਆਂ ਵਿਚ ਵਾਧਾ ਕਰਨ ਲਈ **ਗਿਆਰਾਂ ਲੱਖ ਰੁਪਏ** ਰੱਖੇ ਗਏ ਹਨ।

ਗੁਰਦੁਆਰਾ ਸ੍ਰੀ ਪੰਜੋਖਰਾ ਸਾਹਿਬ ਪਾਤਸ਼ਾਹੀ ਅੱਠਵੀਂ (ਅੰਬਾਲਾ) ਵਿਖੇ ਗੁਰਦੁਆਰਾ ਕੰਪਲੈਕਸ, ਸਰੋਵਰ ਅਤੇ ਖੇਤੀ ਲਈ ਜ਼ਮੀਨ ਲਈ ਆ ਰਹੀ ਪਾਣੀ ਦੀ ਮੁਸ਼ਕਲ ਨੂੰ ਦੂਰ ਕਰਨ ਵਾਸਤੇ ਇਕ ਨਵਾਂ ੮੦੦ ਤੋਂ ੧੦੦੦ ਫੁਟ ਡੂੰਘਾ ਬੋਰ ਕਰਵਾਉਣ ਲਈ ਇਸ ਸਾਲ ਦੇ ਬਜ਼ਟ ਵਿਚ **ਸੋਲ੍ਹਾਂ ਲੱਖ ਰੁਪਏ** ਰੱਖੇ ਗਏ ਹਨ। ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਨੂੰ ਗਰਮੀਆਂ ਵਿਚ ਠੰਡਾ ਰੱਖਣ ਲਈ ਨਵਾਂ ਏਅਰ ਵਾਸ਼ਰ ਖਰੀਦ ਕਰਨ ਦੀ ਤਜਵੀਜ਼ ਹੈ। ਇਸ ਕਾਰਜ ਲਈ ਇਸ ਸਾਲ ਦੇ ਬਜ਼ਟ ਵਿਚ ਤੀਹ ਲੱਖ ਰੁਪਏ ਰੱਖੇ ਗਏ ਹਨ। ਜੀ. ਟੀ. ਰੋਡ ਤੋਂ ਲੈ ਕੇ ਗੁਰਦੁਆਰਾ ਸਾਹਿਬ ਤੱਕ ੫੦ ਫੁੱਟ ਚੌੜਾ ਰਸਤਾ ਬਨਾਉਣ ਲਈ ਜ਼ਮੀਨ ਖਰੀਦ ਕਰਨੀ ਹੈ, ਇਸ ਕਾਰਜ ਵਾਸਤੇ ਵੀ ਇਸ ਸਾਲ ਦੇ ਬਜ਼ਟ ਵਿਚ **ਤੀਹ ਲੱਖ ਰੁਪਏ** ਰਾਖਵੇਂ ਰੱਖੇ ਗਏ ਹਨ।

## ਵਿਦਿਅਕ ਅਦਾਰੇ

***'ਸਿਖੀ ਸਿਖਿਆ ਗੁਰ ਵੀਚਾਰਿ'*** ਦੀ ਧਾਰਨਾ ਨੂੰ ਸਰਵਉੱਚ ਮਹੱਤਤਾ ਨਾਲ ਸਵੀਕਾਰਦਿਆਂ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੁਆਰਾ ਸਿੱਖਿਆ ਸੰਸਥਾਵਾਂ ਖੋਹਲਣ ਦਾ ਵੱਡਾ ਉਪਰਾਲਾ ਕੀਤਾ ਹੋਇਆ ਹੈ। ਇਸ ਸਮੇਂ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਪ੍ਰਬੰਧ ਅਧੀਨ ਸ੍ਰੀ ਗੁਰੂ ਰਾਮਦਾਸ ਮੈਡੀਕਲ ਸਾਇੰਸ ਯੂਨੀਵਰਸਿਟੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ, ਮੈਡੀਕਲ ਕਾਲਜ ਤੇ ਹਸਪਤਾਲ ਅਤੇ ਮਿਆਰੀ ਇੰਜੀਨੀਅਰਿੰਗ ਕਾਲਜ ਤੇ ਪੋਲੀਟੈਕਨੀਕਲ ਕਾਲਜ, ੪੦ ਉਚੇਰੀ ਵਿੱਦਿਆ ਦੀਆਂ ਸਾਇੰਸ, ਕਾਮਰਸ ਅਤੇ ਆਰਟਸ ਸੰਸਥਾਵਾਂ, ੭੫ ਪਬਲਿਕ ਸਕੂਲ ਅਤੇ ਸੀਨੀ: ਸੈਕੰ: ਸਕੂਲ, ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਮਹਾਂਰਾਸ਼ਟਰ ਵਿੱਚ ਵਿਦਿਆਰਥੀਆਂ ਨੂੰ ਜਿਥੇ ਆਧੁਨਿਕ ਗਿਆਨ ਤਕਨੀਕ ਅਤੇ ਮੁਹਾਰਤ ਨਾਲ ਸਰਸ਼ਾਰ ਕਰ ਰਹੇ ਹਨ, ਉਥੇ ਨਾਲ ਹੀ ਵਿਦਿਆਰਥੀਆਂ ਨੂੰ ਆਪਣੀਆਂ ਸਮਾਜਿਕ ਕਦਰਾਂ-ਕੀਮਤਾਂ, ਧਾਰਮਿਕ ਰੁਚੀਆਂ ਅਤੇ ਸੰਸਾਰਕ ਸਰੋਕਾਰਾਂ ਨਾਲ ਜੋੜੀ ਰੱਖਣ ਲਈ ਵਿਸ਼ੇਸ਼ ਉਪਰਾਲੇ ਕਰ ਰਹੀਆਂ ਹਨ।

ਉਪਰੋਕਤ ਅਦਾਰਿਆਂ ਵਿਚੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਧੇ ਪ੍ਰਬੰਧ 'ਚ ਇਸ ਸਮੇਂ ੩੮ ਕਾਲਜ ਅਤੇ ੫੩ ਸਕੂਲ ਚੱਲ ਰਹੇ ਹਨ। ਇਹਨਾਂ ਦਾ ਇਸ ਸਾਲ ਦਾ ਕੁੱਲ ਬਜ਼ਟ **ਦੋ ਅਰਬ ਸਤਾਈ ਕਰੋੜ ਸੈਂਤੀ ਲੱਖ ਤਿਰਆਸੀ ਹਜ਼ਾਰ ਚਾਰ ਸੌ ਚੌਂਤੀ ਰੁਪਏ** ਦਾ ਹੈ।

ਇਨ੍ਹਾਂ ਸੰਸਥਾਵਾਂ ਵਿੱਚ ਸਮੇਂ ਦੇ ਹਾਣੀ ਅੰਡਰ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਕੋਰਸ ਬੜੀ ਸਫਲਤਾਪੂਰਵਕ ਚੱਲ ਰਹੇ ਹਨ ਅਤੇ ਬਹੁਤੀਆਂ ਸੰਸਥਾਵਾਂ ਵਿੱਚ ਪ੍ਰੋਫੈਸ਼ਨਲ ਅਤੇ ਵੋਕੇਸ਼ਨਲ ਕੋਰਸ ਸ਼ੁਰੂ ਹੋਣ ਨਾਲ ਇਨ੍ਹਾਂ ਸੰਸਥਾਵਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀ ਆਧੁਨਿਕ ਯੁੱਗ ਦੀਆਂ ਚੁਣੌਤੀਆਂ ਸਵੀਕਾਰ ਕਰਨ ਦੇ ਯੋਗ ਹੋਣ ਦੇ ਨਾਲ-ਨਾਲ ਚੰਗੀਆਂ ਨੌਕਰੀਆਂ ਵੀ ਪ੍ਰਾਪਤ ਕਰ ਰਹੇ ਹਨ। ਸ਼੍ਰੋਮਣੀ ਗੁ: ਪ੍ਰ: ਕਮੇਟੀ ਦੀਆਂ ਵਿਦਿਅਕ ਸੰਸਥਾਵਾਂ ਵਿੱਚ ਭਾਰਤ ਦੇ ਲਗਭਗ ਅੱਸੀ ਹਜ਼ਾਰ ਵਿਦਿਆਰਥੀ ਵਿੱਦਿਆ ਪ੍ਰਾਪਤ ਕਰ ਰਹੇ ਹਨ। ਇਹ ਵਿਦਿਅਕ ਸੰਸਥਾਵਾਂ ਧਰਮ ਨਿਰਪੱਖਤਾ ਦੇ ਸਿਧਾਂਤ 'ਤੇ ਪਹਿਰਾ ਦਿੰਦਿਆਂ ਕਿਸੇ ਭੇਦ-ਭਾਵ ਤੋਂ ਬਿਨਾਂ ਹਰੇਕ ਵਿਦਿਆਰਥੀ ਨੂੰ ਵਿੱਦਿਆ ਪ੍ਰਦਾਨ ਕਰ ਰਹੀਆਂ ਹਨ।

ਇਹ ਸੰਸਥਾਵਾਂ ਵਿੱਦਿਆ ਦੀ ਨਵੀਂ ਇਬਾਰਤ ਲਿਖ ਰਹੀਆਂ ਹਨ ਅਤੇ ਕੁਝ ਪ੍ਰਮੁੱਖ ਸੰਸਥਾਵਾਂ ਖੋਜ ਅਤੇ ਵਿਕਾਸ ਨੂੰ ਅਧਾਰ ਬਣਾ ਕੇ ਅੰਤਰ-ਰਾਸ਼ਟਰੀ ਪ੍ਰਸਿੱਧਤਾ ਪ੍ਰਾਪਤੀ ਦੇ ਮਾਰਗ 'ਤੇ ਚੱਲਣ ਦੇ ਸਮਰੱਥ ਹੋ ਰਹੀਆਂ ਹਨ। ਇਨ੍ਹਾਂ ਕਾਲਜਾਂ ਵਿੱਚ ਮੈਡੀਕਲ ਕਾਲਜ, ਇੰਜੀਨੀਅਰਿੰਗ ਕਾਲਜ ਅਤੇ ਐਡਵਾਂਸ ਰਿਸਰਚ ਇੰਸਟੀਚਿਊਟ ਉਚੇਰੀ ਵਿੱਦਿਆ ਦੇ ਪ੍ਰਮੁੱਖ ਕਾਲਜ ਹਨ। ਇਨ੍ਹਾਂ ਸੰਸਥਾਵਾਂ ਵਿੱਚ ਜਿਥੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਗਿਣਾਤਮਿਕ ਅਤੇ ਗੁਣਾਤਮਿਕ ਵਾਧਾ ਹੋਇਆ ਹੈ, ਉਥੇ ਨਾਲ ਹੀ ਇਨ੍ਹਾਂ ਸੰਸਥਾਵਾਂ ਦੇ ਵਿਕਾਰ ਵਿੱਚ ਵੀ ਪ੍ਰਤੱਖ ਸੁਧਾਰ ਹੋਇਆ ਹੈ।

ਪ੍ਰਧਾਨ ਸਾਹਿਬ ਦੀ ਰਹਿਨੁਮਾਈ ਅਤੇ ਦਰਜਾ-ਬ-ਦਰਜਾ ਅਧਿਕਾਰੀਆਂ, ਕਰਮਚਾਰੀਆਂ ਦੀ ਮਿਹਨਤ ਸਦਕਾ ਹੁਣ ਤੀਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਹੇਠਲੇ ਚਾਰ ਕਾਲਜਾਂ ਨੂੰ ਭਾਰਤ ਸਰਕਾਰ ਦੀ ਸਰਵਉੱਚ ਮੁਲਾਂਕਣ ਸੰਸਥਾ **NAAC** ਬੰਗਲੌਰ ਵੱਲੋਂ **'A Grade'** ਨਾਲ ਪ੍ਰਮਾਣਿਤ ਕੀਤਾ ਹੈ। ਇਨ੍ਹਾਂ ਵਿੱਚ ਖਾਲਸਾ ਕਾਲਜ-ਪਟਿਆਲਾ, ਮਾਤਾ ਗੁਜਰੀ ਕਾਲਜ-ਫ਼ਤਹਿਗੜ੍ਹ ਸਾਹਿਬ, ਖਾਲਸਾ ਕਾਲਜ-ਸ੍ਰੀ ਅਨੰਦਪੁਰ ਸਾਹਿਬ ਅਤੇ ਖਾਲਸਾ ਕਾਲਜ-ਗੜ੍ਹਦੀਵਾਲਾ ਸ਼ਾਮਿਲ ਹਨ। ਭਾਰਤ ਦੇ ੩੦੬ ਕਾਲਜਾਂ ਵਿਚੋਂ ਸ਼੍ਰੋਮਣੀ ਕਮੇਟੀ ਦੇ ਤਿੰਨ ਕਾਲਜਾਂ, ਖਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ, ਖਾਲਸਾ ਕਾਲਜ-ਪਟਿਆਲਾ ਅਤੇ ਗੁਰੂ ਨਾਨਕ ਖਾਲਸਾ ਕਾਲਜ ਮੁੰਬਈ ਨੂੰ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵਲੋਂ ' ਕਾਲਜ ਵਿੱਦ ਪੋਟੈਂਸ਼ੀਅਲ ਫਾਰ ਐਕਸੀਲੈਂਸ' ਦਾ ਸਟੇਟਸ ਮਿਲਣ ਦਾ ਮਾਣ ਪ੍ਰਾਪਤ ਹੋਇਆ ਹੈ। ਇਸ ਤੋਂ ਇਲਾਵਾ ਮਾਤਾ ਗੁਜਰੀ ਕਾਲਜ-ਸ੍ਰੀ ਫ਼ਤਹਿਗੜ੍ਹ ਸਾਹਿਬ, ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ ਖਾਲਸਾ ਕਾਲਜ-ਪਟਿਆਲਾ ਅਤੇ ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ-ਲੁਧਿਆਣਾ ਨੂੰ ਅਟੋਨੋਮਿਸ ਸਟੇਟਸ ਦਿੱਤਾ ਗਿਆ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸਕੂਲਾਂ ਵਿਚੋਂ ਭਾਈ ਨੰਦ ਲਾਲ ਪਬਲਿਕ ਸੀਨੀ: ਸੈਕੰ: ਸਕੂਲ ਸ੍ਰੀ ਅਨੰਦਪੁਰ ਸਾਹਿਬ, ਮਹਾਰਾਜਾ ਰਣਜੀਤ ਸਿੰਘ ਪਬਲਿਕ ਸਕੂਲ-ਤਰਨ ਤਾਰਨ, ਖਾਲਸਾ ਸੀਨੀ: ਸੈਕੰਡਰੀ ਸਕੂਲ (ਏਡਿਡ)-ਬੀੜ ਸਾਹਿਬ ਠੱਠਾ, ਸਾਹਿਬਜ਼ਾਦਾ ਅਜੀਤ ਸਿੰਘ ਪਬਲਿਕ ਸਕੂਲ-ਲੱਧੇਵਾਲ ਮਾਹਿਲਪੁਰ, ਮਾਤਾ ਸੁੰਦਰੀ ਪਬਲਿਕ ਸਕੂਲ-ਕੋਟ ਸ਼ਮੀਰ, ਸਾਹਿਬਜ਼ਾਦਾ ਜੁਝਾਰ ਸਿੰਘ ਪਬਲਿਕ ਸਕੂਲ ਕੋਟ ਧਰਮੂ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਖਾਲਸਾ ਪਬਲਿਕ ਸਕੂਲ-ਸ੍ਰੀ ਹਰਿਗੋਬਿੰਦਪੁਰ, ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ-ਕੈਥਲ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਪਬਲਿਕ ਸਕੂਲ-ਨਡਾਲਾ, ਸਾਹਿਬਜ਼ਾਦਾ ਬਾਬਾ ਫ਼ਤਹਿ ਸਿੰਘ ਪਬਲਿਕ ਸਕੂਲ-ਗੁਰੂ ਕਾ ਬਾਗ ਅਤੇ ਫਫੜੇ ਭਾਈ ਕੇ, ਗੰਗਸਰ ਜੈਤੋ, ਬਜ਼ੀਦਪੁਰ, ਜਲਾਲਾਬਾਦ ਆਦਿ ਵਿਖੇ ਵਿਦਿਅਕ ਅਦਾਰੇ ਸਫਲਤਾ ਪੂਰਵਕ ਚੱਲ ਰਹੇ ਹਨ। ਦੋ ਨਵੇਂ ਵਿਦਿਅਕ ਅਦਾਰੇ ਭਾਈ ਸੰਗਤ ਸਿੰਘ ਖਾਲਸਾ ਕਾਲਜ ਬੰਗਾ, ਨਵਾਂ ਸ਼ਹਿਰ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਪਬਲਿਕ ਸਕੂਲ ਛਾਜਲੀ (ਸੰਗਰੂਰ) ਵੀ ਇਸ ਸੈਸ਼ਨ ਤੋਂ ਅਰੰਭ ਕੀਤੇ ਜਾ ਰਹੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਖਾਲਸਈ ਖੇਡਾਂ ਅਤੇ ਖਾਲਸਈ ਯੁਵਕ ਮੇਲੇ ਦਾ ਆਯੋਜਨ ਕੀਤਾ ਜਾਂਦਾ ਹੈ। ਸਿੱਖ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਅਤੇ ਖੇਡਾਂ ਦੇ ਖੇਤਰ ਵਿੱਚ ਨਵੀਆਂ ਪੈੜਾਂ ਸਥਾਪਤ ਕਰਨ ਲਈ ਖੇਡਾਂ ਦੇ ਤਿੰਨ ਵਿੰਗ ਜਿਵੇਂ ਕਿ ਲੜਕੀਆਂ ਦਾ ਹਾਕੀ ਵਿੰਗ ਮਾਤਾ ਗੁਜਰੀ ਕਾਲਜ ਫਤਹਿਗੜ੍ਹ ਸਾਹਿਬ, ਫੁੱਟਬਾਲ ਦਾ ਵਿੰਗ ਬੱਬਰ ਅਕਾਲੀ ਮੈਮੋਰੀਅਲ ਖਾਲਸਾ ਕਾਲਜ ਗੜ੍ਹਸ਼ੰਕਰ ਅਤੇ ਲੜਕੀਆਂ ਦਾ ਹਾਕੀ ਵਿੰਗ ਸ੍ਰੀ ਗੁਰੂ ਨਾਨਕ ਕਾਲਜ ਫਾਰ ਗਰਲਜ ਮੁਕਤਸਰ ਸਾਹਿਬ ਵਿਖੇ ਚਲਾਏ ਜਾ ਰਹੇ ਹਨ।

ਮੈਨੂੰ ਪੂਰਾ ਯਕੀਨ ਹੈ ਕਿ ਇਨ੍ਹਾਂ ਵਿਦਿਅਕ ਅਦਾਰਿਆਂ ਵਿੱਚ ਸਿੱਖ ਨੌਜਵਾਨ ਪੀੜ੍ਹੀ ਨੂੰ ਗੁਣਵੱਤਾ ਭਰਪੂਰ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਦੀ ਉਸਾਰੂ ਸੋਚ ਅਤੇ ਸਮੇਂ ਦੀ ਹਾਣੀ ਬਣਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਇਸੇ ਤਰ੍ਹਾਂ ਕਾਰਜਸ਼ੀਲ ਰਹਿ ਕੇ ਸਿੱਖਿਆ ਦੇ ਖੇਤਰ ਵਿੱਚ ਰੋਲ ਮਾਡਲ ਦੇ ਰੂਪ ਵਿੱਚ ਉਭਰੇਗੀ।

## ਪ੍ਰਿੰਟਿੰਗ ਪ੍ਰੈੱਸਾਂ

ਹੁਣ ਮੈਂ ਆਪ ਜੀ ਦੀ ਸੇਵਾ ਵਿੱਚ ਪ੍ਰਿੰਟਿੰਗ ਪ੍ਰੈੱਸਾਂ ਦੇ ਬਜ਼ਟ ਪੇਸ਼ ਕਰ ਰਿਹਾ ਹਾਂ, ਜੋ ਕਿ ਹੇਠ ਲਿਖੇ ਵੇਰਵੇ ਅਨੁਸਾਕ ਕੁਲ ਅੱਠ ਕਰੋੜ ਪੰਜ ਲੱਖ ਰੁਪਏ ਦੇ ਹਨ।

| | |
|---|---|
| **੧. ਗੋਲਡਨ ਆਫਸੈੱਟ ਪ੍ਰੈੱਸ** | **- ਪੰਜ ਕਰੋੜ ਪੈਂਤੀ ਲੱਖ ਰੁਪਏ** |
| **੨. ਗੁਰਦੁਆਰਾ ਪ੍ਰਿੰਟਿੰਗ ਪ੍ਰੈੱਸ** | **- ਇੱਕ ਕਰੋੜ ਇਕੱਤੀ ਲੱਖ ਰੁਪਏ** |
| **੩. ਸ਼੍ਰੋਮਣੀ ਪ੍ਰਿੰਟਿੰਗ ਪ੍ਰੈੱਸ** | **- ਇੱਕ ਕਰੋੜ ਰੁਪਏ** |
| **੪. ਸ੍ਰੀ ਗੁਰੂ ਗ੍ਰੰਥ ਸਾਹਿਬ ਮਿਸ਼ਨ, ਸ਼ਾਹਪੁਰ (ਅੰਬਾਲਾ)** | **- ਉਨਤਾਲੀ ਲੱਖ ਰੁਪਏ** |

ਗੋਲਡਨ ਆਫਸੈੱਟ ਪ੍ਰੈੱਸ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਵੱਡਾ ਅਤੇ ਦਰਮਿਆਨਾ ਸਾਈਜ਼ (ਲੜੀਵਾਰ ਤੇ ਪਦ-ਛੇਦ), ਸ਼ਬਦਾਰਥ ਪੋਥੀਆਂ, ਟੀਕਾ ਪੋਥੀਆਂ, ਸੁੰਦਰ ਗੁਟਕੇ ਅਤੇ ਵੱਖ-ਵੱਖ ਸਾਈਜ਼ਾਂ ਦੇ ਗੁਟਕੇ ਸੁਖਮਨੀ ਸਾਹਿਬ, ਨਿਤਨੇਮ, ਗੁਰਬਾਣੀ ਦੀਆਂ ਪੁਸਤਕਾਂ, ਸਚਿੱਤਰ ਪੁਸਤਕਾਂ, ਨਾਨਕਸ਼ਾਹੀ ਕੈਲੰਡਰ ਇੱਕ ਪੰਨਾ, ਤਿੰਨ ਪੰਨੇ, ਡਾਇਰੀ, ਟੇਬਲ ਕੈਲੰਡਰ ਅਤੇ ਛੋਟਾ ਕੈਲੰਡਰ (ਜੰਤਰੀ), ਸਿੱਖ ਰਹਿਤ ਮਰਯਾਦਾ ਤੇ ਹੋਰ ਟ੍ਰੈਕਟ ਪੰਜਾਬੀ, ਹਿੰਦੀ, ਅੰਗਰੇਜ਼ੀ ਤੇ ਹੋਰ ਭਾਸ਼ਾਵਾਂ ਵਿੱਚ ਲੱਖਾਂ ਦੀ ਗਿਣਤੀ ਵਿੱਚ ਛਪਾਈ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਹੋਰ ਧਾਰਮਿਕ ਲਿਟਰੇਚਰ ਅਤੇ "ਗੁਰਦੁਆਰਾ ਗਜ਼ਟ","ਗੁਰਮਤਿ ਪ੍ਰਕਾਸ਼" ਅਤੇ "ਗੁਰਮਤਿ ਗਿਆਨ" (ਹਿੰਦੀ) ਮਾਸਿਕ ਪਰਚਿਆਂ ਦੀ ਬਹੁਤ ਸ਼ਰਧਾ ਅਤੇ ਸਤਿਕਾਰ ਨਾਲ ਛਪਾਈ ਕੀਤੀ ਜਾਂਦੀ ਹੈ। ਗੋਲਡਨ ਆਫਸੈਟ ਪ੍ਰੈਸ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਅਤੇ ਜਿਲਦਬੰਦੀ ਕਰਨ ਲਈ ਆਧੁਨਿਕ ਡਿਜ਼ੀਟਲ ਮਸ਼ੀਨ ਖਰੀਦ ਕੀਤੀ ਜਾਵੇਗੀ।

ਗੁਰਦੁਆਰਾ ਸਾਹਿਬ ਦੇ ਪ੍ਰਬੰਧ ਨੂੰ ਸੁਚਾਰੂ ਢੰਗ ਨਾਲ ਚਲਾਉਣ ਅਤੇ ਇਨ੍ਹਾਂ ਦੀ ਸੇਵਾ-ਸੰਭਾਲ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਤਿਕਾਰਯੋਗ ਮੈਂਬਰ ਸਾਹਿਬਾਨ ਪੁਰ ਅਧਾਰਤ ਸਬ-ਕਮੇਟੀਆਂ ਬਣਾਈਆਂ ਜਾਂਦੀਆਂ ਹਨ ਜੋ ਕਿ ਸਹੀ ਦਿਸ਼ਾਂ-ਨਿਰਦੇਸ਼ ਪ੍ਰਦਾਨ ਕਰਨ ਵਿਚ ਬਹੁਤ ਸਹਾਇਕ ਸਾਬਤ ਹੁੰਦੀਆਂ ਹਨ। ਮੈਂ ਆਪ ਸਭ ਦਾ ਧੰਨਵਾਦ ਕਰਦਾ ਹਾਂ ਕਿ ਆਪ ਨੇ ਬਜ਼ਟ ਸਬੰਧੀ ਮੇਰੇ ਵਿਚਾਰਾਂ ਨੂੰ ਬੜੇ ਪਿਆਰ, ਧੀਰਜ ਤੇ ਗ਼ੌਰ ਨਾਲ ਸੁਣਿਆ ਹੈ। ਮੈਂਬਰ ਸਾਹਿਬਾਨ ਦੀ ਸੇਵਾ ਵਿਚ ਸਾਲ ਨਾਨਕਸ਼ਾਹੀ ਸੰਮਤ ੫੪੯-੫੫੦ (੨੦੧੭-੧੮ ਈ.) ਦਾ ਬਜ਼ਟ ਅਤੇ ਸਪਲੀਮੈਂਟਰੀ ਬਜ਼ਟ ੨੦੧੫-੧੬ ਅਤੇ ੨੦੧੬-੧੭ ਵਿਚਾਰ ਤੇ ਪ੍ਰਵਾਨਗੀ ਹਿੱਤ ਪੇਸ਼ ਹੈ।

ਚਲਦਾ...

ਹਿਸਾਬ-ਕਿਤਾਬ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

## ਚਿੱਠਾ ਆਮਦਨ/ਖਰਚ ਧਰਮ ਪ੍ਰਚਾਰ ਕਮੇਟੀ, ਮਹੀਨਾ ਦਸੰਬਰ ੨੦੧੬

| ਸੀ: ਨੰ: | ਨਾਮ ਖਾਤਾ | ਪੰਨਾ | ਨਾਮ | ਜਮ੍ਹਾਂ |
|---|---|---|---|---|
| ੧ | ਧਾਰਮਿਕ ਫੰਡ ੮੫ | ੧੮ | | ੪੨੫੩੫੩੨੯.੦੦ |
| ੨ | ਧਾਰਮਿਕ ਫੰਡ ੮੭ | ੪੬ | | ੧੦੧੪੯੯੮.੦੦ |
| ੩ | ਪ੍ਰਚਾਰ ਸਹਾਇਤਾ | ੭੬ | | ੨੦੩੧੫੦.੦੦ |
| ੪ | ਲਿਟਰੇਚਰ ਭੇਟਾ ਰਹਿਤ ਡਾਇਰੀਆਂ, ਕੈਲੰਡਰ, ਸੇਵਾਫਲ ਖਰੜੇ ਆਦਿ (ਛਪਾਈ ਤੇ ਖ੍ਰੀਦ) | ੯੫ | ੧੩੦੩੯੬.੦੦ | |
| ੫ | ਲਿਟਰੇਚਰ ਫੁਟਕਲ | ੧੦੪ | ੨੬੦੮੮.੦੦ | ੧੦੦੦.੦੦ |
| ੬ | ਧਾਰਮਿਕ ਪ੍ਰੀਖਿਆ ਵਜੀਫੇ | ੧੩੪ | ੮੬੮੪੦੭.੦੦ | |
| ੭ | ਪੱਤਰ ਵਿਹਾਰ ਕੋਰਸ ਤੇ ਖੋਜ ਕੇਂਦਰ | ੧੮੧ | ੨੯੫੫੦੧.੦੦ | ੫੦੦੦੦.੦੦ |
| ੮ | ਧਰਮ ਤੇ ਅੰਮ੍ਰਿਤ ਪ੍ਰਚਾਰ | ੨੦੩ | ੬੭੫੨੭੬.੦੦ | ੭੮੭੪੦.੦੦ |
| ੯ | ਗੁਰਦੁਆਰਾ ਗਜ਼ਟ ਦਾ ਹਿੱਸਾ | ੨੧੭ | ੨੪੯੪੦੫.੦੦ | |
| ੧੦ | ਗੁਰਮਤਿ ਪ੍ਰਕਾਸ਼ (ਪੰਜਾਬੀ ਮਾਸਿਕ ਪੱਤਰ) | ੨੪੩ | ੧੮੫੬੩੧੩.੦੦ | ੩੭੩੦੦.੦੦ |
| ੧੧ | ਗੁਰਮਤਿ ਗਿਆਨ ਹਿੰਦੀ | ੨੮੦ | ੨੬੫੮੪੦.੦੦ | ੩੩੩੦.੦੦ |
| ੧੨ | ਆਡਿਟ ਫੀਸ ਅਤੇ ਇੰਟਰਨਲ ਆਡਿਟ ਫੀਸ | ੨੮੯ | ੧੩੦੧੨੦੮.੦੦ | |
| ੧੩ | ਸਟੇਸ਼ਨਰੀ ਛਪਾਈ | ੨੯੨ | ੨੯੨੮੯੨.੦੦ | |
| ੧੪ | ਤਨਖਾਹ ਸਟਾਫ ਦਫਤਰ | ੨੯੮ | ੩੬੬੫੦੫੩.੦੦ | |
| ੧੫ | ਤਨਖਾਹ ਸਟਾਫ ਲਿਟਰੇਚਰ ਅਤੇ ਕਮਿਸ਼ਨ ਆਦਿ | ੩੦੭ | ੭੩੯੭੧੦.੦੦ | |
| ੧੬ | ਤਨਖਾਹ ਤੇ ਸਫਰ ਖਰਚ ਅਲਾਊਂਸ ਡਰਾਈਵਰਜ਼ | ੩੧੭ | ੭੮੮੪੫੧.੦੦ | |
| ੧੭ | ਤਨਖਾਹ ਧਾਰਮਿਕ ਟੀਚਰ | ੩੨੨ | ੬੨੮੪੯੮.੦੦ | |
| ੧੮ | ਡਾਕ ਤੇ ਤਾਰ ਖਰਚ | ੩੨੯ | ੭੮੯੦.੦੦ | |
| ੧੯ | ਫਿਲਮਾਂ ਰਾਹੀਂ ਪ੍ਰਚਾਰ (ਤਨਖਾਹ ਫਿਲਮ ਉਪਰੇ:, ਮੁੰਰ: ਤੇ ਸ:ਖ: ਆਦਿ) | ੩੪੭ | ੧੯੭੯੭੩.੦੦ | |
| ੨੦ | ਖਰਚ ਗੱਡੀਆਂ (ਤੇਲ ਤੇ ਮੁਰੰਮਤਾਂ) | ੩੭੧ | ੩੧੫੯੫੮.੦੦ | |
| ੨੧ | ਮੁਕੱਦਮੇ | ੩੮੧ | ੩੫੮੩੬੩੬.੦੦ | |
| ੨੨ | ਟੈਲੀਫੋਨ | ੩੯੩ | ੧੬੧੮੯੧.੦੦ | |
| ੨੩ | ਮੁਰੰਮਤ ਸਮਾਨ ਦਫਤਰ | ੪੦੬ | ੪੫੭੫.੦੦ | |

| | | | |
|---|---|---|---|
| ੨੪ ਐਂਟਰਟੇਨਮੈਂਟ | ੪੧੭ | ੨੩੬੧੫.੦੦ | |
| ੨੫ ਵਰਦੀਆਂ ਮੁਲਾਜਮਾਂ | ੪੨੪ | ੪੮੭੮੧੩.੦੦ | |
| ੨੬ ਸਫਰ ਖਰਚ ਮੁਲਾਜਮਾਂ | ੪੩੯ | ੨੧੧੯੫.੦੦ | |
| ੨੭ ਫੁਟਕਲ ਦਫਤਰ ਤੇ ਰੋਸ਼ਨੀ | ੪੫੫ | ੩੯੦੮੭੫.੦੦ | |
| ੨੮ ਬੀਮਾ ਗੱਡੀਆਂ ਤੇ ਕੈਸ਼ | ੪੭੬ | ੧੧੫੮੭.੦੦ | |
| ੨੯ ਬੀਮਾਂ ਪੇਸ਼ਗੀ ਮੁਲਾਜਮਾਂ ਮੈਡੀਕਲੇਮ | ੫੧੪ | | ੬੨੧੦.੦੦ |
| ੩੦ ਗਰੈਚੂਇਟੀ ਤੇ ਛੁੱਟੀਆਂ ਆਦਿ (ਸ਼੍ਰੋਮਣੀ ਕਮੇਟੀ ਨੂੰ) | ੫੨੩ | ੫੦੦੦੦੦੦.੦੦ | |
| ੩੧ ਸ਼ਤਾਬਦੀਆਂ ਸਮਾਰੋਹ | ੫੬੨ | ੨੦੪੪੮੧੪.੦੦ | ੯੧੭੩੪੫.੦੦ |
| ੩੨ ਐਡਵਰਟਾਈਜਮੈਂਟ | ੫੭੧ | ੧੭੦੧੭੨.੦੦ | |
| ੩੩ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਅਤੇ ਸੰਤ ਫਤਹਿ ਸਿੰਘ ਸੰਤ ਚੰਨਣ ਸਿੰਘ ਬੁੱਢਾ ਜੋਹੜ | ੫੮੮ | ੮੧੨੨੦੮.੦੦ | ੨੫੧੭੧.੦੦ |
| ੩੪ ਗੁਰੂ ਕਾਸ਼ੀ ਗੁ: ਇੰਸ: ਤਲਵੰਡੀ ਸਾਬੋ ਕੀ (ਬਠਿੰਡਾ) | ੬੦੧ | ੫੧੪੭੭੭.੦੦ | ੭੫੭੪.੦੦ |
| ੩੫ ਭਾਈ ਗੁਰਦਾਸ ਵਿਦਿਆਲਾ ਜੁਬਲੀ ਧਰਮਸ਼ਾਲਾ ਫਿਰੋਜਪੁਰ | ੬੧੪ | ੯੫੧੬੮.੦੦ | |
| ੩੬ ਗੁਰਮਤਿ ਸੰਗੀਤ ਅਕੈਡਮੀ (ਸ੍ਰੀ ਅਨੰਦਪੁਰ ਸਾਹਿਬ) | ੬੨੩ | ੧੨੦੭੨੯.੦੦ | |
| ੩੭ ਗੁਰ:ਸੰਗੀਤ ਵਿਦਿਆਲੇ: (ਬਾਦੀਆਂ, ਮੁਕਤਸਰ ਸਾਹਿਬ, ਭੂਰਾ ਕੋਹਨਾ, ਕਾਲਾਮਾਲਾ ਸੰਗਰੂਰ) ਤਨ:, ਸ:ਖ: ਤੇ ਫੁਟ:ਆਦਿ | ੬੩੭ | ੩੯੦੪੪੩.੦੦ | ੩੦੦੦.੦੦ |
| ੩੮ ਗੁਰਮਤਿ ਕਾਲਜ (ਸੁਲਤਾਨਪੁਰ ਲੋਧੀ, ਬਾਬਾ ਦੀਪ ਸਿੰਘ ਬਰਨਾਲਾ ਤੇ ਡੇਰਾ ਬਾਬਾ ਨਾਨਕ, ਭਾਈ ਗੁਰਦਾਸ ਵਿਦਿ:ਆਲਮਗੀਰ) ਤਨਖਾਹਾਂ, ਸਫਰ ਖਰਚ ਤੇ ਫੁਟਕਲ ਆਦਿ | ੬੫੯ | ੫੧੦੧੨੫.੦੦ | ੧੦੦੦.੦੦ |
| ੩੯ ਬੇਬੇ ਨਾਨਕੀ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅੰਮ੍ਰਿਤਸਰ | ੬੭੨ | ੪੫੭੧੧.੦੦ | |
| ੪੦ ਜਥੇ: ਗੁਰਚਰਨ ਸਿੰਘ ਟੌਹੜਾ ਇੰਸੀ: ਆਫ ਐਡਵਾਂਸ ਸਿੱਖ ਸਟੱਡੀਜ, (ਤਨਖਾਹਾਂ, ਆਨਰੇਰੀਅਮ ਤੇ ਫੁਟਕਲ ਆਦਿ) | ੬੮੬ | ੫੩੨੯੭੦.੦੦ | ੨੪੦੦.੦੦ |
| ੪੧ ਤਨਖਾਹ ਪ੍ਰਚਾਰਕ, ਢਾਡੀ ਤੇ ਕਵੀਸ਼ਰ ਸਾਹਿਬਾਨ ਪੰਜਾਬ ਪ੍ਰਚਾਰ | ੭੦੬ | ੪੧੩੮੪੨੧.੦੦ | ੫੦੦੦.੦੦ |
| ੪੨ ਸਫਰ ਖਰਚ ਪ੍ਰਚਾਰਕ, ਢਾਡੀ ਤੇ ਕਵੀਸ਼ਰ ਸਾਹਿਬਾਨ | | | |

| | | | |
|---|---|---|---|
| ਪੰਜਾਬ ਪ੍ਰਚਾਰ | ੭੨੩ | ੧੮੧੭੧੯.੦੦ | ੫੩.੦੦ |
| ੪੩ ਦੀਵਾਨ ਮੇਲੇ ਤੇ ਕੈਂਪਸ ਪੰਜਾਬ ਪ੍ਰਚਾਰ, ਨਸ਼ਾ ਮੁਕਤੀ ਮੁਹਿੰਮ ਅਤੇ ਗੁਰਮਤਿ ਦਸਤਾਰ ਸਮਾਗਮ | ੭੫੪ | ੮੮੮੦੮੬.੦੦ | |
| ੪੪ ਸਟਾਕ ਲਿਟਰੇਚਰ, ਡਾਇਰੀ, ਕੈਲੰਡਰ ਆਦਿ (ਛਪਾਈ) ਪੂੰਜੀਗਤ ਖਰਚੇ | ੭੭੮ | ੩੫੭੧੭੮.੦੦ | ੩੧੩੮੫੬.੦੦ |
| ੪੫ ਸਟਾਕ ਸਿਰਪਾਉ | ੭੯੭ | ੧੩੪੮੬੫.੦੦ | |
| ੪੬ ਸਟਾਕ ਕੀਰਤਨੀ ਸਾਜ | ੭੯੯ | ੩੭੦੦੦.੦੦ | |
| ੪੭ ਇਮਾਰਤ ਦਫਤਰ ਧਰਮ ਪ੍ਰਚਾਰ ਕਮੇਟੀ | ੮੧੯ | ੪੯੭੫੦.੦੦ | |
| ੪੮ ਇਮਾਰਤ ਗੁ: ਇੰਸ: ਤਲਵੰਡੀ ਸਾਬੋ ਕੀ (ਬਠਿੰਡਾ)(ਸਰੀਆ) | ੮੨੩ | ੨੧੯੦੦੩.੦੦ | |
| ੪੯ ਇਮਾਰਤ ਗੁ: ਇੰਸ: ਤਲਵੰਡੀ ਸਾਬੋ ਕੀ (ਬਠਿੰਡਾ) | ੮੨੬ | ੧੨੦੦.੦੦ | |
| ੫੦ ਇਮਾਰਤ ਗੁ:ਸਾਹਿਬ ਭਗਤ ਕਬੀਰ ਜੀ ਮਗਹਰ ਗੌਰਖਪੁਰ ਯੂ:ਪੀ | ੮੬੭ | ੮੪੯੨੫੦.੦੦ | |
| ੫੧ ਸਮਾਨ ਦਫਤਰ ਉਤਰਾਖੰਡ ਮਿਸ਼ਨ | ੮੮੦ | ੫੬੧੭੫.੦੦ | |
| ੫੨ ਸਮਾਨ ਦਫਤਰ ਧਰਮ ਪ੍ਰਚਾਰ | ੮੮੮ | ੧੯੦੦.੦੦ | |
| ੫੩ ਸਮਾਨ ਜਥੇ:ਗੁਰਚਰਨ ਸਿੰਘ ਟੌਹੜਾ ਇੰਸੀ: ਬਹਾਦਰਗੜ੍ਹ ਪਟਿਆਲਾ | ੯੪੯ | ੨੮੮੦੦੦.੦੦ | |
| ੫੪ ਸਮਾਨ ਦਫ਼ਤਰ ਹਰਿਆਣਾ ਸਿੱਖ ਮਿਸ਼ਨ, ਕੁਰੂਕਸ਼ੇਤਰ | ੯੦੪ | ੩੩੧੦੦.੦੦ | |
| ੫੫ ਸਮਾਨ ਦਫਤਰ ਯੂ.ਪੀ, ਮੱਧ ਪ੍ਰਦੇਸ਼., ਦਿੱਲੀ ਅਤੇ ਸਿੱਖ ਮਿਸ਼ਨ ਹਾਪੁੜ | ੯੦੮ | ੩੧੮੨੨.੦੦ | |
| ੫੬ ਸਮਾਨ ਗੁਰ:ਵਿਦਿ: ਬਾਬਾ ਦੀਪ ਸਿੰਘ ਬਰਨਾਲਾ | ੯੧੭ | ੧੬੨੦੦.੦੦ | |
| ੫੭ ਸਮਾਨ ਸਬ ਆਫਿਸ ਤਲਵੰਡੀ ਸਾਬੋ ਕੀ ਬਠਿੰਡਾ | ੯੧੯ | ੨੦੨੧੯੬.੦੦ | |
| ੫੮ ਸਮਾਨ ਗੁਰਮਤਿ ਸੰ: ਵਿਦਿਆਲਾ ਆਲਮਗੀਰ | ੯੨੩ | ੨੯੪੦੦.੦੦ | |
| ੫੯ ਕਿਤਾਬਾਂ ਜਥੇ: ਗੁਰਚਰਨ ਸਿੰਘ ਟੌਹੜਾ ਇੰਸਟੀ:ਬਹਾਦਰਗੜ੍ਹ,ਪਟਿਆਲਾ | ੯੨੬ | ੫੦੦.੦੦ | |
| ੬੦ ਕਰਜਾ ਗੋਲਡਨ ਆਫਸਟ ਪ੍ਰੈਸ ਰਾਮਸਰ | ੯੩੪ | | ੨੦੦੦੦੦.੦੦ |
| ੬੧ ਤਨਖਾਹ ਤੇ ਸਫਰ ਖਰਚ ਸਟਾਫ਼ ਹਰਿਆਣਾ ਸਿੱਖ ਮਿਸ਼ਨ, ਕੁਰੂਕਸ਼ੇਤਰ | ੧੦੦੪ | ੪੦੦੩੬੯.੦੦ | |
| ੬੨ ਫੁਟਕਲ ਦਫ਼ਤਰ ਹਰਿਆਣਾ ਸਿੱਖ ਮਿਸ਼ਨ | ੧੦੧੦ | ੯੧੮੬੨.੦੦ | |

| | | |
|---|---|---|
| ੬੩ ਦੀਵਾਨ, ਮੇਲੇ, ਕੈਂਪਸ ਤੇ ਫਿਲਮਾਂ ਰਾਹੀਂ ਪ੍ਰਚਾਰ ਹਰਿਆਣਾ ਸਿੱਖ ਮਿਸ਼ਨ | ੧੦੨੨ | ੧੭੯੩੬੬.੦੦ |
| ੬੪ ਗੁਰ:ਵਿਦਿਆਲਾ ਸ਼ੇਖੂਪੁਰਾ ਮੰਚੂਰੀ,ਕਰਨਾਲ ਤਨ:, ਵਜੀ:, ਸ:ਖਰਚ ਤੇ ਫੁਟ: | ੧੦੩੯ | ੯੮੯੧੮.੦੦ |
| ੬੫ ਤਨਖਾਹ ਤੇ ਸਫ਼ਰ ਖਰਚ ਸਟਾਫ਼ (ਰੋਸ਼ਨੀ, ਬਿੱਲ ਅਤੇ ਫੁਟਕਲ ਆਦਿ) ਹਿਮਾਚਲ ਪ੍ਰਦੇਸ਼ ਸਿੱਖ ਮਿਸ਼ਨ (ਗੁ: ਪਲਾਹ ਸਾਹਿਬ, (ਊਨਾ) | ੧੦੪੯ | ੧੨੦੮੧੦.੦੦ |
| ੬੬ ਤਨਖਾਹ ਤੇ ਸਫ਼ਰ ਖਰਚ ਸਟਾਫ਼ (ਰੋਸ਼ਨੀ, ਬਿੱਲ ਅਤੇ ਫੁਟਕਲ ਆਦਿ) ਰਾਜਿਸਥਾਨ ਸਿੱਖ ਮਿਸ਼ਨ (ਬੁੱਢਾ ਜੌਹੜ) | ੧੦੬੦ | ੩੯੨੬੩.੦੦ |
| ੬੭ ਤਨ:ਸਫਰ ਖਰਚ ਸਟਾਫ਼ ਯੂ:ਪੀ:, ਦਿੱਲੀ ਅਤੇ ਮੱਧ ਪ੍ਰਦੇਸ਼ ਮਿਸ਼ਨ | ੧੦੭੨ | ੧੦੬੩੭੩੬.੦੦ |
| ੬੮ ਦੀਵਾਨ, ਮੇਲੇ, ਕੈਂਪਸ, ਫਿਲਮਾਂ ਰਾਹੀਂ ਪ੍ਰਚਾਰ ਅਤੇ ਗੁਰਮਤਿ ਦਸਤਾਰ ਸਮਾਗਮ, ਖਰਚ ਗੱਡੀਆਂ ਯੂ:ਪੀ:, ਦਿੱਲੀ ਅਤੇ ਮੱਧ ਪ੍ਰਦੇਸ਼ ਸਿੱਖ ਮਿਸ਼ਨ | ੧੦੮੨ | ੧੮੪੧੮.੦੦ |
| ੬੯ ਟੈਕਸਿਸ ਹਾਊਸ ਤੇ ਪਾਣੀ ਅਤੇ ਬਿੱਲ ਬਿਜਲੀ ਮੁਰੰਮਤ ਸਮਾਨ ਯੂ:ਪੀ:, ਦਿੱਲੀ ਅਤੇ ਮੱਧ ਪ੍ਰਦੇਸ਼ ਸਿੱਖ ਮਿਸ਼ਨ | ੧੦੯੭ | ੨੯੨੧੬.੦੦ |
| ੭੦ ਫੁਟਕਲ ਦਫ਼ਤਰ ਯੂ:ਪੀ:, ਦਿੱਲੀ ਅਤੇ ਮੱਧ ਪ੍ਰਦੇਸ਼ ਸਿੱਖ ਮਿਸ਼ਨ | ੧੧੦੩ | ੮੮੫.੦੦ |
| ੭੧ ਸ੍ਰੀ ਗੁਰੂ ਰਾਮ ਦਾਸ ਜੀ ਗੁਰਮਤਿ ਵਿਦਿਆਲਾਂ ਸ਼ਾਹਜਹਾਨਪੁਰ ਯੂ.ਪੀ | ੧੧੧੨ | ੧੦੩੭੭੯.੦੦ |
| ੭੨ ਗੁਰਦੁਆਰਾ ਗੁਰੂ ਨਾਨਕ ਦਰਬਾਰ ਯੂ:ਪੀ: | ੧੧੨੨ | ੬੧੮੫੯.੦੦ |
| ੭੩ ਗੁਰ: ਸਾਹਿਬਾਨ ਨੱਕਾ ਕੂਆਂ, ਸੰਤ ਸਭਾ ਨਗੀਨਾ, ਬ੍ਰਿੰਦਾਬਨ, ਗੜ੍ਹਮੁਕਤੇਸਰ ਯੂ:ਪੀ: | ੧੧੩੦ | ੩੫੦੨੭.੦੦ |
| ੭੪ ਤਨਖਾਹ ਤੇ ਸਫ਼ਰ ਖ਼ਰਚ ਸਟਾਫ਼ ਪੂਰਬੀ ਭਾਰਤ ਸਿੱਖ ਮਿਸ਼ਨ (ਕਲਕੱਤਾ) ਅਤੇ ਉੜੀਸਾ ਮਿਸ਼ਨ (ਬਿੱਲ ਫੁਟਕਲ ਆਦਿ)ਅਹਿਮਦਾਬਾਦ ,ਗੁਜਰਾਤ | ੧੧੫੩ | ੪੫੨੮੪.੦੦ |
| ੭੫ ਤਨ: ਤੇ ਸਫ਼ਰ ਖ਼ਰਚ ਸਟਾਫ਼ ਛਤੀਸਗੜ੍ਹ ਸਿੱਖ ਮਿਸ਼ਨ ਬਿੱਲ ਫੁਟਕਲ ਆਦਿ | ੧੧੬੫ | ੧੩੧੮੫੬.੦੦ |

| | | | |
|---|---|---|---|
| ੭੬ ਦੀਵਾਨ, ਮੇਲੇ, ਕੈਂਪਸ ਤੇ ਫ਼ਿਲਮਾਂ ਰਾਹੀਂ ਪ੍ਰਚਾਰ, ਗੁਰਮਤਿ ਦਸਤਾਰ ਸਮਾਗਮ ਛਤੀਸਗੜ੍ਹ ਮਿਸ਼ਨ | ੧੧੭੨ | ੧੦੦੦੦੦.੦੦ | |
| ੭੭ ਗੁਰੂ ਨਾਨਕ ਦੇਵ ਗੁ:ਵਿਦਿ: ਛਤੀਸਗੜ੍ਹ ਮਿਸ਼ਨ (ਤਨ: ਸਫਰ ਖਰਚ ਅਤੇ ਬਿੱਲ ਆਦਿ) | ੧੧੭੯ | ੧੪੦੨੪੯.੦੦ | |
| ੭੮ ਤਨਖਾਹ ਤੇ ਸਫ਼ਰ ਖ਼ਰਚ ਸਟਾਫ਼ ਜੰਮੂ ਕਸ਼ਮੀਰ ਸਿੱਖ ਮਿਸ਼ਨ | ੧੧੯੧ | ੧੨੯੭੦੭.੦੦ | |
| ੭੯ ਦੀਵਾਨ, ਮੇਲੇ, ਕੈਂਪਸ ਤੇ ਫਿਲਮਾਂ ਰਾਹੀਂ ਪ੍ਰਚਾਰ, ਗੁਰਮਤਿ ਦਸਤਾਰ ਸਮਾਗਮ ਜੰਮੂ ਕਸ਼ਮੀਰ ਸਿੱਖ ਮਿਸ਼ਨ | ੧੨੦੧ | ੧੯੭੨੬.੦੦ | |
| ੮੦ ਫੁਟਕਲ ਦਫ਼ਤਰ ਲੰਗਰ (ਆਉ ਭਗਤ) ਜੰਮੂ ਕਸ਼ਮੀਰ ਸਿੱਖ ਮਿਸ਼ਨ | ੧੨੦੬ | ੩੫੫੯.੦੦ | |
| ੮੧ ਤਨਖਾਹ ਤੇ ਸਫ਼ਰ ਖ਼ਰਚ ਸਟਾਫ਼ ਉਤਰਾਂਚਲ ਸਿੱਖ ਮਿਸ਼ਨ, ਫੁਟਕਲ ਆਦਿ (ਕਾਸ਼ੀਪੁਰ) | ੧੨੧੪ | ੩੪੯੪੪੦.੦੦ | |
| ੮੨ ਤਨਖਾਹ, ਸਫਰ ਖਰਚ ਆਦਿ ਸਿੱਖ ਮਿਸ਼ਨ ਨੇਪਾਲ | ੧੨੩੦ | ੯੦੦੦.੦੦ | |
| ੮੩ ਸਹਾਇਤਾ ਲਾਇਬ੍ਰੇਰੀਆਂ ਲਿਟਰੇਚਰ ਆਦਿ | ੧੨੩੯ | ੩੧੫੧੫੩.੦੦ | |
| ੮੪ ਸਹਾਇਤਾ ਗੁਰਦੁਆਰਾ ਸਾਹਿਬਾਨ | ੧੨੬੩ | ੧੫੨੦੦.੦੦ | |
| ੮੫ ਸਹਾਇਤਾ ਧਾਰਮਿਕ ਵਿਦਿਆ ਸਕੂਲਾਂ/ਕਾਲਜਾਂ | ੧੨੯੯ | ੧੨੩੦੦੦.੦੦ | |
| ੮੬ ਸਹਾਇਤਾ ਧਰਮ ਪ੍ਰਚਾਰ ਵਿਦਿਆਰਥੀ ਖੇਤਰ ਅਤੇ ਸਿੱਖ ਸ਼ਸ਼ਤਰ ਵਿਦਿਆ (ਗਤਕਾ) | ੧੩੨੦ | ੪੭੨੨੦.੦੦ | |
| ੮੭ ਸਹਾਇਤਾ ਸਿਕਲੀਗਰ ਤੇ ਵਣਜਾਰੇ ਸਿੱਖਾਂ | ੧੩੪੬ | ੭੧੫੪੬.੦੦ | |
| ੮੮ ਸਹਾਇਤਾ ਕੁਦਰਤੀ ਆਫਤਾਂ, ਕੈਂਸਰ ਰਲੀਫ ਫੰਡ (ਸ਼੍ਰੋਮਣੀ ਗੁ: ਪ੍ਰ: ਕਮੇਟੀ ਨੂੰ) | ੧੩੬੧ | | ੩੨੩੯੫.੦੦ |
| ੮੯ ਸਹਾਇਤਾ ਧਾਰਮਿਕ, ਪੰਥਕ ਤੇ ਸਮਾਜ ਸੇਵੀ ਸੰਸਥਾਵਾਂ, ਪਿੰਡਾਂ ਦੇ ਗ੍ਰੰਥੀ ਸਿੰਘਾਂ ਰਾਹੀਂ ਪ੍ਰਚਾਰ, ਪੰਥਕ ਵਿਦਿਵਾਨਾ ਨੂੰ ਸਨਮਾਨਤ | ੧੩੭੭ | ੫੦੦.੦੦ | |
| ੯੦ ਸਹਾਇਤਾ ਮੁਫਤ ਵਿਦਿਆ ਅੰਮ੍ਰਿਤਧਾਰੀ ਵਿਦਿਆਰਥੀ (ਸ਼੍ਰੋਮਣੀ ਗੁ: ਪ੍ਰ: ਕਮੇਟੀ ਨੂੰ) | ੧੩੮੮ | ੨੨੫੮੨੦੦.੦੦ | |
| ੯੧ ਆਮਦਨ ਕਰ | ੧੪੪੧ | ੨੫੩੨੮੫.੦੦ | ੨੭੬੫੦੦.੦੦ |
| ੯੨ ਟੀ.ਡੀ.ਐਸ. (ਅਦਾਇਗੀ ਯੋਗ) | ੧੪੬੧ | ੧੨੩੧੪੮.੦੦ | ੨੧੮੨੦.੦੦ |
| ੯੩ ਸਹਾਇਤਾ ਭਾਈ ਨਗਾਈਆ ਜੀ ਪਬਲਿਕ ਸਕੂਲ | | | |

| | | | |
|---|---|---|---|
| ਫਾਰ ਡੈਫ ਆਲਮਗੀਰ ਲੁਧਿਆਣਾ | ੧੪੮੩ | ੩੬੪੧੯.੦੦ | |
| ੯੪ ਸਹਾਇਤਾ ਬੀਬੀ ਭਾਨੀ ਕੰਨਿਆ ਨੇਤਰਹੀਣ ਵਿਦਿ: | | | |
| ਸੰਨ ਸਾਹਿਬ ਛੇਹਰਟਾ ਰੋਡ ਸ੍ਰੀ ਅੰਮ੍ਰਿਤਸਰ | ੧੪੮੫ | ੨੫੦੦੦.੦੦ | |
| ੯੫ ਅਣਦਿੱਤੀ ਤਨਖਾਹ | ੧੫੦੮ | ੧੯੨੪੬.੦੦ | ੧੬੭੭੬.੦੦ |
| ੯੬ ਅਣਦਿੱਤੇ ਬਿਲਜ਼ ਸ਼੍ਰੋਮਣੀ ਕਮੇਟੀ | | | |
| (ਗੁਰਬਾਣੀ ਤੇ ਗੁਰਮਤਿ ਲਿਟ: ਫੰਡ) | ੧੫੩੭ | | ੧੫੩੮੪੯.੦੦ |
| ੯੭ ਅਮਾਨਤ ਕਿਰਾਇਆ ਤੇ ਬਿਜਲੀ | | | |
| ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ | ੧੫੫੪ | ੧੩੬੩੩੭.੦੦ | ੫੬੦੪੮.੦੦ |
| ੯੮ ਅਮਾਨਤ ਕਿਰਾਇਆ ਗੁ:ਸ੍ਰੀ ਫਤਹਿਗੜ੍ਹ ਸਾਹਿਬ | ੧੫੭੩ | | ੧੭੦੦.੦੦ |
| ੯੯ ਅਮਾਨਤ ਕਿਰਾਇਆ ਤਖਤ ਸ੍ਰੀ ਦਮਦਮਾ ਸਾਹਿਬ | | | |
| ਤਲਵੰਡੀ ਸਾਬੋ, ਬਠਿੰਡਾ | ੧੫੭੯ | | ੮੭੭੬.੦੦ |
| ੧੦੦ ਅਮਾਨਤ ਮੁਲਾਜਮਾਂ | ੧੬੧੧ | ੧੯੬੪੨੭.੦੦ | ੨੯੫੪੨੧.੦੦ |
| ੧੦੧ ਅਮਾਨਤ ਸ਼੍ਰੋਮਣੀ ਕਮੇਟੀ | ੧੬੩੧ | ੨੪੯੩੨.੦੦ | ੨੪੯੩੨.੦੦ |
| ੧੦੨ ਪੇਸ਼ਗੀ ਜਨਰਲ | ੧੬੯੨ | ੪੫੩੦੦੨੬.੦੦ | ੫੩੮੯੯੫੯.੦੦ |
| ੧੦੩ ਪੇਸ਼ਗੀ ਹਥਿਆਰ | ੧੭੨੨ | | ੧੪੦੦.੦੦ |
| ੧੦੪ ਪੇਸ਼ਗੀ ਤਨਖਾਹ | ੧੭੬੫ | ੧੬੪੩੫੦੦.੦੦ | ੧੫੦੫੦੦੦.੦੦ |
| ੧੦੫ ਕਿਰਾ: ਦੁਕਾਨਾ ਤੇ ਫਲੈਟਸ, ਯੂ.ਪੀ. ਸਿੱਖ ਮਿਸ਼ਨ | ੧੭੯੯ | | ੨੦੧੯੦.੦੦ |
| ੧੦੬ ਅਮਾਨਤ ਕਿਰਾਇਆ ਤਖ਼ਤ ਸ੍ਰੀ ਕੇਸਗੜ ਸਾਹਿਬ | | | |
| ਸ੍ਰੀ ਅਨੰਦਪੁਰ | ੧੮੨੩ | | ੧੧੯੦.੦੦ |
| ੧੦੭ ਅਮਾਨਤ ਕਿਰਾਇਆ ਗੁ: ਸ੍ਰੀ ਲੱਧੇਵਾਲ ਸਾਹਿਬ | ੧੮੨੬ | | ੪੨੦.੦੦ |
| ੧੦੮ ਅਮਾਨਤ ਮੁਲਾਜਮ ਭਲਾਈ ਪ੍ਰਚਾਰਕ ਸਾਹਿਬਾਨ | ੧੮੨੯ | | ੨੯੦੦੦.੦੦ |
| ੧੦੯ ਪ੍ਰੋ: ਫੰਡ ਸਟਾਫ਼ | ੨੦੧੮ | ੧੭੬੪੮੦੦.੦੦ | ੧੭੬੪੮੦੦.੦੦ |
| ੧੧੦ ਕਰਜਾ ਪ੍ਰੋ: ਫੰਡ | ੨੦੩੮ | ੧੩੪੧੨੦.੦੦ | ੧੩੪੧੨੦.੦੦ |
| ੧੧੧ S.B A/c No.੬੫੦੩੮੬੦੦੪੯੦ SBP, | | | |
| ਬਾਗ ਜਲ੍ਹਿਆਂਵਾਲਾ, ਅੰਮ੍ਰਿਤਸਰ। | ੨੦੭੫ | ੧੧੭੩੮੧੭੩.੦੦ | ੧੨੬੫੬੪੧੨.੦੦ |
| ੧੧੨ S.B A/c No.੦੦੯੭੬੦੦੦/੦੦੦੭੦੧੨੭ | | | |
| PNB, ਬਾਗ ਜਲਿਆਂਵਾਲਾ, ਅੰਮ੍ਰਿਤਸਰ। | ੨੧੦੫ | ੪੮੦੭੫੬੨.੦੦ | ੬੭੬੪੩੩.੦੦ |
| ੧੧੩ S.B A/c No.੭੪੭੯੦੦੦/੦੦੦੦੮੭੩੨ | | | |
| PNB, ਸਰਾਂਏ, ਅੰਮ੍ਰਿਤਸਰ। | ੨੧੨੬ | ੧੧੪੬੦੭੪.੦੦ | ੫੬੩੨੭੮੪.੦੦ |
| ੧੧੪ S.B A/c No.੧੩੧੩੧੦੦੦੦੧੭੯੬੬ HDFC, | | | |

| | | | |
|---|---|---|---|
| ਗੋਲਡਨ ਟੈਂਪਲ, ਅੰਮ੍ਰਿਤਸਰ। | ੨੧੪੮ | ੧੬੭੦੫੮੯੦.੦੦ | ੧੦੫੮੦੮੬੪.੦੦ |
| ੧੧੫ S.B A/c No.੨੪੮੦ PSB, | | | |
| ਸਰਾਂਏ ਅੰਮ੍ਰਿਤਸਰ। | ੨੧੮੨ | ੧੦੫੦੦੯੫੭.੦੦ | ੫੨੯੦੩੧੪.੦੦ |
| ੧੧੬ S.B A/c No.੭੨੬੪ PSB, | | | |
| ਚੌਂਕ ਪ੍ਰਾਗਦਾਸ ਅੰਮ੍ਰਿਤਸਰ। | ੨੧੯੭ | ੧੧੪੯੫.੦੦ | ੩੨੪੦੦੦.੦੦ |
| ੧੧੭ S.B A/c No.੪੭੩੯ Corporation Bank, | | | |
| ਲਾਰੈਂਸ ਰੋਡ, ਅੰਮ੍ਰਿਤਸਰ। | ੨੨੨੯ | ੧੨੧੮.੦੦ | |
| ੧੧੮ S.B A/c No.੨੪੦੦੦ Indian Overseas Bank, | | | |
| ਹਾਲ ਬਜਾਰ, ਅੰਮ੍ਰਿਤਸਰ। | ੨੨੫੩ | | ੨੮੬੩੪.੦੦ |
| ੧੧੯ S.B A/c No.੨੧੯੨੧ Induslnd Bank, | | | |
| ਮਾਲ ਰੋਡ, ਅੰਮ੍ਰਿਤਸਰ। | ੨੨੬੪ | | ੨੦੦੦੦੦.੦੦ |
| ੧੨੦ S.B A/c No.੦੦੬੬੦੧੦੦੩੨੩੩ ICICI Bank, | | | |
| ਮਾਲ ਰੋਡ, ਅੰਮ੍ਰਿਤਸਰ। | ੨੨੭੫ | | ੧੦੦੦੦੨੩.੦੦ |
| ੧੨੧ S.B A/c No.੯੧੧੦੧੦੦੩੦੩੭੪੬੭੨ Axis Bank, | | | |
| ਕੋਰਟ ਰੋਡ, ਅੰਮ੍ਰਿਤਸਰ। | ੨੨੮੪ | ੭੪੯੪੩੮.੦੦ | ੪੨੨੪੭੮੪.੦੦ |
| ੧੨੨ S.B A/c No.੭੫੦੧੦੧੦੧੧੦੦੧੭੨੪ | | | |
| ਵਿਜੈ ਬੈਂਕ ਮਾਲਵੀਆ ਰੋਡ | ੨੨੯੦ | ੧੩੩੫੮.੦੦ | |
| ੧੨੩ S.B A/c No.੦੮੧੧੬੫੫੬੪੨ ਕੋਟਿਕ ਮਹਿੰਦਰਾ | | | |
| ਬੈਂਕ ਮਾਲ ਰੋਡ | ੨੩੦੭ | ੩੬੩੩੦੫੦.੦੦ | ੨੩੮੨੭੧੮.੦੦ |
| ੧੨੪ ਸੂਦ ਬੈਂਕਾਂ | ੨੩੭੩ | | ੪੮੬੧੯੩.੦੦ |
| ੧੨੫ ਕਮਿਸ਼ਨ ਬੈਂਕਾਂ | ੨੩੮੨ | ੨੩.੦੦ | |
| ੧੨੬ ਜਮਾਨਤ ਵਿਦਿਆਰਥੀਆਂ | ੨੪੧੧ | ੨੦੦੦੦.੦੦ | ੧੫੦੦੦.੦੦ |
| | **ਜੋੜ** | ੯੮੯੪੯੫੫੪.੦੦ | ੯੮੬੩੭੯੧੧.੦੦ |
| | **ਹੱਥ ਦੀ ਬਾਕੀ** | ੧੦੮੮੪੫੬.੦੦ | ੧੪੦੦੦੯੯.੦੦ |
| | **ਕੁਲ ਜੋੜ** | ੧੦੦੦੩੮੦੧੦.੦੦ | ੧੦੦੦੩੮੦੧੦.੦੦ |

ਸਹੀ/- ਸਹੀ/-

ਚੀਫ਼ ਅਕਾਊਂਟੈਂਟ, ਐਡੀ./ਸਕੱਤਰ,

ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।